# ਸਿਰਜਣਾ

ਅਪਰੈਲ-ਜੂਨ 2000 (ਅੰਕ 116)

**April- June 2000**

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ – 160022

1728, Sector 43-B, Chandigarh – 160022 India

ਤਾਰੀਕ –Date: 25-10-2014

# ਸਿਰਜਣਾ



ਅਪਰੈਲ-ਜੂਨ 2000

**116**

ਮੁੱਲ : 15 ਰੁਪਏ

# ਸਿਰਜਣਾ

116

ਅਪਰੈਲ-ਜੂਨ 2000

*

ਸੰਪਾਦਕ

ਰਘਬੀਰ ਸਿੰਘ

*

ਪਤਾ

1728, ਸੈਕਟਰ 43-B

ਚੰਡੀਗੜ੍ਹ - 160022

ਫੋਨ : (0172) 601693

**_SIRJANA_**

**_1728, Sector 43-B,_**

**_Chandigarh_**

**_Phone : (0172) 601693_**

**_E.mail : sirjana@glide.net.in_**

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-66


## ਇਸ ਅੰਕ ਵਿਚ


ਰਘਬੀਰ ਸਿੰਘ/ ਸੰਪਾਦਕੀ / ਪੰਜਾਬੀਅਤ ਤੇ ਪੰਜਾਬੀ ਪ੍ਰਤਿਭਾ ਦਾ ਮਾਣ/1

ਕਰਤਾਰ ਸਿੰਘ ਦੁੱਗਲ/ ਚਾਰ ਕਵਿਤਾਵਾਂ/2

ਸੁਖਵਿੰਦਰ ਅੰਮ੍ਰਿਤ/ ਦੋ ਗ਼ਜ਼ਲਾਂ/6

ਰਾਮਿੰਦਰ ਬੇਰੀ /ਪੰਜ ਗ਼ਜ਼ਲਾਂ/7

ਹਰਜਿੰਦਰ ਕੰਗ/ ਗ਼ਜ਼ਲ / 9

ਰਾਮ ਸਿੰਘ ਚਾਹਲ/ ਦੋ ਨਜ਼ਮਾਂ/ 10

ਅਮਰਜੀਤ ਢੁੱਡੀਕੇ / ਗ਼ਜ਼ਲ / 11

ਗੁਰਮੀਤ ਸਹੋਤਾ / ਗ਼ਜ਼ਲ / 11

ਬਲਵਿੰਦਰ ਸਿੰਘ ਗਰੇਵਾਲ /ਕਹਾਣੀ /ਯੁੱਧ-ਖੇਤਰ/12

ਤਰਲੋਚਨ ਸਿੰਘ ਭਾਟੀਆ / ਕਹਾਣੀ/ ਕੁਰੂਖੇਤਰ ਦੇ ਅੰਦਰ ਜਾਂ ਬਾਹਰ/31

ਗੁਲਜ਼ਾਰ ਸਿੰਘ ਸੰਧੂ /ਵਿਅਕਤੀ ਚਿੱਤਰ / ਉਜਲ ਦੁਸਾਂਝ ਬੀ. ਸੀ. ਵਾਲਾ /38

ਗਿਆਨ ਸਿੰਘ ਬੱਲ / ਨਿਬੰਧ/ ਕੀ ਸ਼ੰਕਰ ਅਚਾਰੀਆ ਦਾ ਅਦਵੈਤ-ਵੇਦਾਂਤ ਮਾਨਵਵਾਦੀ ਹੈ? / 45

ਪ੍ਰੀਤਮ ਸਿੰਘ/ ਨਿਬੰਧ / ਵੀਂਹਵੀਂ ਸਦੀ ਦਾ ਅੰਤਲਾ ਪੜਾ : ਪੰਜਾਬੀ ਸਾਹਿਤ ਅਤੇ ਪ੍ਰਗਤੀਵਾਦ / 58

ਰਘਬੀਰ ਸਿੰਘ / ਨਿਬੰਧ /ਹੁਣ ਤੋਂ ਪਹਿਲਾਂ ਦਾ ਕਵੀ -ਦੇਵ / 70

ਅਤੈ ਸਿੰਘ / ਰਿਵਿਊ / ਚੌਥੀ ਕੂਟ / 79

ਲਾਲ ਸਿੰਘ / ਰਿਵਿਊ / ਤੀਜਾ ਯੁੱਧ/ 81

ਚੰਦਰ ਮੋਹਨ / ਰਿਵਿਊ/ ਮੋਹ ਮਿੱਟੀ/ 84

ਗੁਰਇਕਬਾਲ ਸਿੰਘ / ਰਿਵਿਊ / ਇਖ਼ਲਾਕ ਗੁੰਮ ਹੈ/86

ਜਸਬੀਰ / ਰਿਵਿਊ / ਧਰਮ ਗੁਰੂ/ 87, ਜੁਆਲਾਮੁਖੀ/ 89

ਸੁਕੀਰਤ, ਲਾਲ ਸਿੰਘ, ਗ.ਸ. ਬੱਲ / ਪੱਤਰ /91



**ਟਾਈਟਲ ਚਿੱਤਰ : ਦੇਵ**

**ਵਾਰਸ਼ਿਕ ਚੰਦਾ-ਦੇਸ : 60 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ: 75 ਰੁਪਏ**

**ਬਦੇਸ-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ**




# ਪੰਜਾਬੀਅਤ ਤੇ ਪੰਜਾਬੀ ਪ੍ਰਤਿਭਾ ਦਾ ਮਾਣ

ਉਜਲ ਦੁਸਾਂਝ ਦਾ ਕੈਨੇਡਾ ਦੇ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਦਾ ਪ੍ਰੀਮੀਅਰ ਬਣਨਾ ਅਤੇ ਗੁਰਦਿਆਲ ਸਿੰਘ ਨੂੰ ਗਿਆਨਪੀਠ ਪੁਰਸਕਾਰ ਪ੍ਰਾਪਤ ਹੋਣਾ ਦੋ ਅਜਿਹੀਆਂ ਘਟਨਾਵਾਂ ਹਨ ਜਿਹਨਾਂ ਦਾ ਪ੍ਰਗਟ ਤੌਰ 'ਤੇ ਆਪਸ ਵਿਚ ਕੋਈ ਸੰਬੰਧ ਨਹੀਂ ਜੁੜਦਾ। ਐਪਰ ਇਹ ਦੋਵੇਂ ਹੀ ਘਟਨਾਵਾਂ ਪੰਜਾਬੀ ਪ੍ਰਤਿਭਾ ਨੂੰ ਪਛਾਨਣ ਅਤੇ ਪੰਜਾਬੀਅਤ ਦਾ ਮਾਣ ਵਧਾਉਣ ਨਾਲ ਜੁੜੀਆਂ ਹੋਈਆਂ ਖੁਸ਼ਗਵਾਰ ਘਟਨਾਵਾਂ ਹਨ ਅਤੇ ਇਸ ਲਈ ਇਕੋ ਕੜੀ ਦੇ ਅੰਗ ਵਜੋਂ ਵੇਖੀਆਂ ਜਾ ਸਕਦੀਆਂ ਹਨ।

ਸਦੀ ਦੇ ਸ਼ੁਰੂ ਵਿਚ ਚੰਗੇਰੇ ਰੋਜ਼ਗਾਰ ਦੀ ਭਾਲ ਵਿਚ ਤੁਰੇ ਪੰਜਾਬੀ ਮੁਸਾਫਰਾਂ ਨਾਲ ਲੱਦੇ ਕਾਮਾਗਾਟਾਮਾਰੂ ਨਾਂ ਦੇ ਜਹਾਜ਼ ਨੂੰ ਵੈਨਕੂਵਰ ਵਿਚ ਕੰਢੇ ਨਹੀਂ ਸੀ ਲੱਗਣ ਦਿੱਤਾ ਗਿਆ। ਇਸ ਜਹਾਜ਼ ਦੇ ਮੁਸਾਫ਼ਰਾਂ ਦੀਆਂ ਦੁਸ਼ਵਾਰੀਆਂ ਨਾਲ ਜੁੜਿਆ ਸਾਕਾ ਇਕ ਵੱਡੇ ਇਤਿਹਾਸਕ ਦੁਖਾਂਤ ਵਜੋਂ ਜਾਣਿਆ ਜਾਂਦਾ ਹੈ। ਸਦੀ ਦੇ ਅੰਤ ਉਤੇ ਉਹਨਾਂ ਹੀ ਪੰਜਾਬੀਆਂ ਦਾ ਕੋਈ ਪੋਤਾ-ਦੋਹਤਾ, ਉਜਲ ਦੁਸਾਂਝ ਦੇ ਰੂਪ ਵਿਚ, ਕੈਨੇਡਾ ਦੀ ਉਸੇ ਧਰਤੀ ਉਤੇ ਪ੍ਰੀਮੀਅਰ ਬਣ ਗਿਆ ਹੈ ਜਿਥੇ ਪਰਵਾਸ ਧਾਰਨ ਦੇ ਇੱਛਕ ਪੰਜਾਬੀਆਂ ਨੂੰ ਆਉਣ ਤੋਂ ਰੋਕਿਆ ਗਿਆ ਸੀ। ਇਤਿਹਾਸਕ ਮਹੱਤਵ ਦੀ ਇਸ ਘਟਨਾ ਪਿੱਛੇ ਉਜਲ ਦੁਸਾਂਝ ਦੀ ਨਿੱਜੀ ਪ੍ਰਤਿਭਾ ਦਾ ਦਖ਼ਲ ਤਾਂ ਅਵੱਸ਼ ਹੀ ਹੈ ਪਰ ਵਡੇਰੇ ਪ੍ਰਸੰਗ ਵਿਚ ਇਹ ਉਸ ਪੰਜਾਬੀ ਚਰਿੱਤਰ ਦੀ ਪਛਾਣ ਦੀ ਸੂਚਕ ਹੈ ਜਿਸ ਵਿਚ ਮਿਹਨਤ, ਸੰਘਰਸ਼, ਸਿਰੜ ਤੇ ਦਲੇਰੀ ਉਭਰ ਕੇ ਸਾਹਵੇਂ ਆਉਂਦੇ ਹਨ। ਉਜਲ ਦੁਸਾਂਝ ਦੇ ਪ੍ਰੀਮੀਅਰ ਬਣਨ ਉਤੇ ਸੰਸਾਰ ਭਰ ਵਿਚ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਵਾਜਬ ਤੌਰ 'ਤੇ ਹੁਲਾਰਾ ਮਿਲਿਆ ਹੈ।

ਗੁਰਦਿਆਲ ਸਿੰਘ ਪੰਜਾਬੀ ਦਾ ਇਕ ਬਹੁ-ਸਤਿਕਾਰਤ ਅਤੇ ਬਹੁ-ਸਨਮਾਨਤ ਲੇਖਕ ਹੈ। ਪੰਜਾਬੀ ਸਾਹਿਤ-ਸਿਰਜਣਾ ਦੇ ਜਗਤ ਵਿਚ ਸਾਢੇ ਤਿੰਨ ਕੁ ਦਹਾਕੇ ਪਹਿਲਾਂ ਉਸ ਦੀ ਆਮਦ ਇਕ ਅਜਿਹਾ ਵਰਤਾਰਾ ਸੀ ਜਿਸ ਨੇ ਸਮੁੱਚਾ ਸਾਹਿਤਕ ਸੀਂਦ੍ਰਿਸ਼ ਬਦਲ ਕੇ ਰੱਖ ਦਿੱਤਾ ਸੀ। ਪੰਜਾਬੀ ਗਲਪ ਸਾਹਿਤ ਨੂੰ ਮੱਧ-ਵਰਗੀ ਚੇਤਨਾ ਤੇ ਅਨੁਭਵ ਦੀ ਸੀਮਾ ਉਲੰਘ ਕੇ ਕਿਰਤੀਆਂ, ਕਾਮਿਆਂ ਦੇ ਵਸਤੂਗਤ ਸੰਸਾਰ ਵਿਚ ਪ੍ਰਵੇਸ਼ ਕਰਾਉਣ ਦਾ ਸਿਹਰਾ ਗੁਰਦਿਆਲ ਸਿੰਘ ਦੇ ਸਿਰ ਬੱਝਿਆ ਸੀ, ਜਦੋਂ ਉਸ ਨੇ ਜਗਸੀਰ ਤੇ ਬਿਸ਼ਨੇ ਵਰਗੇ ਚਰਿੱਤਰ ਸਾਹਵੇਂ ਲਿਆਂਦੇ ਸਨ। ਭਾਸ਼ਾ ਅਤੇ ਸ਼ਿਲਪ ਉਤੇ ਪੂਰਨ ਅਧਿਕਾਰ ਰੱਖਣ ਵਾਲੇ ਇਸ ਲੇਖਕ ਨੂੰ 'ਅਣਹੋਇਆਂ ਦਾ ਮੁਦਈ' ਆਖਿਆ ਗਿਆ ਹੈ। ਆਪਣੀ ਹਰ ਰਚਨਾ ਵਿਚ ਉਸਨੇ ਯਥਾਰਥ-ਅਨੁਭਵ ਦੀ ਕਲਾਤਮਕ ਪੇਸ਼ਕਾਰੀ ਦੇ ਨਵੇਂ ਮਿਆਰ ਕਾਇਮ ਕੀਤੇ ਹਨ। ਉਸ ਦੀ ਰਚਨਾਤਮਕ ਪ੍ਰਾਪਤੀ ਦੀ ਸਮੇਂ-ਸਮੇਂ ਉਚਿਤ ਭਾਂਤ ਕਦਰਦਾਨੀ ਵੀ ਹੁੰਦੀ ਰਹੀ ਹੈ, ਜਿਸ ਸਦਕਾ ਅਨੇਕਾਂ ਉਚ ਪੱਧਰ ਦੇ ਮਾਣ-ਸਨਮਾਨ ਉਸ ਦੀ ਝੋਲੀ ਪਏ ਹਨ। ਗਿਆਨਪੀਠ ਦਾ ਪੁਰਸਕਾਰ ਇਸ ਕਦਰਦਾਨੀ ਦੀ ਸਿਖ਼ਰ ਹੈ। ਇਹ ਪੁਰਸਕਾਰ ਗੁਰਦਿਆਲ ਸਿੰਘ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀ ਰਾਸ਼ਟਰੀ ਪੱਧਰ ਉਤੇ ਪਛਾਣ ਦਾ ਵੀ ਸੂਚਕ ਹੈ।

ਪੰਜਾਬੀ ਪ੍ਰਤਿਭਾ ਦੀ ਵੱਖ-ਵੱਖ ਦਾਇਰਿਆਂ ਵਿਚ ਪਛਾਣ ਕਰਵਾਉਣ ਵਾਲੀਆਂ ਇਹਨਾਂ ਦੋਨਾਂ ਸ਼ਖ਼ਸੀਅਤਾਂ, ਉਜਲ ਦੁਸਾਂਝ ਅਤੇ ਗੁਰਦਿਆਲ ਸਿੰਘ, ਨੂੰ ਉਹਨਾਂ ਦੀ ਪ੍ਰਾਪਤੀ ਉਤੇ ਅਸੀਂ ਹਾਰਦਿਕ ਮੁਬਾਰਕ ਦਿੰਦੇ ਹਾਂ। ਸਾਨੂੰ ਖੁਸ਼ੀ ਹੈ ਕਿ ਇਹਨਾਂ ਸ਼ਖ਼ਸੀਅਤਾਂ ਦੇ ਰੂਪ ਵਿਚ ਪੰਜਾਬੀ ਚਰਿੱਤਰ ਦਾ ਉਹੀ ਪੱਖ ਸਾਹਮਣੇ ਆਉਂਦਾ ਹੈ ਜਿਸ ਵਿਚ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਦਾ ਬੋਲਬਾਲਾ ਹੈ, ਜਿਸ ਵਿਚ ਸੰਕੀਰਣਤਾ ਲਈ ਕੋਈ ਥਾਂ ਨਹੀਂ ਅਤੇ ਜਿਸ ਵਿਚ ਵਿਸ਼ਵ ਭਾਈਚਾਰੇ ਦਾ ਸਿਹਤਮੰਦ ਅੰਗ ਬਣਨ ਦੀ ਅਸੀਮ ਸਮਰੱਥਾ ਹੈ।

-ਰਘਬੀਰ ਸਿੰਘ

# ਚਾਰ ਕਵਿਤਾਵਾਂ

**ਕਰਤਾਰ ਸਿੰਘ ਦੁੱਗਲ**

## 1. ਜੇ ਤੂ ਵਤਹਿ ਅੰਙਣੇ

ਜੇ ਤੂ ਵਤਹਿ ਅੰਙਣੇ ਹਭ ਧਰਤ ਸੁਹਾਵੀ ਹੋਇ।
''ਪੁਰਖਾਂ ਬਿਰਖਾਂ ਤੀਰਥਾਂ, ਤਟਾਂ ਮੇਘਾਂ ਖੇਤਾਂਹ
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਹ
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।''
''ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ''
''ਦੀਦਨੇ ਦੀਦਾਰ ਸਾਹਿਬ'' ਕਰਣ ਡੰਡੌਤ ਖਲੋਇ।
ਜੇ ਤੂ ਵਤਹਿ ਅੰਙਣੇ ਹਭ ਧਰਤ ਸੁਹਾਵੀ ਹੋਇ।

''ਕਲ ਕਾਤੀ ਰਾਜੇ ਕਾਸਾਈ
ਧਰਮ ਪੰਖ ਕਹਿ ਉਡਰਿਆ।
ਕੂੜ ਅਮਾਵਸ ਸਚ ਚੰਦਰਮਾ
ਦੀਸੈ ਨਾਹੀ ਕਹ ਚੜਿਆ।
ਹਉ ਭਾਲ ਵਿਕੁੰਨੀ ਹੋਈ
ਆਧੇਰੈ ਰਾਹੁ ਨ ਕੋਈ।''
ਆਉ ਸਜਣੁ ਤੂ ਮੁਖਿ ਲਗੁ
ਭੁਰ ਗਛਸਣ ਇਹ ਟਿੱਬੇ, ਮਹਾੜੇ
ਭਰੀ ਵੰਞਸਣ ਇਹ ਟੋਏ।
ਜੇ ਤੂ ਵਤਹਿ ਅੰਙਣੇ ਹਭ ਧਰਤ ਸੁਹਾਵੀ ਹੋਇ।

''ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆਂ।''
''ਗਾਵਨਿ ਗੋਪੀਆਂ, ਗਾਵਨਿ ਕਾਨ
ਗਾਵਨਿ ਸੀਤਾ ਰਾਜੇ ਰਾਮ।''
ਤੈਂਢੀ ਰਹਿਮਤ ਝਿੰਮ-ਝਿੰਮ, ਝਿੰਮ-ਝਿੰਮ,
ਅੰਮ੍ਰਿਤ ਘੁਲ-ਘੁਲ ਚੋਇ,
''ਹਿਕਸੁ ਕੰਤੇ ਬਾਹਰੀ ਮੈਂਡੀ ਵਾਤ ਨ ਪੁਛੈ ਕੋਇ।''
ਜੇ ਤੂ ਵਤਹਿ ਅੰਙਣੇ ਹਭ ਧਰਤ ਸੁਹਾਵੀ ਹੋਇ।

## 2. ਨਦੀ ਤੂੰਡੜੀ ਮੈਡਾ ਖੋਜ ਨਾ ਖੁੰਭੈ

ਲਖ ਚੌਰਾਸੀ ਭੋਗ ਕੇ ਆਏ
ਸਾਡੀ ਪਹਿਲੀ ਨਹੀਂ ਇਹ ਫੇਰੀ।
ਅਲਮਲ ਖਾਈ ਸਿਰ ਛਾਈ ਪਾਈ
ਅਸੀਂ ਛਾਣੀ ਖ਼ਾਕ ਬਥੇਰੀ।



ਦੁਚਿਤੇ ਕੀ ਦੁਇ ਬੁਨਿ ਗਿਰਾਨੀ
ਕੋਈ ਝੁਲੀ ਜਹੀ ਹਨੇਰੀ।

ਭਗਤ ਵਛਲ ਹੈ ਬ੍ਰਿਧ ਤੁਮਹਾਰਾ
ਲਾਜ ਰਾਖ ਪ੍ਰਭ ਮੇਰੀ।

ਕਾਟਿ ਜੇਵਰੀ ਕੀਓ ਦਾਸਰੋ
ਤੈਡੇ ਚਰਨਨ ਕੀ ਹਉ ਚੇਰੀ।

ਸੁਤ ਅਪ੍ਰਾਧ ਕਰਤ ਹੈ ਜੇਤੇ
ਜਨਨੀ ਚੀਤ ਨ ਰਖੇ ਇਕੇਰੀ।

''ਨਦੀ ਤੂੰਡੜੀ ਮੈਡਾ ਖੋਜ ਨ ਖੁੰਭੈ
''ਮੰਝਿ ਮੁਹੱਬਤ ਤੇਰੀ।

''ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ
''ਹਰਿ ਨਾਨਕ ਤੁਲਹਾ ਬੇਰੀ।''

## 3. ਪਾਪ ਪੁੰਨ ਹਮਰੇ ਵਸਿ ਨਾਹਿ

ਸੁੰਨ ਅਗੇ, ਸੁੰਨ ਪਿੱਛੇ, ਸੁੰਨ ਉਪਰ, ਸੁੰਨ ਹੇਠਾਂ
ਸੁੰਨ ਵਿਚ ਸੀ ਤੁਸੀਂ ਬਿਰਾਜੇ, ਕਲ-ਮੁਕੱਲੇ
ਨਾ ਕੋਈ ਸੁਫਨਾ, ਨਾ ਕੋਈ ਲੋਚਾ, ਨਾ ਕੋਈ ਮੰਜ਼ਲ, ਨਾਹੀ ਬਿਗੋਚਾ,
ਨਾ ਉਡੀਕ, ਨਾ ਕਿਸੇ ਨੇ ਆਉਣਾ, ਆਪ- ਆਪਣਾ ਮਨ ਰੀਝਾਣਾ
ਆਪ-ਆਪਣੇ ਨਾਲ ਹੀ ਗੱਲਾਂ, ਆਪ- ਆਪਣੇ ਨਾਲ ਮੁਹੱਬਤ
ਆਪ - ਆਪਣੇ ਨਾਲ ਹੀ ਰੁੱਸਣਾ, ਆਪ - ਆਪਣੇ ਨੂੰ ਸਮਝਾਣਾ
ਆਪ - ਆਪਣੇ ਨੂੰ ਵਰਚਾਣਾ, ਆਪੇ ਸੌਣਾ, ਆਪ ਜਾਗਣਾ
ਆਪੇ ਖਟਣਾ, ਆਪ ਖਾਉਣਾ
ਨਾ ਵੰਡਣਾ, ਨਾ ਹੱਥ ਵਟਾਉਣਾ
ਆਪ ਮੁਸਕਾਉਣਾ, ਆਪ ਹੀ ਹੱਸਣਾ, ਹੱਸ ਹੱਸਕੇ ਆਪੇ ਰੁਕ ਜਾਣਾ
ਅੱਗੇ ਤੱਕਣਾ, ਪਿੱਛੇ ਤੱਕਣਾ
ਸੁੰਨ ਦਾ ਜਿਉਂ ਮੂੰਹ ਚੜ੍ਹਾਉਣਾ
ਇਕ ਇਕੱਲਾ ਥੋਥਾ ਹਾਸਾ
''ਆਪੇ ਹੱਸੇ, ਆਪੇ ਚਿਤਵੇ
ਆਪੇ ਚੰਨ, ਆਪ ਪਰਗਾਸਾ।''
ਥੱਕ ਹਾਰਕੇ ਇਕ ਦਿਨ ਥੋੜਾ
ਆਪਣੇ ਵਿਹੜੇ ਬਾਗ਼ ਲਵਾਣਾ
ਫੁੱਲ ਬੀਜਣਾ, ਫਲ ਰੋਪਣਾ
ਫੁੱਲਾਂ ਖਿੜਨਾ, ਖਿੜ ਖਿੜ ਝੜਨਾ
ਫਲਾਂ ਪੱਕਣਾ, ਪੱਕ ਪੱਕ ਸੜਨਾ

ਫੁੱਲ ਫੁੱਲਾਂ ਦਾ ਮੂੰਹ ਵੇਖਦੇ
ਫਲ ਫਲਾਂ ਵੱਲ ਰਹਿਣ ਝਾਕਦੇ
ਦਿਨ ਚੜ੍ਹਦੇ ਦਿਨ ਲਹਿੰਦੇ ਰਹਿੰਦੇ
ਰੁੱਤਾਂ ਆਵਣ, ਰੁੱਤਾਂ ਜਾਵਣ
''ਆਦਿ ਜੁਗਾਦਿ, ਸਰੂਪ ਸੁਯੰਭਵ!''
ਇਕ ਦਿਨ ਥੋੜੇ ਮਨ ਵਿਚ ਆਈ
''ਨਿਰੰਕਾਰ, ਨ੍ਰਿਬਿਕਾਰ, ਨ੍ਰਿਲੰਭ,
''ਆਦਿ, ਅਨੀਲ, ਅਨਾਦਿ, ਅਸੰਭਵ।''
(ਤੁਸੀਂ) ਬੈਠੇ ਬੈਠੇ ਖੇਡ ਰਚਾਈ
ਰੁੱਗ ਭਰਕੇ ਮਿੱਟੀ ਦਾ ਖੱਬੇ, ਰੁੱਗ ਭਰਕੇ ਮਿੱਟੀ ਦਾ ਸੱਜੇ
ਨਰ ਨਾਰ ਦੀ ਜੋਗ ਬਣਾਈ
ਤਾਂ ਜੇ ਰਲਕੇ ਖੇਡਣ ਖਾਣ, ਹੱਸਣ, ਕੁੱਦਣ, ਨੱਚਣ, ਗਾਣ,
ਹਵਾ ਬਾਗ਼ ਵਿਚ ਪੀਂਘਾਂ ਪਾਵੇ, ਆਦਮ ਉਹਨੂੰ ਦਏ ਝੁਲਾਵੇ
ਜਿਥੇ ਚਾਹੁਣ ਬੈਠਣ, ਉਠਣ, ਲੜਨ, ਝਗੜਨ, ਮੰਨਣ, ਰੁੱਸਣ
ਜਿਸ ਵੱਲ ਮਨ ਕਰੇ ਤੁਰ ਜਾਣ, ਜੋ ਜੀਅ ਆਏ ਪੀਵਣ ਖਾਣ
ਇਕ ਵਰਜਿਤ ਸੀ ਅੰਬ ਦਾ ਖਾਣਾ, ਅੰਬੀ ਦੇ ਨੇੜੇ ਤਕ ਜਾਣਾ
ਸੁਣਕੇ ਆਦਮ ਸਿਰ ਨਿਵਾਇਆ
ਪਰ ਹਵਾ ਦੇ ਮਨ ਵਿਚ ਆਇਆ
ਆਖ਼ਰ ਇਹ ਕੀ ਬੰਦਸ਼ ਹੋਈ ?, ਅੰਬ ਕਿਉਂ ਨਾ ਖਾਏ ਕੋਈ ?
ਪਹਿਲੀ ਫੁਰਸਤ ਉਸ ਅੰਬ ਲਾਹਿਆ
ਆਪ ਵੀ ਖਾਧਾ, ਆਦਮ ਨੂੰ ਖਵਾਇਆ
ਅੰਬ ਦਾ ਚੱਖਣਾ ਜਿਉਂ ਤਾਰਾ ਟੁੱਟਿਆ
ਅੰਬ ਦਾ ਚੱਖਣਾ ਜਿਉਂ ਝਰਨਾ ਫੁਟਿਆ
ਅੰਬ ਦਾ ਚੱਖਣਾ ਜਿਉਂ ਝੱਖੜ ਝੁੱਲਿਆ
ਅੰਬ ਦਾ ਚੱਖਣਾ ਜਿਉਂ ਬੱਦਲ ਡੁਲ੍ਹਿਆ
ਆਦਮ ਹਵਾ, ਹਵਾ ਤੇ ਆਦਮ
ਇਕ ਦੂਜੇ ਤੋਂ ਪਏ ਸ਼ਰਮਾਵਣ
ਨੰਗ-ਮੁਨੰਗਾ ਅੰਗ ਅੰਗ ਆਪਣਾ, ਇਕ ਦੂਜੇ ਤੋਂ ਪਏ ਲੁਕਾਵਣ
ਛਾਲ ਰੁੱਖਾਂ ਦੀ ਜੋੜ-ਜਾੜਕੇ, ਆਦਮ ਗਲ ਵਿਚ ਚੋਲਾ ਪਾਇਆ
ਹਰੇ, ਪੀਲੇ ਪੱਤਿਆਂ ਦਾ ਭੋਛਣ, ਹਵਾ ਨੇ ਆਪਣੇ ਲਈ ਬਣਾਇਆ
ਤਾਂ ਵੀ ਨਿੱਕੇ-ਨਿੱਕੇ ਪਏ ਹੋਣ, ਪਿਹਲੀਆਂ ਵਾਂਗ ਪਰਸਿਉ ਚੋਣ
ਅਗਲੀ ਸੁਬ੍ਹ ਜਾਂ ਰੱਬ ਜੀ ਆਏ, ਹੱਥ ਜੋੜ ਦੋਏ ਪੈਰੀਂ ਪਾਇ।
ਜਉ ਛੂਟਉ ਤਉ ਜਾਇ ਪਇਆਲ।
ਜਉ ਕਾਢਉ ਤਉ ਨਦਰ ਨਿਹਾਲ।
ਪਾਪ ਪੁੰਨ ਹਮਰੈ ਵਸਿ ਨਾਹਿ। ○○

[ਪੀ-7, ਹੌਜ਼ ਖਾਜ ਐਨਕਲੇਵ, ਨਵੀਂ ਦਿੱਲੀ]



## ਦੋ ਗ਼ਜ਼ਲਾਂ/ ਸੁਖਵਿੰਦਰ ਅੰਮ੍ਰਿਤ

1 ਖ਼ਿਜ਼ਾਂ ਦੇ ਦੌਰ ਵਿਚ ਵੀ ਇਕ ਪੱਤੀ ਪੁੰਗਰਦੀ ਵੇਖੋ
ਤੇ ਉਸ ਦੀ ਮਹਿਕ ਨੂੰ ਚੁੱਪ-ਚਾਪ ਹਰ ਥਾਂ ਬਿਖ਼ਰਦੀ ਵੇਖੋ

ਨਿਗਾਹ ਮੇਰੀ 'ਚ ਵੇਖੋ ਮਚਲਦਾ ਇਕ ਸ਼ੌਕ ਮੰਜ਼ਿਲ ਦਾ
ਮੇਰੇ ਰਾਹਾਂ 'ਚ ਇਕ ਦੀਵਾਰ ਵੀ ਪਰ ਉਸਰਦੀ ਵੇਖੋ

ਕਦੇ ਫਿਰ ਵੇਖਣਾ ਮੈਨੂੰ ਗਗਨ 'ਤੇ ਤਾਰਿਆਂ ਵਾਂਗੂੰ
ਨਦੀ ਬਣ ਕੇ ਪਹਾੜਾਂ ਤੋਂ ਅਜੇ ਪਰ ਉਤਰਦੀ ਵੇਖੋ

ਕਿਧਰ ਚੱਲੇ ਹੋ ਗੰਧਲੇ ਪਾਣੀਆਂ ਵਿਚ ਡੋਬ ਕੇ ਮੈਨੂੰ
ਜ਼ਰਾ ਠਹਿਰੋ, ਕੰਵਲ ਬਣ ਕੇ ਸਤਹ 'ਤੇ ਉਭਰਦੀ ਵੇਖੋ

ਮੇਰੇ ਮੱਥੇ 'ਚੋਂ ਵੇਖੋ ਉਗਮਦੀ ਇਕ ਕਿਰਨ ਸੂਰਜ ਦੀ
ਤੇ ਇਕ ਪ੍ਰਭਾਤ ਮੇਰੇ ਅੰਬਰਾਂ 'ਤੇ ਪਸਰਦੀ ਵੇਖੋ

ਨਿਹਾਰੋ ਨਾ ਇਹ ਨਾਜ਼ੁਕ ਪੈਰ, ਪਰਖੋ ਹੌਸਲਾ ਮੇਰਾ
ਤੇ ਇਸ ਛਾਂ-ਹੀਣ ਸਹਿਰਾ 'ਚੋਂ ਸਲਾਮਤ ਗੁਜ਼ਰਦੀ ਵੇਖੋ

ਮੈਂ ਜਿਸ ਖ਼ਾਤਰ ਸੁਲਗਦੇ ਪੈਂਡਿਆਂ ਨੂੰ ਪਾਰ ਕੀਤਾ ਹੈ
ਉਸੇ ਦੀ ਰੌਸ਼ਨੀ ਵਿਚ ਮੋਮ ਵਾਂਗੂੰ ਪੰਘਰਦੀ ਵੇਖੋ

ਮੇਰੀ ਹਸਤੀ ਜੋ ਕੱਲ੍ਹ ਤਕ ਸਿਰਫ਼ ਇਕ ਮਿੱਟੀ ਦੀ ਢੇਰੀ ਸੀ
ਹੈ ਚੜ੍ਹ ਕੇ ਇਸ਼ਕ ਦੇ ਚੱਕ 'ਤੇ ਕਿਵੇਂ ਅੱਜ ਸੰਵਰਦੀ ਵੇਖੋ

2 ਮੇਰੇ ਵਿਹੜੇ 'ਚ ਸੰਘਣਾ ਹਨੇਰਾ ਰਿਹਾ, ਮੇਰਾ ਦੀਵੇ ਤੋਂ ਸੱਖਣਾ ਬਨੇਰਾ ਰਿਹਾ
ਮੈਨੂੰ ਬਣ ਕੇ ਸ਼ਮ੍ਹਾ ਖ਼ੁਦ ਹੀ ਬਲਣਾ ਪਿਆ, ਦੂਰ ਨਜ਼ਰਾਂ ਤੋਂ ਕਿਧਰੇ ਸਵੇਰਾ ਰਿਹਾ
ਮੇਰੀ ਤੱਕਣੀ 'ਤੇ ਪਹਿਰੇ ਬਿਠਾਏ ਗਏ, ਲੰਮੇ ਘੁੰਘਟ 'ਚ ਅੱਥਰੂ ਛੁਪਾਏ ਗਏ
ਮੇਰਾ ਦਰਜਾ ਤਾਂ ਮਿੱਟੀ ਬਰਾਬਰ ਸੀ ਪਰ, ਮੇਰੇ ਨੈਣਾਂ ਦਾ ਸੁਪਨਾ ਉਚੇਰਾ ਰਿਹਾ
ਰਹਿਣਾ ਕੰਧਾਂ ਦੇ ਓਹਲੇ ਸਿਖਾਇਆ ਗਿਆ, ਸੋਨੇ ਚਾਂਦੀ ਦੇ ਸੰਗ ਵੀ ਵਰਾਇਆ ਗਿਆ
ਮੇਰੇ ਪੈਰਾਂ 'ਚ ਪਾਇਲ ਦੀ ਬੇੜੀ ਰਹੀ, ਮੇਰੀ ਮੰਜ਼ਿਲ ਦਾ ਰਸਤਾ ਲੰਮੇਰਾ ਰਿਹਾ
ਸੱਭੇ ਨੱਥਾਂ-ਨਕੇਲਾਂ ਮੈਂ ਲਾਹ ਮਾਰੀਆਂ, ਹੱਥ-ਕੜੀਆਂ ਵੀ ਕਿਧਰੇ ਵਗਾਹ ਮਾਰੀਆਂ
ਕਰ ਕੇ ਬੂਹਿਆਂ ਦੇ ਟੋਟੇ ਰਿਹਾ ਹੋ ਗਈ, ਸ਼ੋਰ ਕੰਧਾਂ 'ਚ ਮੱਚਦਾ ਬਥੇਰਾ ਰਿਹਾ
ਔਖੇ ਰਾਹਾਂ ਨੂੰ ਏਦਾਂ ਮੈਂ ਸਰ ਕਰ ਗਈ, ਹਰ ਇਕ ਪੱਥਰ 'ਤੇ ਅਪਣਾ ਨਿਸ਼ਾਂ ਧਰ ਗਈ
ਉਹਨਾਂ ਸੱਪਾਂ ਦੇ ਸਿਰ ਮੈਨੂੰ ਮਿੱਧਣੇ ਪਏ, ਮੇਰੇ ਰਾਹਾਂ 'ਚ ਜਿਹਨਾਂ ਦਾ ਡੇਰਾ ਰਿਹਾ
ਮੈਥੋਂ ਚਾਨਣ ਦੀ ਸੱਧਰ ਨਾ ਮਾਰੀ ਗਈ, ਨਾ ਹੀ ਰਾਤਾਂ ਦੀ ਵਲਗਣ ਸਹਾਰੀ ਗਈ
ਬਣ ਕੇ ਸੂਰਜ ਮੈਂ ਆਖ਼ਰ ਉਦੈ ਹੋ ਗਈ, ਹੋ ਕੇ ਹੈਰਾਨ ਤੱਕਦਾ ਚੁਫ਼ੇਰਾ ਰਿਹਾ ○○

[845- ਆਈ, ਭਾਈ ਰਣਜੀਤ ਸਿੰਘ ਨਗਰ, ਲੁਧਿਆਣਾ - 141 004]

# ਪੰਜ ਗ਼ਜ਼ਲਾਂ

## ਰਾਮਿੰਦਰ ਬੇਰੀ

**1**

ਕਲ੍ਹ ਏਹੋ ਮੇਰੇ ਦਰ 'ਤੇ ਬਣ ਕੇ ਸੀ ਕਾਲ ਆਇਆ।
ਅਜ ਜੋ ਹਜੂਮ ਮੇਰੀ ਮਈਅਤ ਦੇ ਨਾਲ ਆਇਆ।

ਸਦੀਆਂ ਤੋਂ ਏਥੇ ਹੋਲੀ ਹੈ ਖ਼ੂਨ ਦੀ ਹੀ ਚਲਦੀ,
ਇਹ ਕੌਣ ਹੈ ਜੋ ਮੂਰਖ਼ ਲੈ ਕੇ ਗੁਲਾਲ ਆਇਆ।

ਭਰਿਆ ਹੈ ਵੇਖੋ ਕਿੰਨਾ ਹੁੰਮਸ ਫ਼ਿਜ਼ਾਵਾਂ ਅੰਦਰ,
ਬਚ ਕੇ ਹਵਾ ਦਾ ਬੁੱਲਾ ਵੀ ਵਾਲ ਵਾਲ ਆਇਆ।

ਨਾਯਾਬ ਕਰ ਰਿਹਾ ਹੈ ਮੁਸਕਾਨ ਚਿਹਰਿਆਂ ਦੀ,
ਹੈ ਰਿਸ਼ਤਿਆਂ ਦੇ ਜੰਗਲ ਵਿਚ ਜੋ ਭੂਚਾਲ ਆਇਆ।

ਪਹਿਰਾ ਲਗਾ ਕੇ ਰੱਖੋ ਸੱਤਾ ਦਾ ਉਹ ਸ਼ਿਕਾਰੀ,
ਲੈ ਕੇ ਹਮੇਸ਼ਾਂ ਵਾਂਗਰ ਸ਼ਬਦਾਂ ਦਾ ਜਾਲ ਆਇਆ।

ਮਾਰੀ ਨਹੀਂ ਨਿਗ੍ਹਾ ਬਸ ਇਕ ਆਪਣੇ ਹੀ ਅੰਦਰ,
ਬੰਦਾ ਖੁਦਾ ਨੂੰ ਕਿੱਥੋਂ ਕਿੱਥੋਂ ਹੈ ਭਾਲ ਆਇਆ।

**2**

ਆਪਣੇ ਕਿਰਦਾਰ ਤੋਂ ਉਹ ਖ਼ੌਫ਼ ਖਾਇਆ ਕਰਨਗੇ।
ਆਪਣੇ ਅੰਦਰ ਜਦੋਂ ਵੀ ਝਾਤ ਪਾਇਆ ਕਰਨਗੇ।

ਖੁਦ ਤੋਂ ਹੀ ਆਪਣਾ ਚਿਹਰਾ ਛੁਪਾਇਆ ਕਰਨਗੇ।
ਸਾਮ੍ਹਣੇ ਜਦ ਵੀ ਕਦੇ ਸ਼ੀਸ਼ੇ ਦੇ ਆਇਆ ਕਰਨਗੇ।

ਪੈ ਗਈ ਜੇ ਵਕਤ ਦੀ ਵੰਗਾਰ ਤਾਂ ਲੱਗੂ ਪਤਾ,
ਸਿਰ ਤਲੀ 'ਤੇ ਰੱਖ ਕੇ ਕਿੰਨੇ ਕੁ ਆਇਆ ਕਰਨਗੇ।

ਰੁੱਖ ਜੇ ਇਉਂ ਹੀ ਸਜਾਵਟ ਦੀ ਬਲੀ ਚੜ੍ਹਦੇ ਰਹੇ,
ਫੇਰ ਪੰਛੀ ਆਲ੍ਹਣੇ ਕਿੱਥੇ ਬਣਾਇਆ ਕਰਨਗੇ।

ਕਰਨਗੇ ਤਬਦੀਲ ਉਹ ਕਬਰਾਂ 'ਚ ਪਹਿਲਾਂ ਸ਼ਹਿਰ ਨੂੰ,
ਫੇਰ ਉੱਥੇ ਅਮਨ ਦਾ ਡੰਕਾ ਵਜਾਇਆ ਕਰਨਗੇ।

ਰਾਤ ਕਾਲਖ਼ ਆਪਣੀ ਕਿੰਨੀ ਹੀ ਗੂੜ੍ਹੀ ਕਰ ਲਵੇ,
ਸਿਰਫਿਰੇ ਜੁਗਨੂੰ ਤਾਂ ਫਿਰ ਵੀ ਟਿਮਟਿਮਾਇਆ ਕਰਨਗੇ।

ਵਾਸਤਾ ਭਾਵੇਂ ਉਹ ਮੇਰੇ ਨਾਲ ਨਾ ਰੱਖਣ ਕੋਈ,
ਸ਼ਿਅਰ ਮੇਰੇ ਪਰ ਉਹ ਅਕਸਰ ਗੁਣਗੁਣਾਇਆ ਕਰਨਗੇ।

ਕਾਸ਼ ! 'ਬੇਰੀ' ਨੂੰ ਪਤਾ ਹੁੰਦਾ ਮੇਰੇ ਹਮਰਾਜ਼ ਹੀ,
ਮੇਰੀਆਂ ਆਹਾਂ ਦੇ ਅਫ਼ਸਾਨੇ ਬਣਾਇਆ ਕਰਨਗੇ।



**3**

ਇਕ ਦੂਜੇ ਦੀ ਬੁਲੰਦੀ ਵੇਖ ਕੇ ਜਰਦਾ ਨਹੀਂ।
ਆਦਮੀ ਦਾ ਆਦਮੀ ਦੇ ਬਾਝ ਪਰ ਸਰਦਾ ਨਹੀਂ।

ਦਾਦ ਤਾਂ ਦਿੰਦਾ ਹੈ ਅਰਜੁਨ ਦੀ ਕਲਾ ਨੂੰ ਵੇਖ ਕੇ,
ਪਰ ਚਿੜੀ ਦੀ ਪੀੜ ਦਾ ਅਹਿਸਾਸ ਤਕ ਕਰਦਾ ਨਹੀਂ।

ਰਾਹ ਦੇ ਵਿਚ ਹੀ ਨੇ ਉਸਦੇ ਲੜਖੜਾ ਜਾਂਦੇ ਕਦਮ,
ਵਕਤ ਦੀ ਪਉੜੀ 'ਤੇ ਪੱਬ ਜੋ ਬੋਚ ਕੇ ਧਰਦਾ ਨਹੀਂ।

ਸੱਚ ਬੋਲਣ ਦੀ ਸਜ਼ਾ ਪੈਂਦੀ ਜਿਨ੍ਹਾਂ ਨੂੰ ਭੁਗਤਣੀ,
ਨਾਮ ਉਹਨਾਂ ਦਾ ਕਦੇ ਇਤਿਹਾਸ 'ਚੋਂ ਮਰਦਾ ਨਹੀਂ।

ਜ਼ਿੰਦਗੀ ਵਿਚ ਮਾਤ ਖਾਂਦਾ ਹੈ ਸਦਾ ਉਹ ਆਦਮੀ,
ਜੋ ਸਹੀ ਪਹਿਚਾਣ ਅਪਣੇ ਕੱਦ ਦੀ ਕਰਦਾ ਨਹੀਂ।

ਬਣ ਨਹੀਂ ਸਕਦਾ ਉਹ ਸ਼ਾਇਰ 'ਬੇਰੀ' ਜਿੰਨਾ ਚਿਰ ਕੋਈ,
ਲੋਕਤਾ ਦਾ ਦਰਦ ਅਪਣੀ ਸੋਚ ਵਿਚ ਭਰਦਾ ਨਹੀਂ।

**4**

ਤਾਰਿਆਂ ਦੇ ਨਾਲ ਗੱਲਾਂ ਰਾਤ ਭਰ ਕਰਦੇ ਰਹੇ।
ਅੱਗ ਸੀ ਬੁੱਕਲ 'ਚ ਭਾਵੇਂ ਫੇਰ ਵੀ ਠਰਦੇ ਰਹੇ।

ਤੀਲ੍ਹਾ ਤੀਲ੍ਹਾ ਕਰਕੇ 'ਕੱਠਾ ਘਰ ਅਸੀਂ ਭਰਦੇ ਰਹੇ,
ਖੁਦ ਨੂੰ ਪਰ ਮਹਿਸੂਸ ਖ਼ਾਲੀ ਖ਼ਾਲੀ ਹੀ ਕਰਦੇ ਰਹੇ।

ਹੋਵੇਗਾ ਸ਼ਾਇਦ ਸਵੇਰੇ ਰਹਿਮ ਵੀ ਉਸਦਾ ਨਸੀਬ,
ਰਾਤ ਭਰ ਇਹ ਸੋਚ ਕੇ ਉਸਦਾ ਸਿਤਮ ਜਰਦੇ ਰਹੇ।

ਗੁੰਮ ਕਿਧਰੇ ਹੋ ਗਈ ਲਭਦੀ ਨਹੀਂ ਕਿੱਥੇ ਹੈ ਉਹ,
ਘਰ ਦੀ ਜਿਸ ਤਸਵੀਰ ਵਿਚ ਸੀ ਰੰਗ ਅਸੀਂ ਭਰਦੇ ਰਹੇ।

ਕੌਣ ਕਹਿੰਦਾ ਹੈ ਉਹ ਸਾਡੇ ਸੁਪਨਿਆਂ ਦੀ ਝੀਲ ਸੀ,
ਅੱਗ ਦਾ ਦਰਿਆ ਸੀ ਜਿਹੜਾ ਉਮਰ ਭਰ ਤਰਦੇ ਰਹੇ।

ਅੰਤ ਨੂੰ ਉਹਨਾਂ ਦੇ ਹੀ ਚੁੱਲ੍ਹਿਆਂ ਦਾ ਬਾਲਣ ਬਣ ਗਏ,
ਉਮਰ ਭਰ ਛਾਵਾਂ ਜਿਨ੍ਹਾਂ ਨੂੰ ਠੰਢੀਆਂ ਕਰਦੇ ਰਹੇ।

ਰਹਿਣ ਦੇ 'ਬੇਰੀ' ਕਿਸੇ 'ਤੇ ਤੁਹਮਤਾਂ ਕੀ ਲਾਉਣੀਆਂ,
ਸੱਚ ਤਾਂ ਇਹ ਹੈ ਕਿ ਆਪਣੇ ਆਪ ਤੋਂ ਡਰਦੇ ਰਹੇ।

**5**

ਮਹਿਕ ਉਠੀ ਹੈ ਫਿਰ ਮਹਿਫ਼ਲ ਤੇਰੇ ਮੁੜ ਆਣ ਤੋਂ ਪਿੱਛੋਂ।
ਬੜੀ ਸੀ ਗ਼ਮਜ਼ਦਾ ਤੇਰੇ ਅਚਾਨਕ ਜਾਣ ਤੋਂ ਪਿੱਛੋਂ।

ਇਹ ਖ਼ੁਸ਼ਬੂ ਹੀ ਤੇਰੀ ਪਹਿਚਾਣ ਹੈ ਸੰਭਾਲ ਕੇ ਰੱਖੀਂ,
ਨਹੀਂ ਦਿਸਣਾ ਕੋਈ ਭੌਰਾ ਤੇਰੇ ਮੁਰਝਾਣ ਤੋਂ ਪਿੱਛੋਂ।

ਨ ਜਾਣੇ ਕੀ ਕੀ ਪੀੜਾਂ ਝੱਲ ਕੇ ਇਸ ਰੂਪ ਵਿਚ ਆਇਆ,
ਨਜ਼ਰ ਆਉਂਦਾ ਹੈ ਜੋ ਹੀਰਾ ਤਰਾਸ਼ੇ ਜਾਣ ਤੋਂ ਪਿੱਛੋਂ।

ਕਦੇ ਭੁਲ ਕੇ ਹੀ ਆਵੇ ਤਾਂ ਵਿਖਾਵਾਂ ਫ਼ੋਲ ਕੇ ਉਸਨੂੰ,
ਜ਼ਖ਼ਮ ਜੋ ਬਣ ਗਏ ਨਾਸੂਰ ਉਹਦੇ ਜਾਣ ਤੋਂ ਪਿੱਛੋਂ।

ਨਾਸ਼ੁਕਰੇ ਹਮਸਫ਼ਰ ਸਾਰੇ ਸੜਕ ਨੂੰ ਛੱਡ ਕੇ ਤੁਰ ਪਏ,
ਜਦੋਂ ਮੰਜ਼ਿਲ 'ਤੇ ਪੁੱਜੀ ਸੈਂਕੜੇ ਵਲ ਖਾਣ ਤੋਂ ਪਿੱਛੋਂ।

ਜ਼ਰਾ ਦੱਸੀਂ ਕਿ ਇਸ ਅਹਿਸਾਨ 'ਤੇ ਰੋਵਾਂ ਕਿ ਖੁਸ਼ ਹੋਵਾਂ,
ਸ਼ਿਕੰਜਾ ਖੋਲ੍ਹਤਾ ਪੈਰਾਂ 'ਚ ਬੇੜੀ ਪਾਣ ਤੋਂ ਪਿੱਛੋਂ।

ਮੇਰੇ ਜ਼ਖ਼ਮਾਂ ਦੇ ਉਪਰ ਨਾ ਮਲ੍ਹਮ ਲਾਉ ਮੇਰੇ ਯਾਰੋ,
ਬਚੇਗਾ ਕੋਲ ਕੀ ਮੇਰੇ ਜ਼ਖ਼ਮ ਭਰ ਜਾਣ ਤੋਂ ਪਿੱਛੋਂ। ○○

[ਝਿਲਮਿਲ ਦੁਪੱਟਾ ਸੈਂਟਰ, ਗਲੀ ਹਕੀਮਾਂ ਵਾਲੀ ਮੁਕਤਸਰ - 152 026]

## ਗ਼ਜ਼ਲ

### ਹਰਜਿੰਦਰ ਕੰਗ

ਪਿੰਜਰੇ ਦਾ ਮੂੰਹ ਹਵਾ ਵਿਚ ਅੱਡਿਆ ਹੀ ਰਹਿ ਗਿਆ।
ਸੱਤਰੰਗੀ ਪੀਂਘ 'ਤੇ ਚਿੜੀਆਂ ਦਾ ਚੰਬਾ ਬਹਿ ਗਿਆ।

ਝੱਖੜ ਦੇ ਝੰਬੇ ਰੁੱਖ 'ਤੇ ਫੁੱਟੀ ਕਰੂੰਬਲ ਫਿਰ ਨਵੀਂ
ਝੱਖੜ ਨੂੰ ਐਵੇਂ ਵਹਿਮ ਸੀ ਸਭ ਕੁਝ ਉਡਾ ਕੇ ਲੈ ਗਿਆ।

ਦਰਦ ਟੁੱਟੇ ਚੂੜਿਆਂ ਦਾ ਜਦ ਨਾ ਹੋ ਸਕਿਆ ਬਿਆਨ
ਇਕ ਪਰਿੰਦਾ ਉਡ ਕੇ ਬਲਦੀ ਚਿਤਾ 'ਤੇ ਬਹਿ ਗਿਆ।

ਲਾਸ਼ ਹੈ ਨ੍ਹੇਰੇ ਦੀ ਇਹ ਨ੍ਹੇਰਾ ਨਹੀਂ ਦੀਵੇ ਤਲੇ
ਲੋਅ ਨੂੰ ਲਾਵਾਰਿਸ ਜਿਹਾ ਮੁਰਦਾ ਉਠਾਉਣਾ ਪੈ ਗਿਆ।

ਧਰਤ ਵਰਗਾ ਆਸਰਾ ਉਹ ਖੁੱਸ ਗਿਆ ਤਾਂ ਘਰ ਮੇਰਾ
ਸੀ ਅਜੇ ਅੱਧਾ ਵੀ ਨਾ ਬਣਿਆ ਜੋ ਪੂਰਾ ਢਹਿ ਗਿਆ।

ਬੱਦਲਾਂ ਵਿਚ ਨਕਸ਼ ਤੇਰੇ ਬਣਦੇ ਬਣਦੇ ਰਹਿ ਗਏ
ਪਉਣ ਦਾ ਬੁੱਲ੍ਹਾ ਮਿਰਾ ਸਭ ਕੁਝ ਉਡਾ ਕੇ ਲੈ ਗਿਆ।

ਲਾਪਤਾ ਉਹ ਹੋ ਗਿਐ ਦਿਲ ਤੋੜ ਕੇ ਮੇਰਾ ਮਗਰ
ਅਕਸ ਅੱਖਾਂ ਵਿਚ ਉਹਦਾ ਤਸਵੀਰ ਬਣਕੇ ਰਹਿ ਗਿਆ।

ਰੰਗ ਮੇਰਾ ਵੀ ਵਗੇ ਰੰਗਾਂ ਦੇ ਇਸ ਦਰਿਆ ਦੇ ਵਿਚ
ਰੰਗ ਦੀ ਤੌਹੀਨ ਹੈ ਮੈਨੂੰ ਜੇ ਕਹਿਣਾ ਪੈ ਗਿਆ। ○○

[2092 Jasper Sr. SELMA, CA 93662, U.S.A.]



## ਦੋ ਨਜ਼ਮਾਂ / ਰਾਮ ਸਿੰਘ ਚਾਹਲ

### ਸੰਬੰਧ

ਲਹਿਲਹਾਉਂਦੀਆਂ ਹਨ ਫਸਲਾਂ, ਕੇਵਲ ਇਸ ਲਈ
ਕਿ ਬਹੁਤ ਕੁਝ ਦੇ ਬਾਵਜੂਦ
ਮੇਰੇ ਪਿੰਡ ਦੇ ਬੱਚਿਆਂ ਨੇ
ਹਾਲੀਂ ਖੇਲਣਾ ਨਹੀਂ ਛੱਡਿਆ
ਜੰਗਲ ਕੇਵਲ ਇਸ ਲਈ ਹਰਿਆ-ਭਰਿਆ ਹੈ
ਕਿ ਕਿੰਨੇ ਹੀ ਪੰਛੀਆਂ ਦਾ ਸੰਗੀਤ
ਹਾਲੀਂ ਵੀ ਸੁਣਨ ਦੀ ਇੰਤਜ਼ਾਰ ਵਿਚ ਹੈ
ਮੈਨੂੰ ਵੇਖਕੇ, ਰੱਬ ਜੀ- ਕੇਵਲ ਇਸ ਲਈ ਖੁਸ਼ ਹੋ ਰਿਹਾ ਹੈ
ਕਿ ਉਹ - ਹਾਲਾਂ ਵੀ ਸਾਡਾ ਪਾਲਤੂ ਹੈ।
ਹੱਸਣ ਦੀ ਕੋਸ਼ਿਸ਼ ਕੇਵਲ ਇਸ ਲਈ ਕਰ ਰਿਹਾਂ ਹਾਂ - ਮੈਂ
ਕਿ ਮੇਰੇ ਕਮਰੇ ਦੀਆਂ ਦੀਵਾਰਾਂ
ਹਾਲੀਂ ਵੀ ਹੱਸਣ ਦੇ ਮੂਡ ਵਿਚ ਹਨ
ਦੇਖਦਾ ਹਾਂ - ਕਿ ਕਮਰੇ ਦੀ ਹਰ ਫਾਲਤੂ ਚੀਜ਼ ਦਾ
ਮੇਰੇ ਨਾਲ ਕਿੰਨਾ ਗਹਿਰਾ ਸੰਬੰਧ ਹੈ
ਤੇ ਇਉਂ ਹੀ - ਮੇਰਾ ਇਹ ਕਮਰਾ
ਮੇਰੇ ਨਾਲ ਲੁਕਣਮੀਟੀ ਖੇਡਦਿਆਂ
ਕਵਿਤਾ ਲਿਖਣ ਲਗਦਾ ਹੈ

### ਫਸਲਾਂ ਲਈ ਇਕ ਗੀਤ

ਇਹ ਕਣਕ ਦੀ ਫਸਲ ਤੇ ਇਹ ਨਿੱਕੇ ਨਿੱਕੇ ਦਾਣੇ
ਪੰਛੀਆਂ ਲਈ ਹੀ ਤਾਂ, ਉਗਦੇ ਹਨ ਕੇਵਲ...
ਸਾਰਾ ਦਿਨ ਜੋ ਸੰਗੀਤ ਰਚਦੇ
ਪ੍ਰੇਮ-ਕਵਿਤਾਵਾਂ ਪੜ੍ਹਦੇ
ਮੋਹ-ਮੁਹੱਬਤ ਦੀ ਜੁ ਬਾਤ ਪਾਉਂਦੇ ਹਨ
ਇਹ ਫਸਲਾਂ ਕੇਵਲ ਉਨ੍ਹਾਂ ਲਈ ਹਨ
ਖੇਤਾਂ ਦੀ ਧੁੱਪ ਦਾ ਗੀਤ, ਖੇਤਾਂ ਦੀ ਚੁੱਪ ਦਾ ਗੀਤ
ਜੋ ਗਾਉਂਦੇ ਹਨ ਫਸਲਾਂ ਕੇਵਲ ਉਨ੍ਹਾਂ ਲਈ ਹਨ
ਚੜ੍ਹਦੀ ਹੋਈ ਧੁੱਪ ਦਾ ਸਵਾਗਤ, ਬਲਦਾਂ ਦੀ ਚੁੱਪ ਦਾ ਸਵਾਗਤ
ਜੋ ਕਰਦੇ ਹਨ -
ਫਸਲਾਂ ਸਿਰਫ ਉਨ੍ਹਾਂ ਲਈ ਹਨ
ਹੋਰ ਬੰਦਿਆਂ ਲਈ ਤਾਂ, ਹੋਰ ਬੜੇ ਧੰਦੇ ਹਨ
ਆਪਣੀ ਰੋਜ਼ੀ-ਰੋਟੀ ਲਈ... ○○

[ਦਸ਼ਮੇਸ ਨਗਰ, ਮਾਨਸਾ - 151 505]

## ਗ਼ਜ਼ਲ/ਅਮਰਜੀਤ ਢੁੱਡੀਕੇ

ਰੱਬ ਦੇਵੇ ਸਾਰਿਆਂ ਨੂੰ ਉਹ ਨਜ਼ਰ।
ਜ਼ਿੰਦਗੀ ਦਾ ਹੁਸਨ ਦੇਖੇ ਹਰ ਬਸ਼ਰ।

ਆਤਮਾ ਹਾਂ ਮੁਕਤ ਹਾਂ ਆਜ਼ਾਦ ਹਾਂ,
ਫੇਰ ਕੀ ਜੇ ਢਹਿ ਗਿਆ ਮਿੱਟੀ ਦਾ ਘਰ।

ਹੁਣ ਕਹਾਣੀ ਤੇਰੀ ਮੇਰੀ ਕੁਝ ਨਹੀਂ,
ਏਸ ਧਰਤੀ ਦਾ ਸਫ਼ਰ ਮੇਰਾ ਸਫ਼ਰ।

ਬੁਝ ਗਏ ਦੀਵੇ ਵੀ ਪਿਛਲੇ ਪਹਿਰ ਨੂੰ
ਹੋਰ ਕਿੰਨੀ ਦੂਰ ਹੈ ਹਾਲੇ ਸਹਰ।

ਰਾਤ ਭਰ ਪਰਚਾ ਕੇ ਮਨ ਗੁੰਮ ਹੋ ਗਏ,
ਭਾਲਦੇ ਹਾਂ ਤਾਰਿਆਂ ਦੀ ਰਹਿਗੁਜ਼ਰ।

ਮੇਰਿਆਂ ਹੋਠਾਂ 'ਤੇ ਰੱਖੀ ਬੰਸਰੀ
ਕੌਣ ਜਾਣੇ ਕੂਕਦੀ ਕਿਉਂ ਰਾਤ ਭਰ। OO

[ਪਿੰਡ ਤੇ ਡਾਕ ਢੁੱਡੀਕੇ, ਜ਼ਿਲ੍ਹਾ ਮੋਗਾ]

## ਗ਼ਜ਼ਲ/ਗੁਰਮੀਤ ਸਹੋਤਾ

ਰਾਤ ਦਾ ਯਾਰੋ! ਕੋਈ ਹੀਲਾ ਕਰੋ।
ਬਾਲ ਕੇ ਦੀਵੇ ਬਨੇਰੇ 'ਤੇ ਧਰੋ।

ਪਰ ਕੁਤਰ ਕੇ ਘੁੱਗੀਆਂ ਦੇ, ਆਖਦੈ,
ਹੁਣ ਤੁਸੀਂ ਪਰਵਾਜ਼ ਅੰਬਰ 'ਤੇ ਭਰੋ।

ਤੁਪਕਿਆਂ ਨੇ ਪਾਰ ਹੈ ਕਦ ਲੱਗਣਾ,
ਲਹਿਰ ਬਣ ਕੇ ਅੱਗ ਦਾ ਸਾਗਰ ਤਰੋ।

ਜੋ ਚਿਰਾਂ ਤੋਂ ਸੀਤ-ਠੰਢੇ ਹੱਥ ਨੇ,
ਦਹਿਕਦੇ ਅੰਗਾਰ ਇਹਨਾਂ 'ਤੇ ਧਰੋ।

ਆਦਮੀ 'ਚੋਂ ਮਨਫ਼ੀ ਹੋਇਆ ਆਦਮੀ,
ਆਦਮੀ ਵਿਚ ਆਦਮੀ ਪੈਦਾ ਕਰੋ।

ਦਿਨ-ਬ-ਦਿਨ ਇਹ ਲਾਲ-ਸੂਹਾ ਹੋ ਰਿਹੈ,
ਜ਼ਾਲਮੋਂ! ਅੰਬਰ ਦੀ ਲਾਲੀ ਤੋਂ ਡਰੋ।

ਡੋਬ ਦੇਵੋਗੇ ਵਿਚਾਲੇ ਇਸ ਤਰ੍ਹਾਂ,
ਭੋਲਿਆਂ ਨੂੰ ਕੀ ਪਤਾ ਸੀ ਰਹਿਬਰੋ! OO

[ਸਰਕਾਰੀ ਮਿਡਲ ਸਕੂਲ ਬੰਗਸੀਪੁਰਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ]



## ਘੋੜਾ

### ਮਦਨ ਵੀਰਾ

ਘੋੜੇ ਦੇ ਕੋਲ
ਸਿਰਫ਼ ਹਾਂ 'ਚ ਹਿਲਾਉਣ ਲਈ ਸਿਰ ਹੈ
ਨਰਮ ਪਿੱਠ - ਤੇ ਦਿਸ਼ਾ ਹੀਣ ਦੌੜ ਲਈ ਚਾਰ ਲੱਤਾਂ

ਉਹ ਦੌੜਦਾ ਹੈ ਸਵਾਰ ਦੇ ਹੁਕਮ 'ਤੇ
ਰੁਕਦਾ ਹੈ ਉਸਦੀ ਮਰਜ਼ੀ ਨਾਲ
ਹਿਣਕਦਾ ਹੈ ਮਾਲਕ ਦੇ ਇਸ਼ਾਰੇ 'ਤੇ
ਕੰਨ ਚੁੱਕਦਾ - ਅੱਖ ਪੁੱਟਦਾ ਹੈ
ਸਵਾਰ ਦੇ ਹੁੰਗਾਰੇ 'ਤੇ

ਉਹਦੀ ਆਪਣੀ ਦੌੜ ਹੈ
ਹਰੀ ਜਾਂ ਸੁੱਕੀ ਘਾਹ ਦੀ ਥੱਬੀ
ਛੋਲਿਆ ਦਾ ਬੁੱਕ, ਪੇਟ ਭਰ ਪਾਣੀ

ਘੋੜੇ ਦਾ ਸਦੀਆ ਤੋਂ ਵਾਹ ਹੈ
ਨੋਕਦਾਰ ਜੁੱਤੀ ਵਾਲੇ ਸਵਾਰ ਨਾਲ
ਮੁਲਾਇਮ ਮੁੱਠ ਵਾਲੇ ਚਾਲਕ ਨਾਲ
ਕਦੇ ਨਰਮ ਕਦੇ ਗਰਮ - ਸਵਾਰ ਦੀ ਗੜ੍ਹਕ ਨਾਲ
ਸਵਾਰ ਦੀ ਮੜ੍ਹਕ ਨਾਲ

ਘੋੜਾ ਨਹੀਂ ਜਾਣਦਾ
ਕਿ ਉਹ ਪੌੜ੍ਹਾਂ ਨਾਲ ਪੁੱਟ ਸਕਦਾ ਹੈ ਧਰਤੀ
ਦਲੱਤਿਆਂ ਨਾਲ ਭੰਨ ਸਕਦਾ ਹੈ - ਸਵਾਰ ਦਾ ਬੂਥਾ
ਚਿੱਥ ਸਕਦਾ ਹੈ ਚਾਬਕ ਨੂੰ - ਨਰਮ ਹੱਥਾਂ ਸਮੇਤ
ਤੋੜ ਸਕਦਾ ਹੈ ਲਗਾਮ
ਗਿਰਾ ਸਕਦਾ ਹੈ ਪਿੱਠ 'ਤੇ ਪਈ ਕਾਠੀ ਨੂੰ
ਮਿੱਧ ਸਕਦਾ ਹੈ ਸਦੀਆਂ ਤੋਂ ਸਵਾਰ - ਦੇਹ ਨੂੰ

ਪਰ ਘੋੜਾ ਤਾਂ ਸਿਰਫ਼ ਘੋੜਾ ਹੈ - ਪਸ਼ੂ ਦਾ ਪਸ਼ੂ
ਨਾ ਸਮਝਦਾ - ਨਾ ਸੋਚਦਾ ਹੈ
ਬਸ ਆਪਣੇ ਆਪ ਨੂੰ ਹੀ ਨੋਚਦਾ ਹੈ। OO

[ਰੂਰਲ ਡਿਸਪੈਂਸਰੀ, ਬੁੱਢੀ ਪਿੰਡ, ਜ਼ਿਲ੍ਹਾ ਹੁਸ਼ਿਆਰਪੁਰ - 144 212]

# ਯੁੱਧ-ਖੇਤਰ

**ਬਲਵਿੰਦਰ ਸਿੰਘ ਗਰੇਵਾਲ**

'ਜਿੱਤਣਾ ਤਾਂ ਰੀਟਾ ਅੱਜ ਮੈਂ ਈ ਐ ਭੈਣੇ', .... ਪਤਾ ਨਹੀਂ ਸਵੇਰ ਤੋਂ ਅਚੇਤ ਹੀ ਕਿੰਨੀ ਵਾਰ, ਇਹ ਗੱਲ ਰਣਜੋਤ ਨੇ ਮਨ ਹੀ ਮਨ ਦੁਹਰਾਈ ਸੀ। ਕਿਸੇ ਹਿੰਦੀ ਫਿਲਮ ਦੇ ਸੰਵਾਦ ਵਰਗੀ, ਸਾਹਮਣੇ ਜੰਪਿੰਗ ਕਰਦੀ ਰੀਟਾ ਨੂੰ ਵੇਖ ਕੇ ਉਹਦੇ ਮਨ ਅੰਦਰ, ਜਿੱਤਣ ਦੀ ਇਕ ਤੀਬਰ ਇੱਛਾ ਫਿਰ ਉਪਜੀ ਸੀ।

ਰੀਟਾ ਨੈਸ਼ਨਲ ਰਿਕਾਰਡ ਹੋਲਡਰ ਸੀ। ਰਣਜੋਤ ਨੇ ਅੱਜ ਉਹਦੇ ਮੁਕਾਬਲੇ 'ਤੇ ਪਹਿਲੀ ਵਾਰ ਹੀ ਦੌੜਨਾ ਸੀ।

ਉਂਝ ਉਹਦੇ ਲਈ ਕੁਝ ਵੀ ਓਪਰਾ ਨਹੀਂ ਸੀ। ਨਾ ਰੀਟਾ, ਨਾ ਦਿੱਲੀ ਦਾ ਇਹ ਗਰਾਉਂਡ ਅਤੇ ਨਾ ਹੀ ਆਲੇ-ਦੁਆਲੇ 'ਵਾਰਮ-ਅੱਪ' ਹੋ ਰਹੀਆਂ, ਆਪਣੇ ਆਪਣੇ ਸੂਬੇ ਦੀਆਂ ਉਡਣ-ਪਰੀਆਂ। ਪਹਿਲਾਂ ਹੀ ਇਹ ਗੱਲ ਵੀ ਸਪਸ਼ਟ ਹੀ ਸੀ ਕਿ ਮੁਕਾਬਲਾ ਕੁਲ ਮਿਲਾਕੇ, ਉਹਨਾਂ ਤਿੰਨਾਂ ਵਿਚਕਾਰ ਹੀ ਰਹਿਣਾ ਸੀ।

ਕਰਨਾਟਕ ਦੀ ਰਾਣੀ ਪੱਡਾ, ਕੇਰਲ ਦੀ ਰੀਟਾ ਕਾਟਕਰ ਅਤੇ ਪੰਜਾਬ ਦੀ ਰਣਜੋਤ।

ਰਾਣੀ ਨਾਲੋਂ ਤਾਂ, ਰਣਜੋਤ ਦੇ ਸਮੇਂ ਦਾ 25-30 ਸੈਕਿੰਡ ਦਾ ਵੱਡਾ ਅੰਤਰ ਸੀ, ਲਗਪਗ ਅੱਧਾ ਲੈਪ। ਉਸਦੀ ਕੋਈ ਚਿੰਤਾ ਨਹੀਂ ਸੀ। ਪਰ ਪਿਛਲੇ ਲਗਾਤਾਰ ਦੋ ਟੂਰਨਾਮੈਂਟਾਂ ਦੌਰਾਨ, ਰਣਜੋਤ ਨੇ ਰੀਟਾ ਦੇ ਸਮੇਂ ਦੇ ਲਗਪਗ ਬਰਾਬਰ ਦਾ ਸਮਾਂ ਕੱਢਿਆ ਸੀ। ਹਰ ਕੋਈ ਉਤਸ਼ਾਹ ਵਿਚ ਸੀ। ਪਰ ਰਣਜੋਤ ਦੇ ਅੰਦਰ ਉਤਸ਼ਾਹ ਦੇ ਨਾਲ ਨਾਲ ਇਕ ਡਰ ਇਕ ਦਹਿਸ਼ਤ ਜਿਹੀ ਵੀ ਘਰ ਕਰੀ ਬੈਠੀ ਸੀ। ਵੈਸੇ ਤਾਂ ਰੀਟਾ ਦੀ ਗੈਰਹਾਜ਼ਰੀ ਵਿਚ, ਉਹ ਹਰ ਮੁਕਾਬਲਾ, ਪਿਛਲੇ ਸਾਰੇ ਸੈਸ਼ਨ ਦੌਰਾਨ ਹੀ ਜਿੱਤਦੀ ਰਹੀ ਸੀ।

- ਐਤਕੀਂ ਰੀਟਾ ਦੀ ਹਾਜ਼ਰੀ ਵਿਚ ਵੀ ਜਿੱਤਣੈ ਰਣਜੋਤ - ਕੱਲ੍ਹ ਸ਼ਾਮੀਂ ਪੰਜਾਬ ਦਾ ਹੈਮਰ-ਥਰੋਅਰ, ਦਿਲਵੀਰ ਕਹਿ ਰਿਹਾ ਸੀ। ਉਹ ਕਿਸੇ ਕਿਤਾਬ ਵਿਚੋਂ, ਫੋਟੋਸਟੈਟ ਕੀਤੇ ਪੇਜ ਖਾਸ ਤੌਰ 'ਤੇ ਰਣਜੋਤ ਲਈ ਲੈਕੇ ਆਇਆ ਸੀ।

- ਲੈ, ਆਹ ਸਰ ਰੋਜ਼ਰ ਬਨਿਸਟਰ ਦਾ ਲੰਮੀ ਰੇਸ ਬਾਰੇ ਤਜਰਬੈ। ਲੰਮੀਆਂ ਰੇਸਾਂ ਵਿਚ ਸਰੀਰਕ ਤਾਕਤ ਦੇ ਨਾਲ ਨਾਲ ਬੰਦੇ ਦੀ ਪਲੈਨਿੰਗ ਵੀ ਕੰਮ ਕਰਦੀ ਐ। ਇਹਨੂੰ ਪੜ੍ਹੀਂ ਗੌਰ ਨਾਲ।

ਲੇਖ ਰਣਜੋਤ ਨੂੰ ਵਧੀਆ ਵੀ ਲੱਗਿਆ ਸੀ ਅਤੇ ਠੀਕ ਵੀ। ਸਰ ਬਨਿਸਟਰ ਦਾ ਇਕ ਮੀਲ ਦਾ ਰਿਕਾਰਡ ਤੋੜ ਕੇ ਵੀ, ਕੈਨੇਡਾ ਦਾ ਜਾਹਨ ਲੈਂਡੀ, ਮੁਕਾਬਲੇ 'ਚ ਆਇਆ ਮਾਤ ਖਾ ਗਿਆ ਸੀ। ਬਨਿਸਟਰ ਦੀ ਪਲਾਨਿੰਗ ਨਾਲ ਸੰਬੰਧਤ ਸ਼ਬਦ ਰਣਜੋਤ ਨੂੰ ਪ੍ਰਭਾਵਤ ਕਰ ਗਏ ਸਨ। ਇਹ ਹੀ ਲਾਈਨਾਂ ਦਿਲਵੀਰ ਨੇ ਵੀ ਅੰਡਰ ਲਾਈਨ ਕੀਤੀਆਂ ਹੋਈਆਂ ਸਨ।

''ਮੇਰੀ ਯੋਜਨਾ ਸਰਲ ਸੀ। ਮੈ ਸੋਚਿਆ, ਮੈਂ ਲੈਂਡੀ ਨੂੰ ਮਜਬੂਰ ਕਰ ਦਿਆਂਗਾ ਕਿ ਉਹ ਮੇਰੇ ਅੱਗੇ ਲੱਗੇ ਅਤੇ ਮੇਰੇ ਲਈ ਮੇਰੇ ਦੌੜਨ ਦੀ ਗਤੀ ਨਿਸ਼ਚਤ ਕਰੇ .... ਫਿਰ ਉਹ ਮੇਰੇ ਹੱਥਾਂ ਵਿਚ ਖੇਡ ਰਿਹਾ ਹੋਵੇਗਾ।''

ਤੇ ਹੋਇਆ ਵੀ ਇਸੇ ਤਰ੍ਹਾਂ। ਸਰ ਬਨਿਸਟਰ ਬਿਲਕੁਲ ਇਸ ਤਰ੍ਹਾਂ ਦੌੜਿਆ, ਜਿਵੇਂ ਕੋਈ ਸ਼ਤਰੰਜ ਖੇਡਦਾ ਹੈ ਅਤੇ ਬਿਲਕੁਲ ਅਖੀਰ 'ਤੇ ਇਕ ਸ਼ਬਦ ਬੋਲਦਾ ਹੈ, ਚੈਂਕ। ਇਸ ਤੋਂ ਪਹਿਲਾਂ ਕਿ ਸਾਹਮਣੇ ਵਾਲਾ ਕੁਝ ਸਮਝੇ, ਬਾਜ਼ੀ ਮਾਤ ਹੋ ਚੁੱਕੀ ਹੁੰਦੀ ਹੈ।

'ਉਹ ਵੀ ਇਸੇ ਤਰ੍ਹਾਂ ਦੌੜੇਗੀ। ਰੀਟਾ ਨੂੰ ਅੱਗੇ ਲਾਕੇ ਅਤੇ ਆਪਣਾ ਦਮ ਬਚਾਕੇ, ਤਾਂ ਕਿ ਬਚਦੇ ਦਮ ਨਾਲ, ਆਖਰੀ ਦੋ ਸੌ ਮੀਟਰ ਦੌਰਾਨ, 'ਚੈਂਕ' ਵਾਲਾ ਮਾਹੌਲ ਪੈਦਾ ਕਰ ਸਕੇ।

ਰਾਤੀਂ ਸੌਣ ਤੋਂ ਪਹਿਲਾਂ ਪਹਿਲਾਂ ਰਣਜੋਤ ਨੇ ਆਪਣੇ ਦੁਆਲੇ ਜਿਵੇਂ ਇਕ ਅਜਿਹਾ ਮੋਰਚਾ ਸਿਰਜ ਲਿਆ ਸੀ ਜਿਸ ਨੂੰ ਰੀਟਾ ਕਿਸੇ ਹਾਲ ਵੀ ਤੋੜ ਨਹੀਂ ਸੀ ਸਕਦੀ।



ਪਰ ਸੁਪਨੇ 'ਚ ਆਉਣ ਵਾਲਾ ਸ਼ੇਰ, ਮੋਰਚੇ 'ਚ ਨਿਸ਼ਚਿੰਤ ਸੁੱਤੀ ਰਣਜੋਤ ਨੂੰ ਰਾਤੀਂ ਫਿਰ ਦਹਿਲਾ ਗਿਆ ਸੀ।

ਅਕਸਰ ਇਸ ਤਰ੍ਹਾਂ ਹੀ ਹੁੰਦਾ ਸੀ। ਗਿਣੇ-ਚੁਣੇ ਮੌਕਿਆਂ ਨੂੰ ਛੱਡ ਕੇ, ਹਰ ਮੁਕਾਬਲੇ ਤੋਂ ਪਹਿਲਾਂ ਰਣਜੋਤ ਇਸ ਸ਼ੇਰ ਦਾ ਮੁਕਾਬਲਾ ਕਰਦੀ। ਹਰ ਵਾਰ ਸੁਪਨਾ, ਅਚਾਨਕ ਉਭਰੀ ਸ਼ੇਰ ਦੀ ਦਹਾੜ ਤੋਂ ਸ਼ੁਰੂ ਹੁੰਦਾ। ਹਰ ਵਾਰ, ਸ਼ੇਰ ਦੀ ਦਹਾੜ ਸੁਣਕੇ ਦੌੜ ਪਈ ਰਣਜੋਤ ਨੂੰ ਆਪਣੇ ਪਿੱਛੇ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਸੁਣਦੀ। ਹਰ ਵਾਰ ਹਫ਼ ਹਫ਼ ਡਿਗਦੀ ਰਣਜੋਤ ਦੇ ਪੈਰਾਂ ਹੇਠ ਪੱਤੇ ਇਸ ਤਰ੍ਹਾਂ ਖੜਕਦੇ, ਜਿਵੇਂ ਤੇਜ਼ ਚਲਦੇ ਪੱਖੇ ਦੀ ਹਵਾ ਨਾਲ ਬੈਠਕ ਵਿਚ ਲਟਕਦੇ ਗੁਰੂਆਂ ਅਤੇ ਦੇਵੀਆਂ ਦੇ ਕਲੰਡਰ ਖੜਕਦੇ ਸਨ। ਹਰ ਵਾਰ ਸ਼ੇਰ ਦੀ ਆਮਦ ਤੋਂ ਡਰਕੇ, ਜੰਗਲ ਦੇ ਪੰਛੀ, ਰਣਜੋਤ ਦੇ ਸਿਰ 'ਤੇ ਇਸ ਤਰ੍ਹਾਂ ਦਾ ਚੀਤਕਾਰ ਪਾਉਂਦੇ, ਜਿਸ ਤਰ੍ਹਾਂ ਦਾ ਚੀਤਕਾਰ ਪਾਪਾ ਦੀਆਂ ਅੱਖਾਂ 'ਚ ਉਤਰਿਆ ਲਹੂ ਵੇਖਕੇ, ਰਣਜੋਤ ਦੇ ਆਪਣੇ ਅੰਦਰੋਂ ਉਠਿਆ ਸੀ। ਹਰ ਵਾਰ ਹਫੀ ਹੋਈ ਰਣਜੋਤ ਦੇ ਸਾਹਮਣੇ ਥਮ੍ਹਲੇ ਵਾਂਗ ਗੋਲ ਜਿਹਾ ਰੁੱਖ ਹੁੰਦਾ ਅਤੇ ਉਹ ਕਿਸੇ ਡਰੀ ਬਿੱਲੀ ਵਾਂਗ ਉਸ ਉੱਤੇ ਚੜ੍ਹ ਜਾਂਦੀ। ਫਿਰ ਜਿਵੇਂ ਇਕ ਅਨੰਤ ਮੁਕਾਬਲਾ ਸ਼ੁਰੂ ਹੋ ਜਾਂਦਾ। ਰੁੱਖ ਦੇ ਉੱਤੇ ਸਹਿਮੀ ਬੈਠੀ ਰਣਜੋਤ ਅਤੇ ਹੇਠ ਲਾਲ ਗੇਰੂ ਵਰਗੀਆਂ ਸੁਲਘਦੀਆਂ ਅੱਖਾਂ ਲਈ ਖੜ੍ਹਾ ਸ਼ੇਰ। ਹਰ ਵਾਰ ਰਣਜੋਤ ਦਾ ਜੀਅ ਕਰਦਾ ਕਿ ਉਹ ਹੇਠ ਉੱਤਰੇ ਅਤੇ ਸ਼ੇਰ ਦੀਆਂ ਅੱਖਾਂ 'ਚ ਸਿੱਧਾ ਵੇਖੇ। ਪਰ ਹਰ ਵਾਰ ਹੁੰਦਾ ਇਹ ਕਿ ਉਹ ਰਤਾ ਕੁ ਹੇਠਾਂ ਵੱਲ ਸਰਕਦੀ, ਸ਼ੇਰ ਦੀਆਂ ਅੱਖਾਂ 'ਚ ਤੈਰਦੇ ਪਰਛਾਵੇਂ ਰਤਾ ਕੁ ਹੋਰ ਗਹਿਰੇ ਹੁੰਦੇ ਤੇ ਤ੍ਰਬਕ ਕੇ ਰਣਜੋਤ ਦੀ ਅੱਖ ਖੁਲ੍ਹ ਜਾਂਦੀ।

ਕਮਰੇ 'ਚ ਸ਼ੇਰ ਦੀ ਥਾਂ 'ਤੇ ਡਰਾਉਣ ਵਾਲੀ ਚੁੱਪ ਹੁੰਦੀ ਤੇ ਪਸੀਨੇ ਵਿਚ ਤਰ-ਬ-ਤਰ ਰਣਜੋਤ, ਭੰਵੱਤਰੀ, ਇਕੱਲੀ ਬੈਠੀ ਹੁੰਦੀ। ਕਮਰੇ ਦੀ ਚੁੱਪ ਵਿਚੋਂ ਇਕ ਸਹਿਮ ਰਣਜੋਤ ਦੇ ਅੰਦਰ ਸਿੰਮ ਆਉਂਦਾ ਅਤੇ ਮੁਕਾਬਲੇ ਤੋਂ ਪਿੱਛੋਂ ਵੀ ਕਈ ਕਈ ਦਿਨ ਸਿੰਮਦਾ ਰਹਿੰਦਾ। ਇਹ ਸਹਿਮ ਉਹਦੇ ਬਾਪ ਗੁਰਦੇਵ ਸਿੰਘ ਦੇ ਬੇ-ਸੁੱਧ ਕੰਨਾਂ ਅਤੇ ਨੱਕ 'ਚੋਂ ਸਿੰਮਦੇ ਲਹੂ ਨਾਲ ਇਕ ਮਿਕ ਹੋ ਜਾਂਦਾ।

ਗੁਰਦੇਵ ਸਿੰਘ ਜਾਣੀ 'ਦੇਬੂ ਮਿਸਤਰੀ' ਰਣਜੋਤ ਦਾ ਬਾਪ ਸੀ। ਅਜਿਹਾ ਬਾਪ ਜਿਸ ਦੀ ਸਿਆਣਪ ਅਤੇ ਸੰਜਮ ਨੇ ਬਾਪ ਤੋਂ ਮਿਲੇ ਪੁਰਾਣੇ ਸੰਦਾਂ ਨਾਲ ਨਾ ਸਿਰਫ ਆਪਣੀ ਛੋਟੀ ਭੈਣ ਹੀ ਬੂਹਿਉਂ ਤੋਰੀ, ਆਪ ਤੋਂ ਛੋਟੇ ਨੂੰ ਕਾਰਖਾਨੇ ਨਾਲ ਲਗਦੀ ਥਾਂ ਖਰੀਦ ਕੇ ਸ਼ੈਡ ਪਾ ਕੇ, ਨਵੇਂ ਨਕੋਰ ਸੰਦਾਂ ਨਾਲ ਸਜੀ ਵਰਕਸ਼ਾਪ ਤੋਰ ਕੇ ਦਿੱਤੀ, ਸਗੋਂ ਆਪਣੇ ਨਾ ਪੜ੍ਹ ਸਕਣ ਦੀ ਰੀਝ, ਆਪਣੇ ਦੋਹਾਂ ਬੱਚਿਆਂ, ਵੱਡੀ ਰਣਜੋਤ ਅਤੇ ਛੋਟੇ ਗੋਲਡੀ ਨੂੰ ਪੜ੍ਹਾਈ ਦੇ ਰਾਹ ਤੋਰ ਕੇ ਪੂਰੀ ਕੀਤੀ।

- ਆਪਣਾ ਸਿਰ ਆਪ ਗੁੰਦਣਾ ਬਹੁਤ ਔਖਾ ਹੁੰਦੈ ਭਾਈ - ਸਿਆਣੀਆਂ ਬੁੜ੍ਹੀਆਂ 'ਚ, ਦਾਨੀ ਬਣੀ ਬੈਠੀ ਦੇਬੂ ਦੀ ਮਾਂ ਹੁੱਬ ਹੁੱਬ ਗੱਲਾਂ ਕਰਦੀ।

- ਮੇਰੇ ਗੁਰਦੇਵ ਸਿਉਂ 'ਚ ਤਾਂ ਰੱਬ ਨੇ ਈ ਕੋਈ ਸਮਰੱਥਿਆ ਪਾ ਤੀ। ਹੁਣ ਤੂੰ ਦੇਖਲੈ, ਐਹ ਜ਼ਮਾਨੇ ਵਿਚ ਕੋਈ ਪਛਾਣਦੈ ਭਾਈ ਨੂੰ! ਮਖਿਆ ਦੇਖਲੈ, ਗੁਰਦੇਵ ਸਿਉਂ ਤਾਂ ਮੇਰੇ ਛੋਟੇ ਨੂੰ ਆਪਣੇ ਧੀ ਪੁੱਤ ਤੋਂ ਵੀ ਵੱਧ ਸਮਝਦੈ। ਹੋਰ ਸਾਰੇ ਛੋਟੇ ਨੂੰ ਧੀਰਾ ਕਹਿਣਗੇ, ਆਪ ਕਦੇ ਰਣਧੀਰ ਤੋਂ ਬਿਨਾਂ ਨੀ ਬੋਲਿਆ। - ਦੇਬੂ ਦੀ ਮਾਂ, ਪਹਿਲਾਂ ਹੀ ਬਹੁਤ ਵਾਰ ਕਹੀ ਗੱਲ ਫਿਰ ਦੁਹਰਾਈ ਜਾਂਦੀ।

- ਗੁਰਦੇਵ ਸਿਉਂ ਤਾਂ ਉਹਨੂੰ ਪੜ੍ਹਾ ਕੇ ਰਾਜੀ ਤੀ। ਬਥੇਰਾ ਜੋਰ ਲਾਇਆ ਪਰ ਇਹਦਾ ਈ ਚੰਦਰੇ ਦਾ ਦੀਦਾ ਨੀ ਲੱਗਿਆ ਪੜ੍ਹਨ 'ਚ - ਚੱਲ ਕੋਈ ਨੀ, ਨਹੀਂ ਪੜ੍ਹਿਆ, ਨਾ ਸਹੀ, ਹੁਣ ਵਾਰਕਸ਼ਾਪ 'ਚ, ਵਥੇਰੇ ਹੱਡ ਤੋੜਦੈ। ਆਹ ਕੀ ਕਹਿੰਦੇ ਐ ਜੈ ਖਾਨੇ ਦੀ, ਖਰਾਦ, ਸਾਰੀ ਸਾਰੀ ਰਾਤ ਚੱਲਦੀ ਰਹਿੰਦੀ ਐ -ਕੋਈ ਹੋਰ ਬੁੜ੍ਹੀ ਕੋਲੋਂ ਹਾਮ ਦਾ ਨਾਹਰਾ ਮਾਰਦੀ।

- ਨਹੀਂ ਐਂ ਤਾਂ ਨੀ ਮਾੜਾ, ਐਵੇਂ ਕਹੀਏ। ਗੁਰਦੇਵ ਸਿਉਂ ਨੂੰ ਕਦੇ ਵੀਰੇ ਤੋਂ ਬਿਨਾਂ ਨੀ ਬੋਲਿਆ। ਮੂਹਰੇ ਕਦੇ ਅੱਖ ਚੱਕ ਕੇ ਨੀ ਦੇਖਿਆ। ਊਂ ਵਥੇਰਾ ਕਰਦੈ ਗੁਰਦੇਵ ਸਿਉਂ ਦਾ। ਆਹ, ਹੁਣ ਦੇਖ ਲੈ, ਮਾੜੀ ਜੀ ਧਰਨ

ਪਈ ਤੀ ਗੁਰਦੇਵ ਸਿਉਂ ਦੇ, ਕਾਰਖਾਨਾ ਛੁਡਾ ਕੇ ਸਾਹ ਲਿਐ। ਕਹਿੰਦਾ, ਵਰਕਸ਼ਾਪ 'ਚ ਕਰਲੈ ਕੋਈ ਕੰਮ ਬਹਿ ਕੇ। ਬਿੱਲੀ ਵਾਂਗ ਲਈਂ ਫਿਰਦੈ ਦਵਾਈ ਬੂਟੀ ਨੂੰ।

- ਦੇਬੂ ਦੀ ਮਾਂ, ਛੋਟੇ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿੰਦੀ। - ਚੱਲ ਉਹ ਜਾਣੇ, ਧਰਨ ਵੀ ਠੀਕ ਹੋ ਜੂ। ਬਚਾਰੇ ਨੇ ਤੀਲ੍ਹਾ ਤੀਲ੍ਹਾ ਕਰਕੇ ਆਲ੍ਹਣਾ ਬਣਾਇਐ - ਹੋਰ ਛੋਟੇ ਭਾਈ ਦੇ ਸਿਰ 'ਤੇ ਚਾਰ ਦਿਨ ਸੁੱਖ ਦੇਖ ਲੂ - ਕੋਲੋਂ ਹੀ ਕੋਈ ਹੋਰ ਬੁੜ੍ਹੀ ਬੋਚ ਕੇ ਗੱਲ ਕਰਦੀ। ਅਸਲ ਵਿਚ ਦੇਬੂ ਦੀ ਧਰਨ ਉਹਲੇ ਕੋਈ ਵੱਡਾ ਦੁੱਖ ਹੋਣ ਦੀ ਖਬਰ ਪਿੰਡ ਦੀ ਹਵਾ ਵਿਚ ਪਤਾ ਨਹੀਂ ਕਿਧਰੋਂ ਆ ਰਲੀ ਸੀ। ਸ਼ਾਇਦ ਕਿਸੇ ਮਿੱਤਰ ਬੇਲੀ ਕੋਲ ਧੀਰੇ ਨੇ ਹੀ ਨਾੜਾਂ ਗੁੱਛਾ ਹੋਣ ਦੀ ਗੱਲ ਕੀਤੀ ਹੋਵੇ।

ਪਰ ਗੱਲ ਨਾੜਾਂ ਦੇ ਗੁੱਛੇ 'ਤੇ ਨਹੀਂ ਸੀ ਰੁਕੀ। ਗੁੱਛੇ ਤੋਂ ਫੋੜਾ, ਫੋੜੇ ਤੋਂ ਰਸੌਲੀ .... ਹਰ ਵੱਡਾ ਡਾਕਟਰ ਹੋਰ ਵੀ ਵੱਡੀ ਫੀਸ ਲੈ ਕੇ ਹੋਰ ਵੀ ਵੱਡੀ ਬਿਮਾਰੀ ਦੀ ਦੱਸ ਪਾ ਦਿੰਦਾ। ਤੇ ਫਿਰ ਇਕ ਦਿਨ ਸਭ ਤੋਂ ਵੱਡੇ ਡਾਕਟਰ ਨੇ, ਸਭ ਤੋਂ ਵੱਡੀ ਬਿਮਾਰੀ ਦੀ ਦੱਸ ਕੇ ਨਾਲ, ਸਭ ਤੋਂ ਵੱਡੀ ਗੱਲ ਵੀ ਕਹਿ ਦਿੱਤੀ ਸੀ।

- ਆਖਰੀ ਸਟੇਜ ਐ ਕੈਂਸਰ ਦੀ। ਅਪ੍ਰੇਸ਼ਨ ਨਾਲ ਨਿਕਲਣ ਵਾਲੀ ਹਾਲਤ 'ਚ ਹੈ ਨੀ - ਕਾਹਨੂੰ ਪੈਸੇ ਪੱਟਣੇ ਐ - ਘਰ ਲਿਜਾ ਕੇ ਸੇਵਾ ਕਰੋ।

ਘਰ ਲਿਆ ਕੇ ਕੀਤੀ ਸੇਵਾ, ਦੁਆਈਆਂ ਨਾਲ ਮਿਲ ਕੇ ਦੇਬੂ ਦੇ ਦੁੱਖ ਨੂੰ ਬੱਸ ਥੋੜ੍ਹਾ ਹੋਰ ਲੰਮਾ ਹੀ ਕਰ ਸਕੀ ਸੀ ਅਤੇ ਅੰਤ ਹਾਰ ਗਈ ਸੀ। ਪਹਿਲਾਂ ਦੇਬੂ ਦੇ ਨੱਕ 'ਚੋਂ ਥੋੜ੍ਹਾ ਖੂਨ ਸਿੰਮਿਆ, ਫਿਰ ਕੰਨਾਂ 'ਚੋਂ ਅਤੇ ਫਿਰ ਦੇਬੂ ਦੀ ਕੈਂਸਰ ਨਾਲ ਲੜਦੀ ਜਾਨ ਹੌਲੀ ਹੌਲੀ ਸਿੰਮਦੇ ਖੂਨ ਨਾਲ ਹੀ ਵਹਿ ਗਈ ਸੀ।

ਦਸਵੀਂ 'ਚ ਪੜ੍ਹਦੀ ਰਣਜੋਤ ਅਤੇ ਛਿਆਂ ਸਾਲਾਂ ਦਾ ਉਸ ਦਾ ਭਰਾ, ਦੋ ਹੀ ਜੀਅ ਸਨ ਜਿਨ੍ਹਾਂ ਲਈ ਮੌਤ ਸਿਰਫ ਇਕ ਦੁਖਦਾਈ ਘਟਨਾ ਸੀ, ਇਕ ਕਾਲਾ ਸਿਆਹ ਬਿੰਦੂ। ਪਰ ਦੂਸਰੇ ਜਾਣਦੇ ਸਨ ਕਿ ਚਾਲੀ ਸਾਲਾਂ ਦੇ ਸਾਧਨਹੀਨ ਮਿਸਤਰੀ ਦੀ ਮੌਤ ਸਿਰਫ ਇਕ ਘਟਨਾ ਨਹੀਂ ਸੀ, ਸਗੋਂ ਰੋ ਰੋ ਹਾਲੋਂ ਬੇਹਾਲ ਹੋਈ ਪਤਨੀ ਅਤੇ ਦੋ ਬੱਚਿਆਂ ਲਈ ਸੰਕਟ ਦੀ ਸ਼ੁਰੂਆਤ ਸੀ। ਦੇਬੂ ਦੀ ਮੌਤ ਲਈ ਪਹਿਲਾਂ ਤੋਂ ਹੀ ਤਿਆਰ ਸਿਆਣੇ ਆਪਣੇ ਅੰਦਰ ਇਕੋ ਸਵਾਲ ਨਾਲ ਘੁਲ ਰਹੇ ਸਨ - ਬੱਚਿਆਂ ਦਾ ਕੀ ਬਣੂ, ਛਿੰਦਰੋ ਤੀਮੀ ਮਾਨੀ ਕੀ ਕਰੂ - ਚੱਲ ਹੋਰ ਨੀ, ਕੁੜੀਓ ਵਿਆਹ ਜਾਂਦਾ ਚੰਦਰਾ, ਜੇ ਜਾਣਾ ਈ ਤੀ

- ਮਕਾਣਾਂ ਚੋਂ ਕਿਸੇ ਬੁੜ੍ਹੀ ਦੇ ਹਉਕੇ ਵਰਗੇ ਬੋਲ ਅਕਸਰ ਬਾਹਰ ਸੱਥਰ 'ਤੇ ਬੈਠੇ ਬੰਦਿਆਂ ਉਤੋਂ ਤੈਰ ਜਾਂਦੇ।

- ਇਹ ਸਾਲੇ ਕਿਹੋ ਜਿਹੇ ਰਿਸ਼ਤੇ ਨੇ - ਤੀਜੇ ਦਿਨ ਕੀਰਤਪੁਰ ਫੁੱਲ ਪਾਉਣ ਗਏ ਧੀਰੇ ਅੰਦਰ ਜਿਵੇਂ ਕੋਈ ਲਾਵਾ ਪਿਘਲਿਆ ਸੀ।

- ਮਰਨ ਵਾਲੇ ਦੇ ਮਰਨ ਦਾ ਨੀ, ਕੁੜੀ ਨਾ ਵਿਆਹ ਕੇ ਮਰਨ ਦਾ ਦੁੱਖ ਐ - ਭਾਬੀ ਦੀ ਰਹਿੰਦੀ ਜ਼ਿੰਦਗੀ ਦੀ ਚਿੰਤੈ। ਜਾਣੀ ਮਰਨ ਵਾਲਾ ਕੁੜੀ ਵਿਆਹ ਕੇ ਮਰ ਜਾਂਦਾ - ਭਾਬੀ ਦੇ ਨਾਂ ਇਕ ਦੋ ਪਲਾਟ-ਪਲੂਟ ਛੱਡ ਜਾਂਦਾ, ਫੇਰ ਕੋਈ ਗੱਲ ਨੀ ਤੀ। - ਧੀਰੇ ਦੀਆਂ ਰੋ ਰੋ ਕੇ ਖੁਸ਼ਕ ਹੋਈਆਂ ਅੱਖਾਂ ਅੱਗੇ ਆਹਰਨ 'ਤੇ ਫਾਲਾ ਚੰਡਦਾ, ਦਾਤੀਆਂ ਨੂੰ ਦੰਦੇ ਕੱਢਦਾ ਅਤੇ ਫਿਰ ਦਰਦ ਨਾਲ ਇਕੱਠਾ ਹੋਇਆ, ਢਿੱਡ ਫੜੀ ਬੈਠਾ ਦੇਬੂ ਤੈਰ ਗਿਆ ਤੇ ਉਸ ਦੀਆਂ ਖੁਸ਼ਕ ਹੋਈਆਂ ਅੱਖਾਂ ਫਿਰ ਵਹਿ ਤੁਰੀਆਂ -

- ਬਈ ਸਾਲਿਓ, ਮੇਰੇ ਬਾਪ ਵਰਗਾ ਤੀ, ਉਹਦੀ ਕਬੀਲਦਾਰੀ ਮੈ ਨੀ ਨਜਿੱਠੂੰ -

-ਕਬੀਲਦਾਰੀ ਤਾਂ ਕੋਈ ਆਪਣੀਓ ਤੋਰ ਲਵੇ ਬਹੁਤ ਐ, ਕਿਸੇ ਦੇ ਜੁਆਕ ਨੀ ਕੋਈ ਸਾਂਭਦਾ ਹੁੰਦਾ - ਤੁਸੀਂ ਕਮਲੇ ਕਿਉਂ ਹੋਈ ਓਂ, ਮੈ ਕਹਿਨੈਂ - ਛਿੰਦਰੋ ਦੇ ਮਾਮੇ ਨੇ, ਟਾਹਲੀ ਦੇ ਡੱਕੇ ਨਾਲ ਦੰਦ ਖੁਰਲਦਿਆਂ ਕਿਹਾ ਸੀ। ਉਹ ਰੋਟੀ ਖਾ ਕੇ ਬਾਹਰ ਆ ਖੜ੍ਹੇ ਸਨ। ਦੇਬੂ ਦੇ ਸਹੁਰੀਂ ਮੋੜਵੀਂ ਮਕਾਣ ਆਏ ਧੀਰੇ ਹੋਰੀਂ ਅੰਦਰ ਬੈਠੇ ਚਾਹ ਪੀ ਰਹੇ ਸਨ।



- ਨਹੀਂ, ਧੀਰਾ ਵਖੇਰਾ ਮੰਨਦਾ ਤੀ ਦੇਬੂ ਨੂੰ, ਐਂ ਨੀ ਉਹ ਜੁਆਕਾਂ ਨੂੰ ਬਟਿਰਕਦਾ - ਦੇਬੂ ਦੇ ਸਹੁਰੇ ਨੂੰ ਅਜੇ ਪੂਰੀ ਤਰ੍ਹਾਂ ਸਮਝ ਨੀ ਸੀ ਆਈ ਕਿ ਉਸ ਨੂੰ ਕਿਹੜੀ ਗੱਲ ਕਰਨ ਲਈ ਬਾਹਰ ਬੁਲਾਇਆ ਗਿਆ ਸੀ।

- ਤੂੰ ਤਾਂ ਪਰਾਹੁਣਿਆਂ ਭੋਲਾ ਪੰਛੀ ਐਂ, ਕੱਲ੍ਹ ਨੂੰ ਧੀਰੇ ਦਾ ਵਿਆਹ ਵੀ ਹੋਣੈ! ਆਪਣੀ 'ਲਾਦ ਹੋਏ 'ਤੇ ਬੰਦੇ ਦਾ ਰੁਕ ਬਦਲ ਜਾਂਦਾ ਹੁੰਦੈ - ਕੁੜੀ ਫੇਰ ਆਪਣੇ ਈ ਪਰਨੇ ਪੈਣੀਐ - ਮਰਨ ਤੋਂ ਮਹੈਣ ਭਾਰੀ ਹੁੰਦੈ, ਆਪਾਂ ਵੀ ਦੁਨੀਆ ਦੇਖੀ ਐ -

- ਫੇਰ ਹੁਣ ਆਪਣੇ ਕੋਲ ਕੀ 'ਲਾਜ ਐ, ਜਿਵੇਂ ਕਰੂ ਕਰਤਾਰ ਭੁਗਤ ਲਾਂਗੇ।

- ਕਿਉਂ 'ਲਾਜ ਕਿਉਂ ਨੀ - ਆਪਾਂ ਧੀਰੇ ਨੂੰ ਕਹਿਨੇ ਐ ਬਈ ਛਿੰਦਰੋ ਨੂੰ ਸਿਰ ਧਰੇ - ਸੁੱਖ ਨਾਲ ਵਿਆਹ ਦੀ ਉਮਰ 'ਚ ਐ - ਛਿੰਦਰੋ ਦੇ ਮਾਮੇ ਨੇ, ਮਨਾਂ 'ਚ ਸੁਲਘਦੀ ਗੱਲ ਨੂੰ ਬੋਲ ਦੇ ਦਿੱਤੇ ਸਨ।

ਗੱਲ ਤੁਰੀ ਤਾਂ ਛਿੰਦਰੋ ਤਕ ਵੀ ਪਹੁੰਚੀ। ਉਹਦੇ ਆਪਣੇ ਅੰਦਰੋਂ ਇਕ ਲੰਮਾ ਹਉਕਾ ਈ ਨਿਕਲਿਆ ਸੀ-ਮੇਰੇ ਤਾਂ ਉਹ ਵਿਚਾਰਾ ਨਿਆਣਿਆਂ ਵਰਗੈ। ਮੇਰੇ ਗੋਲਡੀ ਵਰਗਾ ਤੀ ਜਦ ਮੈਂ ਵਿਆਹੀ ਆਈ ਐਂ।

ਧੀਰੇ ਦੇ ਪਹਿਲਾਂ ਤਾਂ ਇਹ ਗੱਲ ਸਮਝ ਈ ਨਹੀਂ ਆਈ ਸੀ। ਉਹਦੇ ਅੰਦਰੋਂ ਬੜਾ ਸਾਦਾ ਜਿਹਾ ਜਵਾਬ ਆਉਂਦਾ ਰਿਹਾ ਸੀ - ਇਹ ਕਿਵੇਂ ਹੋ ਸਕਦੈ - ਗੱਲ ਕਰਦੀ ਮਾਂ 'ਤੇ ਉਹਨੂੰ ਬੇ-ਥਾਹ ਗੁੱਸਾ ਆਇਆ ਸੀ ਤੇ ਫਿਰ ਅਚਾਨਕ ਹੀ ਉਹ ਮਾਂ ਦੇ ਗਲ ਲੱਗ ਕੇ ਧਾਹੀਂ ਰੋ ਪਿਆ ਸੀ। ਉਹਦੇ ਅੰਦਰ ਫਿਰ ਇਕ ਸਾਦਾ ਜਿਹਾ ਹੱਲ ਨਿਕਲ ਆਇਆ ਸੀ। ਟੋਕੇ ਆਲੀ ਮਸ਼ੀਨ ਨਾਲ ਲੱਗੀਆਂ ਖੜ੍ਹੀਆਂ ਆਪਣੀ ਮਾਂ ਤੇ ਭੈਣ ਨੂੰ ਉਹਨੇ ਵੰਗਾਰਨ ਵਾਂਗ ਕਿਹਾ ਸੀ - ਜੇ ਐਡੀ ਓ ਗੱਲ ਐ, ਮੈਂ ਵਿਆਹ ਏ ਨੀ ਕਰਾਊਂ, ਫੇਰ ਤਾਂ ਠੀਕ ਐ।

ਪਰ ਸਿਆਣੇ, ਜਿਨ੍ਹਾਂ ਨੇ ਦੁਨੀਆ ਦੇਖੀ ਹੋਈ ਸੀ, ਜਿਨ੍ਹਾਂ ਦੇ ਵਾਲ ਧੁੱਪ ਵਿਚ ਚਿੱਟੇ ਨਹੀਂ ਸਨ ਹੋਏ, ਜਿਨ੍ਹਾਂ ਦੇ ਘਸੇ ਹੋਏ ਪੋਟਿਆਂ 'ਤੇ ਗਿਣਨ ਜੋਗੇ ਅਜਿਹੇ ਵਖੇਰੇ ਕੇਸ ਵਾਪਰੇ ਹੋਏ ਸਨ, ਚੰਗੀ ਤਰ੍ਹਾਂ ਜਾਣਦੇ ਸਨ, ਕਿ ਇਹ ਠੀਕ ਨਹੀਂ ਸੀ। ਵਿਆਹ ਨਾ ਕਰਵਾਉਣ ਵਾਲੀ ਗੱਲ ਤਾਂ ਛਿਆਂ ਮਹੀਨਿਆਂ ਵਿਚ ਭੁੱਲ-ਭੁਲਾ ਜਾਣੀ ਸੀ। ਸਥਿਤੀ ਹੁਣੇ ਦੋ - ਟੁੱਕ ਫੈਸਲੇ ਦੀ ਮੰਗ ਕਰਦੀ ਸੀ।

ਧੀਰੇ ਨੂੰ ਪਾਸੇ ਕਰਕੇ ਸਰਪੰਚ ਨੇ ਦੋ-ਟੁੱਕ ਗੱਲ ਸਮਝਾ ਵੀ ਦਿੱਤੀ ਸੀ - ਦੇਖ, ਹੁਣ ਤੂੰ ਸਿਆਣੈ, ਆਹ ਮੂੰਹ ਨੀ ਰਹਿੰਦੇ ਹੁੰਦੇ ਫੇਰ। ਹੁਣ ਤਾਂ ਬਹੂ ਰਾਹੀਂ ਐ। ਦੁਧ ਤੇ ਬੁੱਧ ਫਿੱਟਦੀ ਦਾ ਨੀ ਪਤਾ ਲਗਦਾ ਹੁੰਦਾ। ਕਲ੍ਹ ਨੂੰ ਕੋਈ ਓਪਰਾ ਬੰਦਾ ਘਰ ਆਉਣ ਲੱਗ ਪਿਆ, ਮੂੰਹ-ਲੂਣੀ ਮਾਰ ਜਾਂਦੀ ਹੁੰਦੀ ਐ, ਘਰ ਜਵਾਨ ਕੁੜੀ ਐ, ਤੈਨੂੰ ਮੈਂ ਦੱਸਾਂ ਅੱਗੇ ਤੂੰ ਵਿਚਾਰ ਲੈ -

ਤੇ ਬਹੁਤ ਸੋਚ ਵਿਚਾਰ ਪਿੱਛੋਂ, ਬਹੁਤ ਅੱਗਾ-ਪਿੱਛਾ ਦੇਖਣ ਤੋਂ ਬਾਅਦ, ਭੋਗ ਵਾਲੇ ਦਿਨ ਪੱਗ ਧੀਰੇ ਦੇ ਸਿਰ 'ਤੇ ਬੰਨ੍ਹ ਦਿੱਤੀ ਗਈ ਸੀ। ਫੁੱਟ ਫੁੱਟ ਰੋਂਦੀ ਛਿੰਦਰੋ ਦਾ ਸਿਰ ਵਾਹ ਕੇ, ਚੀਰਮੀ 'ਚ ਸੰਧੂਰ ਪਾ ਧੀਰੇ ਦੇ ਬਰਾਬਰ ਬਿਠਾ ਕੇ, ਦੋਹਾਂ ਦੀ ਝੋਲੀ ਪਤਾਸੇ ਪਾ ਦਿੱਤੇ ਗਏ ਸਨ।

ਅਜੇ ਹਫਤਾ ਪਹਿਲਾਂ, ਘਰ ਵਿਚ ਸਭ ਤੋਂ ਛੋਟਾ ਧੀਰਾ ਕਬੀਲਦਾਰ ਅਤੇ ਦੋ ਬੱਚਿਆਂ ਦਾ ਬਾਪ ਬਣ ਗਿਆ ਸੀ।

- ਹੁਣ ਤੂੰ ਹੋਰ ਵੀ ਜ਼ੋਰ ਲਾਕੇ ਪੜ੍ਹ ਜੋਤੀ, ਵੀਰੇ ਦਾ ਜੀਅ ਤੀ ਤੈਨੂੰ ਪੜ੍ਹਾਉਣ 'ਚ, ਆਪਾਂ ਪੂਰਾ ਕਰਾਂਗੇ। ਭੋਗ ਤੋਂ ਚਾਰ ਕੁ ਦਿਨ ਬਾਅਦ, ਅਣਮੰਨੇ ਜਿਹੇ ਦਿਲ ਨਾਲ ਸਕੂਲ ਨੂੰ ਤਿਆਰ ਹੋ ਰਹੀ ਰਣਜੋਤ ਦੀ ਪਿੱਠ ਥਾਪੜਦਿਆਂ ਧੀਰੇ ਨੇ ਕਿਹਾ ਸੀ।

...... ਪਿੱਠ 'ਤੇ ਫਿਰਦਾ ਹੱਥ ਮਹਿਸੂਸ ਕਰਕੇ ਰਣਜੋਤ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਆਂਧਰਾ ਦੀ ਮੈਰੀ ਪੀਟਰ ਸੀ।

- ਅਰੇ ਤੂ ਕਿਆ ਸਾਲਾ ਮੁਰਦੋਂ ਕੀ ਮਾਫਕ ਬੈਠਾ ਹੈ, ਲਾਈਨ ਅੱਪ ਮੇਂ ਨਹੀਂ ਜਾਨਾ ਹੈ ਕਿਆ ? ਉਧਰ ਸਾਲਾ ਕੁਮੈਂਟੇਟਰ ਆਠ ਸੌ ਕੇ ਲੀਏ ਫਾਈਨਲ ਕਾਲ ਬੋਲ ਰਹਾ ਹੈ ਔਰ ਤੂ ਸਾਲਾ ਅਭੀ ਬੂਟੋਂ ਸੇ ਤੀਨ ਦੋ ਪਾਂਚ ਹੋ ਰਹਾ ਹੈ।-

ਸਾਲਾ ਮੈਰੀ ਦਾ ਤਕੀਆ ਕਲਾਮ ਸੀ ਅਤੇ ਤੀਨ ਦੋ ਪਾਂਚ ਉਹਦਾ ਕੋਈ ਆਪੇ ਘੜਿਆ ਮੁਹਾਵਰਾ ਜਿਸ ਨੂੰ ਉਹ ਹਰ ਥਾਂ ਫਿੱਟ ਕਰਨ ਦਾ ਕਮਾਲ ਰੱਖਦੀ ਸੀ।

- ਹਮ ਅਬ ਆਠ ਸੌ ਨਹੀਂ ਦੌੜਤੀ, ਪਾਂਚ ਹਜ਼ਾਰ ਮੇਂ ਜਾਏਗਾ - ਰਣਜੋਤ ਨੇ ਖੜ੍ਹੀ ਹੋ ਕੇ ਮੈਰੀ ਨਾਲ ਹੱਥ ਮਿਲਾਉਂਦਿਆਂ ਕਿਹਾ ਸੀ। ਚਾਰ ਸਾਲ ਪਹਿਲਾਂ ਉਹ ਦੋਵੇਂ ਜੂਨੀਅਰ ਸਕੂਲ ਮੀਟ ਸਮੇਂ ਮਿਲੀਆਂ ਸਨ। ਦੋਵੇਂ ਅੱਠ ਸੌ ਦੌੜਦੀਆਂ ਸਨ ਅਤੇ ਪ੍ਰੈਕਟਿਸ ਸੈਸ਼ਨ ਦੌਰਾਨ ਇਕੋ ਬੈਚ ਵਿਚ ਹੋਣ ਕਰਕੇ ਖਾਸੀ ਨੇੜਤਾ ਹੋ ਗਈ ਸੀ। ਉਦੋਂ ਰਣਜੋਤ ਸੈਕੰਡ ਅਤੇ ਮੈਰੀ ਥਰਡ ਰਹੀ ਸੀ।

- ਅਰੇ ਤੂ ਠੀਕ ਬੋਲਤਾ ਹੈ ? ਮੈਰੀ ਸੱਚਮੁੱਚ ਹੈਰਾਨ ਹੋ ਗਈ ਸੀ।

- ਤੁਮ ਲੋਗ ਨੇ ਤੋ ਸਾਲਾ ਸਬ ਤੀਨ ਦੋ ਪਾਂਚ ਕਰ ਦੀਆ - ਮੈਂ ਸਾਲ੍ਹਾ ਦੋ ਮੰਥ ਸੇ ਤਯਾਰੀ ਕਰ ਰਹਾ ਥਾ ਕਿ ਜੋਤੀ ਕੋ ਹਰਾ ਕਰ ਮੈਡਲ ਮਾਰੇਗਾ - ਮੈਰੀ ਸਟਾਰਟਿੰਗ ਵੱਲ ਜਾਂਦੀ ਹੋਈ ਬੋਲੀ ਸੀ। ਪਰ ਥੋੜ੍ਹੀ ਦੂਰ ਜਾ ਕੇ ਉਹਨੇ ਜੋਤੀ ਵੱਲ ਮੁੜਕੇ ਵੇਖਦਿਆਂ ਸ਼ਰਾਰਤ ਵਿਚ ਅੱਖਾਂ ਸੁਕੇੜੀਆਂ ਸਨ - ਅਰੇ, ਜੋਤੀ, ਤੂਨੇ ਕਿੱਟ ਪਹਿਨਨਾ ਕਬ ਸੇ ਚਾਲੂ ਕੀਆ - ਔਰ ਤੇਰਾ ਬੋ ਕਹਾਂ ਗਿਆ, ਕਿਆ ਬੋਲਤਾ ਥਾ ਉਸੇ ਬੋ ਸਾਲਾ ਨੀਕਰ-ਨੀਕਰ, ਕਹਿ ਕੇ ਮੈਰੀ ਆਪ ਹੀ ਹੱਸ ਪਈ ਸੀ।

ਪਹਿਲਾਂ ਨੀਕਰ ਅਤੇ ਖੁਲ੍ਹੀ ਬਨੈਣ ਪਾ ਕੇ ਹੀ ਦੌੜਦੀ ਹੁੰਦੀ ਸੀ ਰਣਜੋਤ। ਪ੍ਰੈਕਟਿਸ ਵੇਲੇ ਤਾਂ ਉਸ ਨੇ ਕਦੇ ਸਲਵਾਰ ਕਮੀਜ਼ ਵੀ ਨਹੀਂ ਸਨ ਬਦਲੇ। ਆਪਣੇ ਉਮਰ ਗਰੁੱਪ ਦੀਆਂ ਆਮ ਕੁੜੀਆਂ ਨਾਲੋਂ ਹੁੰਦੜ-ਹੇਲ ਅਤੇ ਹੱਡੀਂ ਪੈਰੀਂ ਖੁਲ੍ਹੀ ਹੋਣ ਕਰਕੇ ਉਹਨੂੰ ਸੰਗ ਬੜੀ ਲਗਦੀ ਸੀ। ਇਹ ਕਿੱਟ ਪਹਿਨਣ ਵਾਲੀ ਗੱਲ ਤਾਂ ਧੀਰੇ ਨੇ ਹੀ ਜ਼ੋਰ ਦੇ ਕੇ ਮੰਨਵਾਈ ਸੀ।

ਦਸਵੀਂ ਕਰਨ ਤੋਂ ਬਾਅਦ ਰਣਜੋਤ ਨੂੰ ਸ਼ਹਿਰ ਪਲੱਸ ਵੰਨ ਵਿਚ ਦਾਖਲ ਹੋਣਾ ਪਿਆ ਸੀ। ਜੂਨੀਅਰ ਵਿਚ ਨੈਸ਼ਨਲ ਖੇਡ ਆਈ ਹੋਣ ਕਰਕੇ, ਸ਼ਹਿਰ ਵਿਚਲੇ ਕੁੜੀਆਂ ਦੇ ਦੋਵਾਂ ਸਕੂਲਾਂ ਦੇ ਡੀ.ਪੀ. ਈ. ਉਹਨੂੰ ਘਰੋਂ ਲੈਣ ਆਏ ਸਨ। ਫੀਸ ਮਾਫੀ ਦੇ ਨਾਲ ਵਜ਼ੀਫ਼ਾ ਅਤੇ ਹੋਰ ਸਹੂਲਤਾਂ ਦੇ ਨਾਲ ਵਧੀਆ ਅਥਲੈਟਿਕਸ ਦਾ ਕੋਚ ਵੇਖਦਿਆਂ ਧੀਰੇ ਨੇ ਉਹਨੂੰ, ਮਨ ਪਸੰਦ ਸਕੂਲ ਵਿਚ ਦਾਖਲ ਕਰਵਾਇਆ ਸੀ।

ਪਰ ਪ੍ਰੈਕਟਿਸ ਦੀ ਸਮੱਸਿਆ ਬਣ ਗਈ ਸੀ। ਪਿੰਡ ਭਾਵੇਂ ਜਮ੍ਹਾ ਸ਼ਹਿਰ ਦੀਆਂ ਜੜ੍ਹਾਂ 'ਚ ਸੀ ਪਰ ਸਵੇਰ ਵੇਲੇ ਪ੍ਰੈਕਟਿਸ ਲਈ ਜਾਣ ਵੇਲੇ ਮੂੰਹ-ਹਨੇਰਾ ਹੁੰਦਾ ਅਤੇ ਧੀਰੇ ਨੂੰ ਹਰ ਰੋਜ਼ ਰਣਜੋਤ ਦੇ ਨਾਲ ਜਾਣਾ ਪੈਂਦਾ। ਉਥੇ ਹੀ ਬਾਕੀ ਕੁੜੀਆਂ ਦੇ ਸਲਵਾਰ ਕਮੀਜ਼ ਦੀ ਥਾਂ ਕਿੱਟਾਂ ਪਾਈਆਂ ਵੇਖ ਧੀਰੇ ਨੇ ਇਕ ਦਿਨ ਸਹਿਜ -ਭਾਅ ਰਣਜੋਤ ਨੂੰ ਪੁੱਛਿਆ ਸੀ।

- ਆਹ ਭੱਜਣ ਆਲੇ ਕੱਪੜੇ ਤੇਰੇ ਕੋਲ ਨੀ ਹੈਗੇ ?

- ਹੈਗੇ ਨੇ, ਇਹ ਤਾਂ ਸਾਨੂੰ ਸਾਰਿਆਂ ਨੂੰ ਸਕੂਲ ਵੱਲੋਂ ਹੀ ਮਿਲੇ ਹੋਏ ਨੇ -

- ਫੇਰ ਤੂੰ ਵੀ ਪਾਇਆ ਕਰ, ਐਵੇਂ ਸਲਵਾਰ 'ਚ ਅੜ੍ਹਕਦੀ ਜੀ ਫਿਰੀ ਜਾਨੀ ਐ। ਬਾਕੀ ਕੁੜੀਆਂ ਦੇਖ ਕਿਵੇਂ ਫਰਨ ਫਰਨ ਭੱਜੀਆਂ ਫਿਰਦੀਐਂ।

ਸੰਗਦੀ ਸੰਗਾਉਂਦੀ ਜੋਤੀ ਨੇ ਕਿੱਟ ਪਾ ਲਈ ਸੀ ਅਤੇ ਡਰੈਸਿੰਗ ਰੂਪ ਵਿਚ, ਸ਼ੀਸ਼ੇ ਮੂਹਰੇ ਖੜ੍ਹੀ ਉਹ ਕਿੰਨੀ ਹੀ ਦੇਰ ਆਪਣੇ ਵੱਲ ਵੇਖ ਹੈਰਾਨ ਹੁੰਦੀ ਰਹੀ ਸੀ - ਕੀ ਇਹ ਉਹਦਾ ਈ ਸਰੀਰ ਸੀ!

ਇਹ ਹੀ ਗੱਲ ਲਾਈਨ ਅੱਪ ਵੱਲ ਜਾਂਦੀ ਮੈਰੀ ਪੀਟਰ ਨੇ ਮੁੜਕੇ ਆ ਕੇ ਕਹੀ ਸੀ -

- ਅਰੇ ਕਿਆ ਫਿੱਗਰ ਐ ਤੇਰਾ ਜੋਤੀ! ਸਾਲਾ ਬਿਊਟੀ ਕੁਈਨ ਕੀ ਮਾਫਕ ਵੀ ਸ਼ੇਪ। ਏਕ ਬਾਤ



ਕਹੂੰ ਜੋ ਮੈਨੇ ਅਭੀ ਅਭੀ ਸੋਚਾ ਥਾ। ਅਗਰ ਮੈਂ ਲੜਕਾ ਹੋਤਾ, ਤੋ ਸਾਲਾ ਤੁਮਸੇ ਸ਼ਾਦੀ ਬਨਾਨੇ ਕੇ ਲੀਏ ਮਰ ਜਾਤਾ, ਕਸਮ ਸੇ -

- ਕਸਮ ਤਾਂ ਭੂਆ ਨੇ ਵੀ ਪੁਆਈ ਸੀ ਮੰਮੀ ਨੂੰ - ਰਣਜੋਤ ਨੇ ਮਨ ਹੀ ਮਨ ਸੋਚਿਆ। ਮੈਰੀ ਦੀਆਂ ਸਾਰੀਆਂ ਗੱਲਾਂ ਨੇ ਉਸ ਨੂੰ ਬੇਚੈਨ ਕਰ ਦਿੱਤਾ ਸੀ। ਅੱਜ ਉਹ ਸਵੇਰ ਤੋਂ ਹੀ ਇਸ ਕੋਸ਼ਿਸ਼ ਵਿਚ ਸੀ ਕਿ ਸੁਪਨੇ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਦੌੜੇਗੀ। ਬੱਸ ਉਸ ਦੇ ਅੰਦਰ ਸਰ ਰੋਜਰ ਬਨਿਸਟਰ ਦੀ ਬਣਾਈ ਯੋਜਨਾ ਹੀ ਹੋਵੇਗੀ। ਮਨ 'ਤੇ ਪੈਂਦੇ ਵਾਰ ਵਾਰ ਨਿਰਾਸ਼ਾ ਦੇ ਪ੍ਰਭਾਵ ਤੋਂ ਮੁਕਤ ਵੀ ਰਹੀ ਸੀ ਉਹ। ਘੱਟੋ ਘੱਟ ਇੰਨਾ ਕੁ ਮੁਕਤ ਤਾਂ ਉਹ ਕਰ ਹੀ ਸਕੀ ਸੀ, ਆਪਣੇ ਆਪ ਨੂੰ, ਕਿ ਲਗਾਤਰ ਪਿੱਛਾ ਕਰਦੇ ਸ਼ੇਰ ਦੀਆਂ ਅੱਖਾਂ 'ਚੋਂ ਪਾਪਾ ਦੀਆਂ ਅੱਖਾਂ ਨਹੀਂ ਝਾਕਦੀਆਂ ਅਤੇ ਲੱਠ ਨਾਲ ਲਟਕਦੇ ਪਾਪਾ ਦੇ ਬੇ-ਜਾਨ ਪੈਰਾਂ ਦਾ ਪ੍ਰਛਾਵਾਂ ਵੀ ਧੁੰਦਲਾ ਪੈ ਗਿਆ ਸੀ। ਉਸ ਦੀ ਸਾਰੀ ਸੁਰਤੀ ਅੱਜ ਜਿੱਤਣ 'ਤੇ ਕੇਂਦਰਿਤ ਸੀ ਅਤੇ ਉਹ ਸਵੇਰ ਤੋਂ ਹੀ ਰੀਟਾ ਦੇ ਰੇਸ ਸਟਾਈਲ ਨੂੰ ਮਨੋ-ਮਨੀ ਇਕਾਗਰ-ਚਿੱਤ ਚਿਤਵਦੀ ਰਹੀ ਸੀ।

ਪਰ ਮੈਰੀ! ਖਾਸ ਤੌਰ 'ਤੇ ਉਸ ਦੀ ਸੁਭਾਵਕ ਕਹੀ ਵਿਆਹ ਵਾਲੀ ਗੱਲ, ਰਣਜੋਤ ਨੂੰ ਫਿਰ ਬੇਚੈਨ ਕਰ ਗਈ ਸੀ - ਕਸਮਾਂ ਵੀ ਬੱਸ ਦਾਅ - ਪੇਚ ਏ ਹੁੰਦੀਆਂ ਨੇ ਮੈਰੀ - ਰਣਜੋਤ ਦੇ ਬੁੱਲ੍ਹਾਂ 'ਤੇ ਇਕ ਕੌੜੀ ਮੁਸਕਰਾਹਟ ਫੈਲ ਗਈ ਸੀ।

ਪਰ ਉਦੋਂ ਭੂਆ ਦੀ ਗੱਲ ਸੁਣਕੇ, ਮੰਮੀ ਦੇ ਮੂੰਹ 'ਤੇ ਆਈ ਮੁਸਕਰਾਹਟ, ਮਹਿਕ ਵਰਗੀ ਖੁਸ਼ੀ ਵੰਡ ਗਈ ਸੀ।

- ਤੂੰ ਇਹ ਕਿਹੜੀ ਗੱਲ ਕਹੀ ਬੀਬੀ ? ਜੋਤੀ ਥੋਡੀਓ ਕੁੜੀ ਐ, ਪੰਜ ਕਰਿਓਂ ਪੰਜਾਹ ਕਰਿਓ - ਮੈਂ ਨੀ ਤਿੰਨ ਤੇਰ੍ਹਾਂ 'ਚ ਆਉਂਦੀ।

ਛਿੰਦਰੋ ਅਸਲ ਵਿਚ ਆਪਣੀ ਨਣਦ ਦਾ ਅਹਿਸਾਨ ਮੰਨਦੀ ਸੀ। ਮਾਪਿਆਂ ਵੱਲੋਂ, ਸਿਰ ਧਰਨ ਵਾਲੀ ਗੱਲ, ਛਿੰਦਰੋ ਦੇ ਖਾਨੇ 'ਚ ਤਾਂ ਛੇਤੀਓ ਵੜ ਗਈ ਸੀ। ਪਰ ਧੀਰੇ ਨੂੰ ਮਨਾਉਣ ਵਿਚ ਬਹੁਤਾ ਹੱਥ ਉਹਦੀ ਨਣਦ ਦਾ ਸੀ। ਇਸੇ ਲਈ, ਜਦੋਂ ਉਹਦੀ ਨਣਦ ਨੇ ਆਪਣੇ ਦਿਉਰ ਲਈ ਰਿਸ਼ਤੇ ਦੀ ਗੱਲ ਕੀਤੀ ਸੀ ਤਾਂ ਛਿੰਦਰੋ ਨੇ ਬਿਨਾਂ ਬਹੁਤਾ ਵਿਚਾਰਿਆਂ ਹਾਂ ਹੀ ਕਰ ਦਿੱਤੀ ਸੀ। ਪਰ ਉਹਦੀ ਨਣਦ, ਆਪਣੇ ਭਰਾ ਦੀ ਕਸਮ ਪੁਆ ਕੇ ਪੱਕ ਮੰਨੀ ਸੀ। ਉਹ ਜਾਣਦੀ ਸੀ ਕਿ ਰਣਜੋਤ ਲਈ ਚੰਗੇ ਤੋਂ ਚੰਗੇ ਰਿਸ਼ਤੇ ਆਉਣੇ ਸ਼ੁਰੂ ਹੋ ਜਾਣੇ ਸਨ। ਖੂਬਸੂਰਤ ਚਿਹਰਾ, ਪੜ੍ਹਾਈ 'ਚ ਵਧੀਆ ਨੰਬਰ, ਖੇਡਾਂ ਚੋਂ ਨੰਬਰ ਇਕ ਅਤੇ ਸਭ ਤੋਂ ਉਪਰ ਲੋਹੜੇ ਦਾ ਸ਼ਰੀਫ ਸੁਭਾਅ, ਕੀ ਨਹੀਂ ਸੀ ਰਣਜੋਤ 'ਚ।

ਇਹ ਸਭ ਕੁਝ ਤਾਂ ਰਣਜੋਤ 'ਚ ਹੁਣ ਵੀ ਉਵੇਂ ਸੀ। ਪਰ ਭੂਆ, ਮੰਮੀ ਨੂੰ ਪੁਆਈ ਕਸਮ ਆਪ ਇੰਨੀ ਚੰਗੀ ਤਰ੍ਹਾਂ ਭੁੱਲ ਚੁੱਕੀ ਸੀ ਕਿ ਉਹਦੇ ਯਾਦ ਦਿਵਾਂਦਿਆਂ ਵੀ ਯਾਦ ਨਹੀਂ ਸੀ ਆਉਂਦੀ। ਯਾਦ ਤਾਂ ਇਕ ਪਾਸੇ ਹੁਣ ਤਾਂ ਭੂਆ ਵੀ ਨਹੀਂ ਸੀ ਆਉਂਦੀ।

ਕੋਈ ਵੀ ਨਹੀਂ ਸੀ ਆਉਂਦਾ ਹੁਣ ਤਾਂ!

ਜਿਵੇਂ ਗੜੇਮਾਰ, ਲਹਿਲਹਾਉਂਦੀ ਫਸਲ ਨੂੰ ਪਲੋ ਪਲੀ ਤਬਾਹ ਕਰ ਦਿੰਦੀ ਹੈ, ਇਸ ਤਰ੍ਹਾਂ ਹੀ ਇਕੋ ਘਟਨਾ ਨੇ ਸਾਰੇ ਰਿਸ਼ਤੇ ਪਲੋ ਪਲੀ ਤਬਾਹ ਕਰ ਦਿੱਤੇ ਸਨ। ਲਗਦਾ ਸੀ ਜਿਵੇਂ ਮਿਸਤਰੀਆਂ ਦੇ ਟੱਬਰ ਅਤੇ ਬਾਕੀ ਦੀ ਦੁਨੀਆ ਵਿਚਕਾਰ ਸ਼ੀਸ਼ੇ ਦੀ ਇਕ ਅਦਿਖ ਕੰਧ ਉਸਰ ਗਈ ਹੋਵੇ। ਸ਼ੀਸ਼ੇ ਦੇ ਉਸ ਪਾਰ ਲੋਕ ਦਿਸਦੇ ਤਾਂ ਸਨ, ਦੇਖਣ ਨੂੰ ਨੇੜੇ ਬੜੇ ਲਗਦੇ ਸਨ ਪਰ ਜਦ ਵੀ ਨੇੜੇ ਆਉਣ ਦੀ ਕੋਈ ਕੋਸ਼ਿਸ਼ ਜਾਂ ਮੌਕਾ ਹੁੰਦਾ ਤਾਂ ਅਚਾਨਕ ਉਹ ਸ਼ੀਸ਼ੇ ਦੀ ਦੀਵਾਰ ਠੋਸ ਰੂਪ ਧਾਰ ਵਿਚ ਆ ਜਾਂਦੀ। ਇਸ ਦੀਵਾਰ ਦੀ ਹੋਂਦ ਅਤੇ ਟੱਕਰ ਰਣਜੋਤ ਨੇ ਬਹੁਤ ਵਾਰ ਮਹਿਸੂਸ ਵੀ ਕੀਤੀ ਸੀ ਅਤੇ ਤੋੜਨ ਦੀ ਕੋਸ਼ਿਸ਼ ਵੀ। ਪਰ ਨਹੀਂ ਸੀ ਤੋੜ ਸਕੀ।

- ਪਰ ਅੱਜ ਮੈਂ ਦੀਵਾਰ ਵੀ ਤੋੜਾਂਗੀ ਅਤੇ ਰਿਕਾਰਡ ਵੀ - ਰਣਜੋਤ ਨੇ ਵਾਰਮ ਅੱਪ ਹੋਣ ਲਈ ਟਰੈਕ ਸੂਟ ਪਾਉਂਦਿਆਂ ਪਤਾ ਨਹੀਂ ਕਿੰਨਵੀਂ ਵਾਰ ਫਿਰ ਰੀਟਾ ਨੂੰ ਪਛਾੜਨ ਵਾਲੀ ਗੱਲ ਸੋਚੀ। ਰੀਟਾ

ਦੀਆਂ ਕਮਜ਼ੋਰੀਆਂ ਬਾਰੇ ਵਿਚਾਰ ਕਰਦਿਆਂ, ਰਣਜੋਤ ਨੇ, ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਲੱਭ ਲਈ ਸੀ। ਰੇਸ ਸ਼ੁਰੂ ਹੁੰਦਿਆਂ ਹੀ ਬਰਾਬਰ ਵਾਲੇ 'ਤੇ ਹਾਵੀ ਹੋਣ ਦੀ ਆਦਤ। ਰੀਟਾ ਹਮੇਸ਼ਾ ਪੰਜ ਹਜ਼ਾਰ ਵੀ ਪੰਦਰਾਂ ਸੌ ਦੇ ਸਟਾਈਲ ਵਿਚ ਦੌੜਦੀ ਸੀ। ਪਹਿਲੇ ਚਾਰ ਚੱਕਰਾਂ ਦੌਰਾਨ ਹੀ ਤਿੰਨ ਸੌ ਮੀਟਰ ਤੋਂ ਚਾਰ ਸੌ ਮੀਟਰ ਦਾ ਫਰਕ ਪਾਕੇ, ਆਪਣੀ ਸਪੀਡ ਮੇਨਟੇਨ ਕਰ ਲੈਣੀ। ਅਗਲਾ ਫਰਕ ਕੱਢਦਿਆਂ ਹੀ ਦਮ ਤੁੜਾ ਬਹਿੰਦਾ ਤੇ ਆਖਰੀ ਲੈਪ ਰੀਟਾ ਫਿਰ, ਬਚਾਏ ਹੋਏ ਦਮ ਨਾਲ ਸਪਰਿੰਟ ਵਾਂਗ ਪੂਰੇ ਕਰਦੀ।

- ਪਰ ਅੱਜ ਅੰਤਰ ਵੀ ਅਤੇ ਸਪਰਿੰਟ ਵੀ ਤੂੰ ਮੇਰੀ ਮਰਜ਼ੀ ਨਾਲ ਦੌੜੇਂਗੀ ਰੀਟਾ - ਕਿਉਂਕਿ ਮੇਰੇ ਨਾਲ ਸਰ ਰੋਜਰ ਬਨਿਸਟਰ ਵੀ ਦੌੜੇਗਾ। - ਰਣਜੋਤ ਨੇ ਜਿਵੇਂ ਆਪਣੇ ਮੋਰਚੇ ਨੂੰ ਪੁਨਰ ਸੁਰਜੀਤ ਕਰ ਲਿਆ ਸੀ। ਉਸ ਨੇ ਸਵੇਰੇ ਸਵੇਰੇ ਹੋਈ ਕੋਚ ਨਾਲ ਮੁਲਾਕਾਤ ਆਪਣੇ ਅੰਦਰ ਬੈਠੇ ਰੋਜਰ ਬਨਿਸਟਰ ਨੂੰ ਫਿਰ ਸੁਣਾਈ -

- ਪਹਿਲੇ ਚਾਰ ਹਜ਼ਾਰ ਮੀਟਰ ਸਿਰਫ ਸਟੈਪ ਦੇ ਆਸਰੇ ਪੂਰੇ ਕਰਨੇ ਐ। ਸਪੀਡ ਸਾਰੀ ਦੀ ਸਾਰੀ ਬਚਾ ਕੇ ਰੱਖਣੀ ਐ। ਫਰਕ ਵੱਧੋ ਵੱਧ ਸੌ ਮੀਟਰ, ਇਦੋਂ ਵੱਧ ਫਰਕ ਨੀ ਰੀਟਾ ਨੇ ਕੱਢਣ ਦੇਣਾ। ਉਹਦੀ ਆਖਰੀ ਸਪਰਿੰਟ ਬਹੁਤ ਤਕੜੀ ਐ -

ਇਹ ਹੀ ਰਣਜੋਤ ਦੀ ਪਿਛਲੇ ਦੋ ਮਹੀਨੇ ਦੀ ਪ੍ਰੈਕਟਿਸ ਦਾ ਸਾਰ ਵੀ ਸੀ। ਉਹਦਾ ਸਟੈਪ, ਰੀਟਾ ਨਾਲੋਂ, ਫੁੱਟ ਤੋਂ ਵੀ ਵੱਧ ਵੱਡਾ ਸੀ ਤੇ ਉਹਨੇ ਸਪੀਡ ਬਚਾ ਕੇ, ਸਟੈਪ ਦੇ ਆਸਰੇ ਦੂਰੀ ਤਹਿ ਕਰਨੀ ਸਿੱਖ ਲਈ ਸੀ। ਤੇ ਅੱਜ ਦੇ ਸਟੈਪ ਨਾਲ ਤਾਂ ਉਸ ਨੇ ਸੱਤ ਸਮੁੰਦਰੋਂ ਪਾਰ ਦੀ ਦੂਰੀ ਤਹਿ ਕਰਨੀ ਸੀ। ਅੱਜ ਦੀ ਜਿੱਤ ਨੇ ਉਸ ਨੂੰ 'ਕਾਮਨ ਵੈਲਥ' ਖੇਡਾਂ ਲਈ ਕਨੇਡਾ ਦੀ ਟਿਕਟ ਦਿਵਾ ਦੇਣੀ ਸੀ ਅਤੇ ਫਿਰ ਉਸ ਲਈ ਨਵੀਂ ਹੀ ਨਹੀਂ ਸਗੋਂ ਪੁਰਾਣੀ ਦੁਨੀਆ ਦੇ ਬੰਦ ਹੋਏ ਦਰਵਾਜ਼ੇ ਵੀ ਖੋਲ੍ਹ ਦੇਣੇ ਸਨ।

- ਆਹੋ- ਫੇਰ ਕਾਹਨੂੰ ਏਸ ਚੰਦਰੇ ਪਿੰਡ ਆਉਣੈ - ਉਥੇ ਈ ਰਹਿ ਪੀਂ ਨਾਲੇ ਅਸੀਂ ਉਜੜੇ ਹੋਏ ਵਸ ਜਾਂਗੇ। - ਉਹਦੀ ਦਾਦੀ ਨੇ ਹਉਕਿਆਂ ਵਰਗੇ ਬੋਲ ਕਹੇ ਸਨ -

- ਇਥੇ ਤਾਂ ਜੈ-ਖਾਣੇ ਦੀਆਂ ਅੱਖਾਂ ਜਿਵੇਂ ਪਿੰਡਾ ਚੀਰ ਕੇ ਨਿਕਲ ਦੀਆਂ ਨੇ -

ਇਹਨਾਂ ਨਿਗਾਹਾਂ ਤੋਂ ਬਚਣ ਲਈ ਹੀ ਰਣਜੋਤ ਨੇ ਵਾਪਸ ਨਾ ਆਉਣ ਦਾ ਫੈਸਲਾ ਲਿਆ ਸੀ।

- ਬੱਸ ਹੰਨੇ ਜਾਂ ਬੰਨੇ - ਆਖਦਿਆਂ ਰਣਜੋਤ ਨੇ ਅੱਸੀ ਮੀਟਰ ਦੀ ਵਾਰਮ-ਅੱਪ ਸਪਰਿੰਟ ਪੂਰੀ ਕੀਤੀ। ਅੱਜ ਪਹਿਲੀ ਵਾਰ ਉਹਨੇ ਇਹ ਗੱਲ ਪੂਰੀ ਸ਼ਿੱਦਤ ਨਾਲ ਮਹਿਸੂਸ ਕੀਤੀ ਸੀ ਕਿ ਲੰਮੀਆਂ ਰੇਸਾਂ ਨੂੰ ਹਮੇਸ਼ਾਂ ਮਿੱਡ-ਡੇ ਈਵੈਂਟ ਹੀ ਕਿਉਂ ਰੱਖਿਆ ਜਾਂਦਾ ਹੈ। ਲੰਮੀ ਰੇਸ ਸਰੀਰਕ ਅਤੇ ਮਾਨਸਿਕ ਤਿਆਰੀ ਲਈ ਵੀ ਲੰਮਾ ਹੀ ਸਮਾਂ ਲੋੜਦੀ ਹੈ।

ਸਰੀਰਕ ਤੌਰ 'ਤੇ ਰਣਜੋਤ ਪਹਿਲਾਂ ਤੋਂ ਹੀ, ਹਮੇਸ਼ਾ ਹੀ ਪੂਰੀ ਤਰ੍ਹਾਂ ਫਿੱਟ ਰਹੀ ਸੀ ਤੇ ਅੱਜ ਉਸ ਦੀ ਮਾਨਸਿਕ ਤਿਆਰੀ ਵੀ ਜੇਤੂਆਂ ਵਾਲੀ ਸੀ। ਠੀਕ ਸਾਢੇ ਬਾਰਾਂ ਲੈਪ ਦੌੜਨੇ ਸਨ। ਹਰ ਲੈਪ ਲਈ ਲੋੜੀਂਦੀ ਸਮਾਂ ਅਤੇ ਅੱਗੇ ਜਾਂਦੀ ਰੀਟਾ ਨਾਲੋਂ ਗੈਪ, ਹਰ ਚੀਜ਼ ਪੂਰੀ ਤਰ੍ਹਾਂ ਸਾਫ ਸੀ।

-ਰਿਕਾਰਡ ਤੋੜ - ਜਿਵੇਂ ਧੀਰਾ ਕਿਹਾ ਕਰਦਾ ਸੀ।

ਰਿਕਾਰਡ ਤੋੜ ਕੇ ਹੀ ਅੱਠ ਸੌ ਜਿੱਤੀ ਸੀ ਮੈਰੀ ਨੇ। ਪਹਿਲਾਂ ਰੇਸ ਦੌਰਾਨ ਰਣਜੋਤ ਉਸ ਦੇ ਨਾਲ ਰਹਿ ਕੇ ਹੀ ਉਸ ਨੂੰ ਹੱਲਾਸ਼ੇਰੀ ਦਿੰਦੀ ਰਹੀ ਸੀ ਅਤੇ ਫਿਰ ਵਿਕਟਰੀ ਸਟੈਂਡ 'ਤੇ ਖੜ੍ਹੀ ਮੈਰੀ ਉਸ ਦੀ ਵਿਸ਼ ਕਬੂਲਦੀ ਰਹੀ ਸੀ, ਹੱਥ ਹਿਲਾਉਂਦੀ ਰਹੀ ਸੀ। ਵਧਾਈਆਂ ਕਬੂਲਦੀ ਮੈਰੀ ਆਪਣੇ ਕੋਚ ਅਤੇ ਮੈਨੇਜਰ ਤੋਂ ਸ਼ਾਬਾਸ਼ ਲੈ, ਸਿੱਧੀ ਰਣਜੋਤ ਕੋਲ ਹੀ ਆਈ ਸੀ

-ਕੰਗਰੇਟਸ ਮੈਰੀ - ਯੂ ਹੈਵ ਡੰਨ ਇਟ - ਮੈਰੀ ਨੂੰ ਗਲ ਨਾਲ ਘੁੱਟਦਿਆਂ ਰਣਜੋਤ ਨੂੰ ਸੱਚ ਮੁੱਚ ਇਕ ਹੁਲਾਸ ਜਿਹਾ ਮਿਲਿਆ ਸੀ।



- ਥੈਂਕਸ, ਯੂ ਆਲਸੋ ਹੈਵ ਟੂ ਡੂ ਇਟ - ਮੈਰੀ ਨੂੰ ਅਜੇ ਵੀ ਸਾਹ ਚੜ੍ਹਿਆ ਹੋਇਆ ਸੀ -

- ਅਰੇ ਹਾਂ ਜੋਤੀ, ਤੂ ਕੇਰਲ ਕੀ ਰੀਟਾ ਕਾਟਕਰ ਕੋ ਜਾਨਤਾ ਹੈ ? ਵੋ ਤੇਰਾ ਮੇਨ ਅਪੋਨੈਂਟ ਹੈ। ਹਿੰਦੀ ਮੇਂ ਕਿਆ ਬੋਲਤਾ, ਸਾਲਾ, ਪ੍ਰਤੀਦਵੰਦੀ -

- ਹਾਂ ਜਾਨਤੀ ਹੂੰ, 15-34-8, ਕਾ ਨੈਸ਼ਨਲ ਰਿਕਾਰਡ ਉਸੀ ਕੇ ਨਾਮ ਹੈ - ਜੋਤੀ ਨੇ ਮੈਰੀ ਨਾਲੋਂ ਆਪਣੇ ਆਪ ਨੂੰ ਵੱਧ ਕਿਹਾ ਸੀ।

ਹਾਂ ਯਹੀ ਬਤਾਨਾ ਥਾਂ ਤੁਮੇ। ਆਜ ਮਾਰਨਿੰਗ ਮੇਂ ਜਬ ਮੈਂ ਵਾਰਮ-ਅੱਪ ਹੋ ਰਹਾ ਥਾ ਤੋ ਥੋ ਸਾਲਾ ਉਸ ਕਾ ਕੋਚ, ਤੇਰੀ ਬਾਰੇ ਮੇਂ ਹੀ ਉਸ ਸੇ ਬਾਤ ਕਰਤੇ ਥਾ। ਤੇਰੇ ਰਿਕਾਰਡ ਟਾਈਮ ਕੀ ਬਾਤ ਥਾ ਸ਼ਾਇਦ -

ਗੱਲ ਕਰਦਿਆਂ ਕਰਦਿਆਂ ਰੁਕ ਕੇ ਮੈਰੀ ਅਚਾਨਕ ਹੱਸ ਪਈ ਸੀ ਅਤੇ ਹੱਸਦੀ ਹੀ ਬੋਲੀ ਸੀ -

- ਮੈਨੇ ਸੁਨਾ ਹੈ, ਕੋਚ ਔਰ ਰੀਟਾ ਮੇਂ ਮਾਮਲਾ ਥੋੜ੍ਹਾ ਤੀਨ ਦੋ ਪਾਂਚ ਹੈ, ਸਾਲਾ ਬੋਲਤਾ ਤੋ ਬੇਟਾ ਥਾ ਪਰ ਬਾਤ ਕਰਤੇ ਸਾਲਾ ਸਟਾਈਲ ਬਹੁਤ ਮਾਰਤਾ ਥਾ।

ਮੈਰੀ ਨੂੰ ਕਿਸੇ ਹੋਰ ਨੇ ਆਵਾਜ਼ ਮਾਰ ਲਈ ਸੀ ਅਤੇ ਉਹ ਹੱਸਦੀ ਹੱਸਦੀ ਚਲੀ ਗਈ ਸੀ ਪਰ ਰਣਜੋਤ ਦੇ ਉਸਾਰੇ ਮੋਰਚੇ ਵਿਚ ਜਿਵੇਂ ਫਿਰ ਦਰਾੜ ਆ ਗਈ ਸੀ। ਉਹ ਇਸ ਤਰ੍ਹਾਂ ਦੀ ਕਿਸੇ ਵੀ ਗੱਲ ਤੋਂ ਹਮੇਸ਼ਾ ਦੂਰ ਰਹਿੰਦੀ ਸੀ। ਅਜਿਹੇ ਸੰਬੰਧ, ਅਜਿਹੇ ਸ਼ਬਦ, ਹਰ ਵਾਰ ਉਹਦੇ ਅੰਦਰ ਯਾਦਾਂ ਦੀ ਲੜੀ ਛੇੜ ਦਿੰਦੇ ਸਨ। ਹਮੇਸ਼ਾ ਧੀਰੇ ਦੇ ਸ਼ਬਦ ਉਹਦੇ ਸਾਹਮਣੇ ਆ ਜਾਂਦੇ ਸਨ -

- ਜੋਤੀ ਹੁਣ ਤੂੰ ਮੈਨੂੰ ਪਾਪਾ ਕਿਹਾ ਕਰ ਪੁੱਤਰ, ਵੀਰੇ ਨੂੰ ਵੀ ਤਾਂ ਪਾਪਾ ਈ ਕਹਿੰਦੀ ਤੀ - ਬੈਗ ਵਿਚੋਂ ਸਪਾਈਕਸ ਅਤੇ ਹੋਰ ਕੱਪੜੇ ਕੱਢਦੀ ਰਣਜੋਤ ਨੂੰ ਧੀਰੇ ਨੇ ਕਿਹਾ ਸੀ। ਰਣਜੋਤ ਆਪਣੇ ਸਕੂਲ ਵੱਲੋਂ ਨਾ ਸਿਰਫ ਜ਼ਿਲ੍ਹਾ ਜਿੱਤ ਕੇ ਮੁੜੀ ਸੀ ਸਗੋਂ ਉਸ ਨੇ ਦਸਾਂ ਸਾਲਾਂ ਤੋਂ ਅਟੁੱਟ ਦਿਸ ਰਹੇ ਪੰਜਾਬ ਦੇ ਰਿਕਾਰਡ ਦੀ ਬਰਾਬਰੀ ਕੀਤੀ ਸੀ। ਉਸ ਦੇ ਨੈਸ਼ਨਲ ਖੇਡਣ ਦੀ ਗੱਲ ਜ਼ਿਲ੍ਹਾ ਪੱਧਰ ਦੇ ਅਥਲੈਟਿਕਸ ਅਦਾਰਿਆਂ ਵਿਚ ਹੁਣ ਤੋਂ ਹੀ ਚੱਲ ਪਈ ਸੀ।

ਘਰ ਵਿਚ ਤਿਉਹਾਰ ਵਰਗਾ ਮਾਹੌਲ ਸੀ। ਦੇਬੂ ਦੇ ਮਰਨ ਤੋਂ ਬਾਅਦ ਪਹਿਲੀ ਵਾਰ ਸਾਰੇ ਜੀਅ ਇਕੱਠੇ, ਦਿਲ ਖੋਲ੍ਹ ਕੇ ਹੱਸ ਰਹੇ ਸਨ। ਧੀਰੇ ਦੀ ਗੱਲ ਨੇ ਸਗੋਂ ਹਾਸੇ ਅਤੇ ਖੁਸ਼ੀ ਵਿਚ ਵਾਧਾ ਹੀ ਕੀਤਾ ਸੀ। ਰਣਜੋਤ ਪਹਿਲਾਂ ਤੋਂ ਹੀ ਉਸ ਨੂੰ ਚਾਚਾ ਕਹਿੰਦੀ ਸੀ। ਧੀਰੇ ਨਾਲ ਜੁੜੇ ਨਵੇਂ ਰਿਸ਼ਤੇ ਦੀ ਉਸ ਨੂੰ ਪੂਰੀ ਸਮਝ ਤਾਂ ਸੀ, ਪਰ ਉਸ ਦੇ ਅੰਦਰਲੇ ਨੇ, ਇਹ ਰਿਸ਼ਤਾ ਮੰਨਣ ਵੇਲੇ ਬਹੁਤ ਕਲੇਸ਼ ਦਾ ਸਾਹਮਣਾ ਕੀਤਾ ਸੀ। ਪਹਿਲਾਂ ਪਹਿਲਾਂ ਇਸ ਰਿਸ਼ਤੇ ਨੇ ਉਸ ਦੇ ਅੰਦਰ ਇਕ ਬੇ-ਇਜ਼ਤੀ ਜਿਹੀ ਦਾ ਅਹਿਸਾਸ ਪੈਦਾ ਕੀਤਾ, ਫਿਰ ਇਕ ਅਗਿਆਤ ਜਿਹੀ ਵਿਦਰੋਹ ਦੀ ਭਾਵਨਾ, ਫਿਰ ਬੇਨਾਮ ਜਿਹੀ ਨਫਰਤ, ਫਿਰ ਕੁਝ ਮਹੀਨਿਆਂ ਬਾਅਦ ਇਕ ਸ਼ਰਮੀਲੀ ਜਿਹੀ ਉਦਾਸੀਨਤਾ ਅਤੇ ਫਿਰ ਹੌਲੀ ਹੌਲੀ ਧੀਰੇ ਦੇ ਘਰ ਪ੍ਰਤੀ ਅਤੇ ਖਾਸ ਤੌਰ 'ਤੇ ਉਸ ਦੇ ਖੇਡ ਕੈਰੀਅਰ ਪ੍ਰਤੀ ਵਿਖਾਈ ਜ਼ਿੰਮੇਵਾਰੀ ਨੇ ਰਣਜੋਤ ਅੰਦਰ ਇਕ ਅਛੋਹ ਜਿਹੇ ਮੋਹ ਦੀ ਭਾਵਨਾ ਨੂੰ ਜਨਮ ਦਿੱਤਾ ਸੀ।

ਇਸ ਤਰ੍ਹਾਂ ਧੀਰੇ ਵਲੋਂ ਪਾਪਾ ਕਹਾਏ ਜਾਣ ਦੀ ਗੱਲ ਨੇ ਸਹਿਜ ਹੀ ਇਕ ਮੋਹ ਅਤੇ ਸਤਿਕਾਰ ਦੀ ਭਾਵਨਾ ਦਾ ਸਿਖਰ ਸਿਰਜ ਦਿੱਤਾ ਸੀ।

ਪਰ ਨਾ ਰਣਜੋਤ, ਨਾ ਹੀ ਘਰ ਦਾ ਹੋਰ ਕੋਈ ਜੀਅ ਇਹ ਜਾਣਦਾ ਸੀ ਕਿ ਧੀਰਾ ਤਾਂ ਆਪਣੀਆਂ ਭਾਵਨਾਵਾਂ ਨੂੰ ਰਿਸ਼ਤਿਆਂ ਦੀ ਵਾੜ ਕਰ ਰਿਹਾ ਸੀ। ਆਪਣੇ ਅੰਦਰ ਉੱਠ ਰਹੇ ਜਵਾਰਭਾਟੇ ਨੂੰ ਸੰਬੋਧਨ ਦੇ ਉਹਲੇ ਲਕੋਣ ਦੀ ਕੋਸ਼ਿਸ਼ ਕਰ ਰਿਹਾ ਸੀ।

ਰਿਸ਼ਤਿਆਂ ਦੇ ਰੋਲ-ਘਚੋਲੇ ਨੇ, ਦੇਬੂ ਦੀ ਮੌਤ ਤੋਂ ਬਾਅਦ, ਹਮੇਸ਼ਾ ਹੀ ਧੀਰੇ ਨੂੰ ਕਿਸੇ ਨਾ ਕਿਸੇ ਪ੍ਰੇਸ਼ਾਨੀ ਵਿਚ ਪਾਈ ਰੱਖਿਆ ਸੀ। ਰਿਸ਼ਤੇ ਅਤੇ ਸੰਬੋਧਨ ਹਮੇਸ਼ਾ ਹੀ ਆਪਸ ਵਿਚ ਉਲਝ ਜਾਂਦੇ ਰਹੇ ਸਨ-

- ਵੇ ਫੋਟ ਤੇਰੇ - ਹੁਣ ਤੂੰ ਉਹਨੂੰ ਭਾਬੀ ਕਾਸ ਤੋਂ ਕਹਿਨੈ, ਨਾਉਂ ਲੈ, ਤੇਰੀ ਤੀਮੀ ਐ ਹੁਣ ਤਾਂ - ਗਵਾਂਢਣ ਮਿੰਦਰੋ ਚਾਚੀ ਨੇ, ਧੀਰੇ ਨੂੰ ਹੱਸਦਿਆਂ ਹੱਸਦਿਆਂ ਇਕ ਮਿੱਠੀ ਜਿਹੀ ਝਿੜਕ ਵੀ ਦਿੱਤੀ ਸੀ। ਦੇਬੂ ਦੇ ਭੋਗ ਤੋਂ ਬਾਅਦ ਧੀਰੇ ਨੇ ਛਿੰਦਰੋ ਨੂੰ ਭਾਬੀ ਕਹਿ ਕੇ ਪਾਣੀ ਲਿਆਉਣ ਲਈ ਹਾਕ ਮਾਰੀ ਸੀ। ਚਾਚੀ ਦੀ ਗੱਲ ਸੁਣ ਕੇ ਛਿੰਦਰੋ ਝੇਂਪ ਜਿਹੀ ਗਈ ਸੀ ਅਤੇ ਧੀਰਾ ਬੜੀ ਦੇਰ ਹੈਰਾਨ ਹੋਇਆ ਰਿਹਾ ਸੀ, ਲਗਪਗ ਰੋਣ ਵਰਗਾ।

ਦੇਬੂ ਦੇ ਭੋਗ ਤੋਂ ਇਕ ਦਮ ਬਾਅਦ ਤਾਂ ਧੀਰੇ ਨੂੰ ਹੋਰ ਹੀ ਵਖੇਰੇ ਫਿਕਰਾਂ ਨੇ ਘੇਰੀ ਰੱਖਿਆ ਸੀ। ਸਾਰੇ ਲੈਣ ਦੇਣ ਦਾ ਹਿਸਾਬ-ਕਿਤਾਬ ਸਿਰ ਚੜ੍ਹੇ ਕਰਜ਼ੇ ਨੂੰ ਮੋੜਨ ਲਈ ਸਾਧਨਾਂ ਦਾ ਲੇਖਾ-ਜੋਖਾ, ਵਰਕਸ਼ਾਪ ਨੂੰ ਪੂਰੀ ਤਰ੍ਹਾਂ, ਮੁੜ ਤੋਂ ਚਲਦੀ ਹਾਲਤ 'ਚ ਕਰਨ ਲਈ ਨੱਠ ਭੱਜ-ਵਖੇਰੇ ਅਜਿਹੇ ਝੰਜਟ ਸਨ, ਜਿਨ੍ਹਾਂ ਨੇ ਸਿਰ ਧਰਨ ਦੀ ਗੱਲ ਨੂੰ, ਮਹਿਜ਼ ਸਿਰ 'ਤੇ ਬੰਨੀ ਪੱਗ ਨੂੰ ਤਕ ਹੀ ਸੀਮਤ ਕਰ ਦਿੱਤਾ ਸੀ। ਹਰੀ ਪੱਗ, ਜਿਹੜੀ ਉਸੇ ਸ਼ਾਮ ਲਾਹ ਕੇ ਧੀਰੇ ਨੇ ਫਿਰ ਆਪਣਾ ਪਰਨਾ ਸਿਰ 'ਤੇ ਲਪੇਟ ਲਿਆ ਸੀ।

ਭੋਗ ਤੋਂ ਵੀਹ ਕੁ ਦਿਨ ਬਾਅਦ ਛਿੰਦਰੋ ਦਾ ਬਾਪ ਆਕੇ ਉਹਨੂੰ ਲੈ ਗਿਆ ਸੀ, ਦੋ ਚਾਰ ਦਿਨ ਰਹਿਣ ਲਈ। ਭੋਗ ਵਾਲੇ ਦਿਨ ਤਾਂ ਰਸਮੀ ਤੌਰ 'ਤੇ ਹੀ ਬੰਨਾ ਟਪਾ ਕੇ ਛਿੰਦਰੋ ਨੂੰ ਮੋੜ ਲੈ ਆਂਦਾ ਗਿਆ ਸੀ।

- ਤੂੰ ਰਣਧੀਰ ਸਿਆਂ, ਬਹੂ ਨੂੰ ਲੈ ਆਉਂਦਾ ਪੁੱਤ! ਜੋਤੀ ਵਿਚਾਰੀ ਕੰਮ 'ਚ ਫਿੜੀ ਫਿੜੀ ਹੁੰਦੀ ਫਿਰਦੀ ਹੈ। ਕੱਲ੍ਹ ਦੀ ਨੇ ਤਾਂ ਸਕੂਲ ਦਾ ਕੰਮ ਵੀ ਨੀ ਕੀਤਾ। ਜਾਹ ਲਿਆ ਮੇਰਾ ਮੱਲ ਜਾ ਕੇ - ਧੀਰੇ ਨੂੰ ਵਰਕਸ਼ਾਪ 'ਚੋਂ ਘਰ ਰੋਟੀ ਖਾਣ ਆਏ ਨੂੰ ਮਾਂ ਨੇ ਕਿਹਾ ਸੀ।

- ਦੋ ਸੇਰ ਲੱਡੂ ਲੈ ਜੀ ਨਾਲੇ - ਸ਼ਗਨ ਹੁੰਦੈ ਮਿੱਠੀ ਚੀਜ਼ ਦਾ - ਲੱਸੀ ਲੈਣ ਆਈ ਮਿੰਦਰੋ ਚਾਚੀ ਨੇ ਵਿਚਾਰ ਕੀਤਾ ਸੀ।

ਮੁੜਦੀ ਬੱਸ ਮੁੜਨ ਦੀ ਸੋਚ ਕੇ ਗਏ ਧੀਰੇ ਨੂੰ ਆਥਣ ਹੋ ਗਿਆ ਤੀ। ਦੇਬੂ ਦੇ ਸਹੁਰੇ ਨੂੰ ਮੁੜਨ ਦੀ ਕਾਹਲੀ ਕਰਦੇ ਧੀਰੇ ਨੂੰ ਆਨੀ-ਬਹਾਨੀ ਰੋਕੀ ਰੱਖਿਆ ਸੀ, ਜਦੋਂ ਤਕ ਦੇਬੂ ਦਾ ਸਾਲਾ ਸ਼ਹਿਰੋਂ ਨਵਾਂ ਨਕੋਰ ਸਕੂਟਰ ਲੈ ਕੇ ਮੁੜ ਨਹੀਂ ਸੀ ਆਇਆ।

- ਅਸੀਂ ਤਾਂ ਬੱਸ 'ਚ ਚਲੇ ਜਾਵਾਂਗੇ - ਹੋਰ ਦਿਹਾੜੀ ਨੂੰ ਕੋਈ ਸਕੂਟਰ ਲੈਣ ਜਾਂਦਾ ਫਿਰੂ - ਸਕੂਟਰ 'ਤੇ ਸਮਾਨ ਰੱਖਦੀ ਦੇਬੂ ਦੀ ਸੱਸ ਨੂੰ ਵੇਖ ਕੇ ਧੀਰੇ ਨੇ ਸਹਿਜ ਭਾਅ ਕਿਹਾ ਸੀ।

- ਲੈ, ਇਹ ਮੋੜ ਕੇ ਲਿਆਉਣ ਖਾਤਰ ਥੋੜ੍ਹਾ ਲਿਆਂਦੈ - ਥੋਡਾ ਈ ਐ ਹੁਣ ਤਾਂ - ਕੋਲ ਖੜ੍ਹੇ ਦੇਬੂ ਦੇ ਸਹੁਰੇ ਨੇ ਕਿਹਾ ਸੀ। ਧੀਰਾ ਗੱਲ ਸਮਝ ਕੇ ਚੁੱਪ ਕਰ ਰਿਹਾ ਸੀ। ਬਹੁਤੀ ਸਮਝ ਵਾਲਿਆਂ ਦੀਆਂ ਬਹੁਤ ਸਾਰੀਆਂ ਗੱਲਾਂ ਦੀ ਉਹਨੂੰ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗ ਪਈ ਸੀ। ਉਹਨੇ ਰਸਮੀ ਜਿਹੀ ਗੱਲ ਕਰ ਦਿੱਤੀ।

- ਫੇਰ ਤਾਂ ਤੁਸੀਂ ਵਾਧੂ ਖੇਚਲ ਕੀਤੀ ਐ ਮਾਸੜਾ। ਸਾਨੂੰ ਲੋੜ ਤਾਂ ਹੈ ਨੀ ਤੀ। ਜਮ੍ਹਾਂ ਸ਼ਹਿਰ ਦੀਆਂ ਜੜ੍ਹਾਂ 'ਚ ਤਾਂ ਬੈਠੇ ਐਂ-

- ਚੱਲ ਕੋਈ ਨੀ ਮੱਲ੍ਹ - ਕੋਲ ਆਉਂਦੀ ਦੇਬੂ ਦੀ ਸੱਸ ਬੋਲੀ ਸੀ - ਹੁਣ ਤੇਰੇ ਨਾਲ ਪਹਿਲੀ ਵਾਰ ਖਾਲੀ ਤੋਰਦੇ ਵੀ ਚੰਗੇ ਨੀ ਲਗਦੇ - ਨਾਲੇ ਵਿਚਾਰ ਹੁੰਦੀ ਐ -

ਪਰ ਧੀਰੇ ਨੇ ਉਹਦੀ ਗੱਲ ਧਿਆਨ ਨਾਲ ਨਹੀਂ ਸੀ ਸੁਣੀ। ਉਸ ਦਾ ਧਿਆਨ, ਅੰਦਰੋਂ ਨੀਵੀਂ ਪਾਈ ਆਉਂਦੀ ਛਿੰਦਰੋ ਵੱਲ ਚਲਾ ਗਿਆ ਸੀ।

ਹਲਕੇ ਜਿਹੇ ਮੇਕ-ਅੱਪ ਨੇ, ਛਿੰਦਰੋ ਦੇ ਚਿਹਰੇ ਨੂੰ ਕਈ ਗੁਣਾਂ ਸੁੰਦਰ ਬਣਾ ਦਿੱਤਾ ਸੀ। ਫਿੱਕੇ ਗੁਲਾਬੀ ਸੂਟ ਅਤੇ ਕੰਨਾਂ ਪਿਛੇ ਅੜੁੰਗੀ ਫਿੱਕੀ ਗੁਲਾਬੀ ਚੁੰਨੀ ਦੀ ਭਾਅ, ਛਿੰਦਰੋ ਦੇ ਚਿਹਰੇ ਅਤੇ ਅੱਖਾਂ ਵਿਚੋਂ ਵੀ ਦਿਸ ਰਹੀ ਸੀ। ਪਹਿਲੀ ਵਾਰ ਧੀਰੇ ਨੂੰ ਛਿੰਦਰੋ 'ਭਾਬੀ' ਨਹੀਂ, ਔਰਤ ਲੱਗੀ ਸੀ ਅਤੇ ਪਹਿਲੀ ਵਾਰ ਹੀ ਉਹਦੇ ਅੰਦਰ, ਛਿੰਦਰੋ ਪ੍ਰਤੀ ਇਕ ਨਵੇਂ ਸੰਬੋਧਨ ਅਤੇ ਨਵੇਂ ਰਿਸ਼ਤੇ ਨੇ ਅੰਗੜਾਈ ਭਰੀ ਸੀ।



ਚਿਰਾਂ ਤੋਂ ਉਹਦੇ ਅੰਦਰ ਜੰਮੀ ਉਦਾਸੀ ਦੀ ਪਰਤ ਜ਼ਰਾ ਹਲਕੀ ਮਹਿਸੂਸ ਹੋਈ ਸੀ। ਸ਼ਾਇਦ ਇਸੇ ਲਈ ਤੁਰਨ ਵੇਲੇ ਛਿੰਦਰੋ ਦਾ ਸਿਰ ਪਲੋਸਦੀ ਉਸ ਦੀ ਮਾਂ ਅਤੇ ਛਿੰਦਰੋ ਦੀਆਂ ਅੱਖਾਂ 'ਚ ਤੇਰ ਆਈ ਨਮੀ ਅਤੇ ਆਵਾਜ਼ 'ਚ ਹੰਝੂਆਂ ਦਾ ਉਤਰ ਆਉਣਾ ਗੈਰਜ਼ਰੂਰੀ ਅਤੇ ਓਪਰਾ ਲੱਗਿਆ ਸੀ। ਪਰ ਗਲੀ ਦੇ ਮੋੜ 'ਤੇ ਆਕੇ ਉਹਦਾ ਆਪਣਾ ਅੰਦਰ ਵੀ ਥੋੜ੍ਹਾ ਉਦਰ ਗਿਆ ਸੀ।

ਪਤਾ ਨਹੀਂ ਕਿਧਰੋਂ, ਉਹਦੇ ਚੇਤੇ 'ਚ, ਦੇਬੂ ਦੇ ਵਿਆਹ ਦਾ ਇਕ ਬਹੁਤਾ ਈ ਧੁੰਦਲਾ ਜਿਹਾ ਚਿੱਤਰ ਅਤੇ ਕਿਸੇ ਹੋਰ ਦੇ ਵਿਆਹ 'ਚ ਕਹੇ, ਲੰਬੜਾਂ ਦੇ ਜੀਤ ਦੇ ਬੋਲ ਇਕੱਠੇ ਉਭਰ ਆਏ ਸਨ। ਧੀਰਾ ਦੇਬੂ ਦਾ ਸਿਰਬਾਲਾ ਬਣਿਆ ਹੋਇਆ ਸੀ ਅਤੇ ਜੀਤ ਕਿਸੇ ਨੂੰ ਕਹਿ ਰਿਹਾ ਸੀ - ਸਬਾਲੇ ਦਾ ਵੀ ਅੱਧ ਹੁੰਦੈ। ਮਗਰੋਂ ਕੋਈ ਡਿਗਣ-ਪੌਖਣ ਉਸੇ ਨੇ ਸਾਂਭਣਾ ਹੁੰਦੈ, ਹੋਰ ਕਿਤੇ ਨਾ ਵੀ - ਤੇ ਉਦਾਸ ਹੋਏ ਮਨ ਨਾਲ, ਆਪਣਾ ਡਿਗਣ-ਪੌਖਣ ਸਾਂਭੀ ਧੀਰਾ, ਸੂਰਜ ਛਿਪਦੇ ਕਰਦੇ ਘਰ ਆ ਵੜਿਆ ਸੀ।

- ਤੁਸੀਂ ਬਹੁਤਾ ਈ ਟੈਮ ਲਾਤਾ, ਮੁੜਨ ਨੂੰ - ਸਕੂਟਰ ਦੀ ਆਵਾਜ਼ ਸੁਣਕੇ, ਖੜ੍ਹੀ ਹੋ ਗਈ, ਚੌਂਕੇ 'ਚ ਭਾਂਡੇ ਮਾਂਜਦੀ ਧੀਰੇ ਦੀ ਮਾਂ ਨੇ ਸੁਆਹ ਵਾਲੇ ਹੱਥ ਝਾੜਦਿਆਂ ਕਿਹਾ ਸੀ। ਛਿੰਦਰੋ ਦਾ ਸਿਰ ਪਲੋਸਦਿਆਂ ਉਹਨੇ ਧੀਰੇ ਦੀ ਪਿੱਠ 'ਤੇ ਵੀ ਹੱਥ ਰੱਖਿਆ ਸੀ।

ਧੀਰਾ, ਸਕੂਟਰ ਤੋਂ ਕੱਪੜੇ ਅਤੇ ਲੱਡੂਆਂ ਵਾਲਾ ਡੱਬਾ ਲਾਹ ਕੇ, ਗੋਲਡੀ ਨੂੰ ਸਕੂਟਰ 'ਤੇ ਬਿਠਾ ਕੇ ਗੇੜਾ ਦੇਣ ਲੱਗ ਪਿਆ ਸੀ। ਐਵੇਂ ਅਣਸਰਦੀ ਜਿਹੀ, ਸਤਿ ਸ੍ਰੀ ਅਕਾਲ ਬੁਲਾ ਕੇ ਰਣਜੋਤ ਅੰਦਰ ਜਾ ਪਈ ਸੀ। ਉਹਦਾ ਸਿਰ ਦੁਖਦਾ ਸੀ।

- ਜੋਤੀ ਅੱਜ ਗੁੰਮ ਜੀ ਲਗਦੀ ਐ ਜਾਣੀ - ਰਾਤੀ ਕੰਮ ਮੁਕਾ ਕੇ ਧੀਰੇ ਕੋਲ ਬੈਠਕ ਵਿਚ ਹੀ ਸੌਣ ਲਈ ਆਈ ਛਿੰਦਰੋ ਨੇ ਸਹਿਜ ਭਾਅ ਚਿੰਤਾ ਜਤਾਈ ਸੀ। - ਰੋਟੀ ਵੀ ਨੀ ਖਾਧੀ। ਮੈਂ ਲੱਡੂ ਫੜਾਇਆ ਤਾਂ ਫੜ ਕੇ ਕੰਸ 'ਤੇ ਰੱਖ ਲਿਆ। ਹੁਣ ਵੀ ਉਵੇਂ ਪਿਐ, ਮੈਂ ਵੇਖ ਕੇ ਆਈ ਐਂ - ਦੁੱਧ ਵਾਲੀ ਗੜਬੀ, ਧੀਰੇ ਦੇ ਸਰਾਣੇ ਕੰਸ 'ਤੇ ਰੱਖਦਿਆਂ ਛਿੰਦਰੋ ਵੀ ਉਖੜੀ ਉਖੜੀ ਜਿਹੀ ਬੋਲੀ ਹੀ ਗਈ ਸੀ।

- ਸਵੇਰੋਂ ਤਾਂ ਠੀਕ ਤੀ। ਐਵੇਂ ਜੁਆਕ ਦਾ ਜੀਅ ਢਿੱਲਾ ਮੱਠਾ ਹੋ ਜਾਂਦੈ - ਕੱਲ੍ਹ ਨੂੰ ਪੁੱਛ ਵੀ ਲਈਂ ਤੂੰ - ਧੀਰਾ ਬਿਸਤਰੇ 'ਤੇ ਜਮ੍ਹਾਂ ਸਿੱਧਾ ਪੈਂਦਾ ਬੋਲਿਆ ਸੀ। ਐਧਰ ਉਧਰ ਹੱਥ ਜਿਹੇ ਮਾਰਦੀ ਛਿੰਦਰੋ, ਇਕਦਮ ਲਾਈਟ ਬੁਝਾ ਕੇ ਉਹਦੇ ਨਾਲ ਆ ਪਈ ਸੀ।

ਥੋੜ੍ਹੀ ਦੇਰ ਉਹ ਬਿਲਕੁਲ ਬਿਨਾਂ ਬੋਲੇ ਚੁੱਪ-ਚਾਪ ਇਕ ਦੂਜੇ ਨਾਲ ਪਏ ਰਹੇ ਸਨ ਕਿ ਧੀਰੇ ਨੇ ਉਠ ਕੇ ਲਾਈਟ ਲਾ ਲਈ ਸੀ- ਕੰਸ 'ਤੇ ਪਈ ਦੇਬੂ ਦੀ ਫੋਟੋ ਚੁੱਕੀ ਸੀ - ਅਲਮਾਰੀ ਵਿਚ ਰੱਖੀ ਸੀ ਅਤੇ ਲਾਈਟ ਬੰਦ ਕਰਕੇ ਛਿੰਦਰੋ ਦੇ ਪਾਸੇ ਨਾਲ ਆ ਲੱਗਿਆ ਸੀ।

ਸਿਰਫ ਉਦੋਂ ਹੀ ਉਹਨੂੰ ਲੱਗਿਆ ਸੀ ਕਿ ਬੈਠਕ ਵਿਚ ਉਹ ਛਿੰਦਰੋ ਨਾਲ ਇਕੱਲਾ ਸੀ।

ਇਕੱਲੀ ਰਹਿ ਗਈ ਸੀ ਰਣਜੋਤ। ਪੰਦਰਾਂ ਸੌ ਮੀਟਰ ਲਈ ਫਾਈਨਲ ਕਾਲ ਅਨਾਊਂਸ ਹੁੰਦੇ ਹੀ, ਵਾਰਮ ਅੱਪ ਹੁੰਦੇ ਬਾਕੀ ਖਿਡਾਰੀ ਮੇਨ ਗਰਾਉਂਡ ਫਿਰ ਟਰੈਕ 'ਤੇ ਚਲੇ ਗਏ ਸਨ।

ਇਕੱਲੀ ਰਹਿ ਜਾਣ ਨਾਲ, ਰਣਜੋਤ ਦਾ ਵਾਰਮਅੱਪ ਸ਼ਡਿਊਲ ਵਿਗੜ ਗਿਆ ਸੀ। ਰਣਜੋਤ ਦੀ ਪਹਿਲਾਂ ਤੋਂ ਹੀ ਸਮੱਸਿਆ ਰਹੀ ਸੀ ਕਿ ਉਹ ਸਰਕਲ ਐਕਸਰਸਾਈਜ਼ ਇਕੱਲਿਆਂ ਨਹੀਂ ਸੀ ਕਰ ਪਾਉਂਦੀ। ਵਾਰਮ ਅੱਪ ਵੇਲੇ ਅਜਿਹੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਰਣਜੋਤ ਨੂੰ ਕਰਨਾ ਪੈਂਦਾ ਰਿਹਾ ਸੀ। ਪਹਿਲਾਂ ਪਹਿਲਾਂ ਉਹਨੂੰ ਗਰਾਊਂਡ ਵਿਚ ਜਾਂ ਸਰਕਲ ਵਿਚ ਖਾਸ ਤੌਰ 'ਤੇ, ਕਿਸੇ ਲੜਕੇ ਦੀ ਮੌਜੂਦਗੀ ਹੀ ਬੇਚੈਨ ਕਰ ਦਿੰਦੀ ਰਹੀ ਸੀ। ਅਚਾਨਕ ਹੀ ਨਰਵਸ ਹੋ ਜਾਂਦੀ ਸੀ। ਉਹ ਆਪਣੀ ਇਹ ਕਮਜ਼ੋਰੀ ਦੂਰ ਕਰਨ ਲਈ ਉਸ ਨੂੰ ਬਹੁਤ ਮਾਨਸਿਕ ਕਸ਼ਟ ਦਾ ਸਾਹਮਣਾ ਕਰਨਾ ਪਿਆ ਸੀ। ਪਰ ਇਕੱਲਿਆਂ ਕੋਈ ਵੀ ਐਕਸਰਸਾਈਜ਼ ਕਰਦਿਆਂ ਉਹ ਅਜੇ ਵੀ ਇਕ ਸਹਿਮ ਜਿਹੇ ਵਿਚ ਘਿਰੀ ਰਹਿੰਦੀ।

ਕੋਚ ਨੂੰ ਉਸ ਦੀ ਇਸ ਸਮੱਸਿਆ ਦਾ ਪਤਾ ਸੀ। ਉਹ ਅੱਠ ਸੌ ਤੋਂ ਵਿਹਲੀਆਂ ਹੋਈਆਂ ਕਰਨਦੀਪ ਅਤੇ ਊਸ਼ਾ ਰਾਣੀ ਨੂੰ ਰਿਲੇਅ ਦੀ ਤਿਆਰੀ ਲਈ ਲੈ ਆਇਆ ਸੀ।

ਉਹਨਾਂ ਨਾਲ ਹੈਮਰ ਥਰੋਅਰ ਦਿਲਵੀਰ ਵੀ ਸੀ। ਰਣਜੋਤ ਅੰਦਰ ਹੀ ਅੰਦਰ ਇਹ ਗੱਲ ਜਾਣਦੀ ਸੀ, ਰੇਸ ਸ਼ੁਰੂ ਹੋਣ ਤੋਂ ਪਹਿਲਾਂ ਦਿਲਵੀਰ 'ਗੁੱਡ-ਵਿਸ਼ਜ਼' ਕਹਿਣ ਜ਼ਰੂਰ ਆਵੇਗਾ - ਭਾਵੇਂ ਉਹਦੀ ਆਪਣੀ ਈਵੈਂਟ ਚਲਦੀ ਹੀ ਹੋਵੇ।

- ਹੁਣ ਤਾਂ ਤੇਰੇ 'ਤੇ ਈ ਪੰਜਾਬ ਦੀ ਆਸ ਰਹਿ ਗਈ ਜੋਤੀ। - ਕੋਚ ਨੇ ਨੇੜੇ ਆਉਂਦਿਆਂ ਕਿਹਾ ਸੀ। ਕਰਨ ਤਾਂ ਤੈਨੂੰ ਪਤਾ ਈ ਐ, ਮੈਰੀ ਪੀਟਰ ਤੋਂ ਮਾਰ ਖਾ ਗਈ। ਰਿਲੇਅ 'ਚ ਵੀ ਆਂਧਰਾ ਦਾ ਹੀ ਟਾਈਮ ਰਿਕਾਰਡ ਦੇ ਨੇੜੇ ਐ -

- ਪਰ ਐਂ 'ਕੱਲੀ ਨੀ ਤੂੰ, ਦਿਲਵੀਰ ਵੀਰਾ ਮਾਰ ਗਿਆ ਮੈਡਲ - ਕਰਨਦੀਪ, ਦਿਲਵੀਰ ਦੀ ਮਾਸੀ ਦੀ ਧੀ ਸੀ।

ਦਿਲਵੀਰ ਦੀ ਜਿੱਤ ਦੀ ਖਬਰ ਸੁਣਕੇ, ਰਣਜੋਤ ਨੂੰ ਸੱਚ-ਮੁੱਚ ਆਪਣੇ ਅੰਦਰ, ਖੁਸ਼ੀ ਉਮੜ ਆਈ ਲੱਗੀ ਸੀ। ਉਸ ਦੀਆਂ ਮੁਬਾਰਕਾਂ ਕਬੂਲਦਾ ਦਿਲਵੀਰ ਬੋਲਿਆ ਸੀ -

- ਰਣਜੋਤ, ਪਾਕਿਸਤਾਨੀ ਟੀਮ ਬਾਰੇ ਤੂੰ ਇਹ ਵਿਸਵਾਸ਼ ਸੁਣਿਐ ਬਈ ਉਹ ਸ਼ੁੱਕਰਵਾਰ ਨੂੰ ਨੀ ਹਾਰਦੇ-

- ਹਾਂ, ਸੁਣਿਆ ਤਾਂ ਹੈ, ਫੇਰ ?

- ਫੇਰ ਕੀ ! ਅੱਜ ਸਾਬਤ ਕਰਦੇ, ਬਈ ਸਿੱਖ, ਗੁਰਪੁਰਬ ਨੂੰ ਨੀ ਹਾਰ ਸਕਦੇ - ਦਿਲਵੀਰ ਨੇ ਮੁਸਕਰਾਉਂਦਿਆਂ ਕਿਹਾ ਸੀ।

- ਅੱਜ ਕਿਹੜਾ ਗੁਰਪੁਰਬ ਐ ? ਰਣਜੋਤ ਦੇ ਅੰਦਰ ਜਿਵੇਂ ਇਕ ਸਹਿਮ ਤਾਰੀ ਹੋ ਚੱਲਿਆ ਸੀ।

- ਕਿਹੜਾ ਕੀ ਮਤਲਬ ? ਤੈਨੂੰ ਨੀ ਪਤਾ, ਅੱਜ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਐ !

'ਉਫ ! ਅੱਜ ਹਰ ਕੋਈ ਮੇਰੀ ਦੁਖਦੀ ਰਗ 'ਤੇ ਹੀ ਹੱਥ ਕਿਉਂ ਧਰਦੈ। ਰਣਜੋਤ ਨੇ ਰੋਣਹਾਕੀ ਹੋ ਕੇ ਮਨ ਹੀ ਮਨ ਸੋਚਿਆ। ਉਹਦੇ ਚੇਤੇ 'ਚ ਪੁੜਿਆ ਕੰਡਾ ਟੀਸ ਮਾਰ ਉਠਿਆ ਸੀ।

- ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਹੀ ਤਾਂ ਸੀ ਉਸ ਦਿਨ ਵੀ !

ਰਣਜੋਤ ਦੀ ਮੰਮੀ ਅਤੇ ਦਾਦੀ ਗੁਰੂਦੁਆਰੇ ਗਈਆਂ ਸਨ। ਰਣਜੋਤ ਜਾਣ ਲਈ ਤਿਆਰ ਹੋ ਰਹੀ ਸੀ। ਧੀਰਾ ਬਾਹਰ ਨਲਕੇ 'ਤੇ ਨਹਾ ਰਿਹਾ ਸੀ। ਅਚਾਨਕ ਹੀ ਬਾਲਟੀ ਬਹੁਤ ਜ਼ੋਰ ਨਾਲ ਖੜਕੀ ਸੀ ਅਤੇ ਰਣਜੋਤ ਨੇ ਖਿੜਕੀ ਰਾਹੀਂ ਬਾਹਰ ਵੇਖਿਆ ਸੀ। ਪਤਾ ਨਹੀਂ ਕਿਉਂ ਉਸ ਨੂੰ ਧੀਰਾ ਬਹੁਤ ਜ਼ਿਆਦਾ ਬੇਚੈਨ ਲੱਗਿਆ ਸੀ। ਅਚਾਨਕ ਹੀ ਬੇਚੈਨ ਹੋ ਉਠਿਆ ਹੋਵੇ ਜਿਵੇਂ।

ਪਰ ਅਚਾਨਕ ਨਹੀਂ, ਬਹੁਤ ਹੌਲੀ ਹੌਲੀ ਬੇਚੈਨੀ ਵਧੀ ਸੀ ਧੀਰੇ ਦੇ ਅੰਦਰ। ਪਹਿਲਾਂ ਪਹਿਲ ਤਾਂ ਉਹਨੂੰ ਆਪਣੇ ਆਪ ਨੂੰ ਵੀ ਪਤਾ ਨਹੀਂ ਸੀ ਲੱਗਿਆ -'ਚਲ ਕੋਈ ਨੀ, ਹੁਣ ਤਾਂ ਜੋ ਹੋ ਗਿਆ ਸੋ ਹੋ ਗਿਆ। ਇਹ ਕਿਹੜਾ ਘੜੈ ਬਈ ਬੰਦਾ ਫੁੱਟੇ ਤੇ ਹੋਰ ਲਿਆਊ' - ਧੀਰੇ ਨੇ ਆਪਣੇ ਆਪ ਨੂੰ ਸਮਝਾਉਣ ਦੀ ਸੌ ਵਾਰ ਕੋਸ਼ਿਸ਼ ਕੀਤੀ ਸੀ। ਇਸ ਸਮੇਂ ਦੌਰਾਨ, ਅਨੇਕ ਵਾਰੀ ਹੀ, ਚਾਚੀ ਸ਼ਿੰਦਰੋ ਦੀ ਗੱਲ ਉਹਦੇ ਚੇਤੇ 'ਚੋਂ ਲੰਘੀ ਸੀ। ਬਚਪਨ ਵਿਚ, ਚਾਚੀ ਨੂੰ ਇਹ ਗੱਲ ਕਹਿੰਦਿਆਂ ਸੁਣ ਕੇ ਉਹ ਹੱਸ ਪੈਂਦਾ ਸੀ। ਕਈ ਵਾਰ ਚਾਚੇ ਨਾਲ ਲੜਦੀ ਚਾਚੀ ਕਹਿੰਦੀ - ਬੰਤਿਆ ਬੰਤਿਆ ਜੇ ਤੂੰ ਭਾਂਡਾ ਹੁੰਦਾ ਮੈਂ ਤੈਨੂੰ ਵਟਾ ਲਿਆਉਂਦੀ।

ਉਦੋਂ ਧੀਰੇ ਦੇ ਇਹ ਗੱਲ ਸਮਝ ਨਹੀਂ ਸੀ ਆਉਂਦੀ ਕਿ ਏਡੀ ਹਾਸੇ ਵਾਲੀ ਗੱਲ ਕਹਿ ਕੇ ਚਾਚੀ ਰੋਣ ਕਿਉਂ ਲੱਗ ਜਾਂਦੀ ਸੀ। ਤੇ ਹੁਣ ! ਹੁਣ ਉਹਦੇ ਇਹ ਗੱਲ ਸਮਝ ਨਹੀਂ ਸੀ ਆਉਂਦੀ ਕਿ ਚਾਚੀ ਆਮ ਜ਼ਿੰਦਗੀ ਵਿਚ ਹੱਸ-ਖੇਡ ਕਿਵੇਂ ਲੈਂਦੀ ਸੀ। ਛਿੰਦਰੋ ਨਾਲ ਨਵੇਂ ਰਿਸ਼ਤੇ ਦੀ ਸ਼ੁਰੂਆਤ ਦੇ ਪਹਿਲੇ ਕੁਝ ਦਿਨਾਂ ਤੋਂ ਬਾਅਦ ਹੀ ਚਾਚੀ ਦਾ ਦੁੱਖ ਜਿਵੇਂ ਉਹਦੇ ਆਪਣੇ ਅੰਦਰ ਉਤਰ ਆਇਆ ਸੀ। ਪਹਿਲਾਂ ਪਹਿਲ,



ਛਿੰਦਰੋ ਨਾਲ ਸੰਬੰਧਾਂ 'ਤੇ, ਮਨ ਵਿਚ ਬਣਿਆ ਰਿਸ਼ਤਾ ਹਾਵੀ ਰਿਹਾ ਸੀ। ਪਰ ਹੌਲੀ ਹੌਲੀ ਸਰੀਰ ਦੀ ਲੋੜ ਮਨ 'ਤੇ ਹਾਵੀ ਹੋ ਗਈ ਸੀ।

ਉਮਰ ਵਿਚ ਧੀਰੇ ਤੋਂ ਪੰਦਰਾਂ ਵਰ੍ਹੇ ਵੱਡੀ, ਘਰ ਦੀ ਕਬੀਲਦਾਰੀ ਨਾਲ ਜੂਝਦੀ, ਥੋਦੀ ਹੋਈ ਅਤੇ ਪਤੀ ਦੇ ਨਾਲ ਹੀ ਅੱਧੀ ਮਰ ਗਈ ਛਿੰਦਰੋ ਦੀ ਦੇਹ, ਭਰ ਜੁਆਨ ਧੀਰੇ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਤੋਂ ਸੌ ਕੋਹਾਂ ਪਿਛਾਂਹ ਸੀ। ਇਕ ਦਿਨ ਬਹੁਤ ਹੀ ਮੋਹ ਨਾਲ, ਪਰ ਅੱਕੀ ਹੋਈ ਝਿੜਕ ਨੇ, ਧੀਰੇ ਦੇ ਅੰਦਰ ਹੌਲੀ ਹੌਲੀ ਪੈਦਾ ਹੋ ਰਹੀ ਬੇਚੈਨੀ ਵਿਚ ਵਿਦਰੋਹ ਦਾ ਬੀਜ ਪਾ ਦਿੱਤਾ ਸੀ।

- ਬੱਸ ਵੇ ਭਾਈ, ਐਨੀ ਧੰਗੇੜ ਨਹੀਂ ਹੁਣ ਝੱਲੀਂਦੀ ਮੈਥੋਂ - ਛਿੰਦਰੋ ਨੇ ਹੌਲੀ ਪਰ ਘੂਰ ਕੇ ਕਿਹਾ ਸੀ।

- ਫੇਰ ਹੋਰ ਕੌਣ ਝੱਲੂ ? ਧੀਰੇ ਦੇ ਅੰਦਰੋਂ ਬੇ-ਬਸ ਜਿਹਾ ਸਵਾਲ ਉਠਿਆ ਸੀ।

ਉਸ ਦਿਨ ਹੀ ਪਹਿਲੀ ਵਾਰ, ਰਾਤ ਨੂੰ ਉਸ ਦੀ ਅੱਖ ਨਹੀਂ ਸੀ ਲੱਗੀ। - 'ਕਾਹਲੀ 'ਚ ਹਾਂ ਕਹਿਕੇ, ਸਾਲਾ ਕਸੂਤਾ ਕੰਮ ਕਰ ਬੈਠਿਆ ਮੈਂ ਤਾਂ' - ਧੀਰੇ ਨੇ ਸੁਤ ਅਣੀਂਦੇ ਜਿਹੇ 'ਚ ਕਿੰਨੀ ਹੀ ਵਾਰ ਆਪਣੇ ਆਪ ਨੂੰ ਕਿਹਾ ਸੀ।

ਛੋਟੀਆਂ ਛੋਟੀਆਂ ਗੱਲਾਂ ਉਹਦੇ ਅੰਦਰ, ਬੜੇ ਬੜੇ ਭਾਂਬੜ ਬਾਲਣ ਲੱਗ ਪਈਆਂ ਸਨ। ਕੋਈ ਸੁਭਾਵਕ ਟਿੱਚਰ ਕਰਦਾ, ਕਹਿੰਦਾ ਕੁਝ ਹੋਰ, ਧੀਰੇ ਦੇ ਅੰਦਰ ਹੋਰ ਦੀ ਹੋਰ ਲੜੀ ਤੁਰ ਪੈਂਦੀ।

- ਦੇਖੀਂ ਛੋਟੇ ਭਾਈ, ਕਿਥੇ ਤੋਰੀਂ ਫਿਰਦੈਂ ਮਨੀ ਰਾਮ ਨੂੰ ? ਮੈਂ ਕਦੋਂ ਦਾ ਮਿਸਤਰੀ ਮਿਸਤਰੀ ਕਹਿ ਕੇ ਹਾਕਾਂ ਮਾਰੀ ਜਾਨੈਂ - ਜੀਤੇ ਲੰਬੜ ਨੇ ਖਰਾਦ 'ਤੇ ਕੰਮ ਕਰਦੇ ਧੀਰੇ ਦਾ ਮੋਢਾ ਹਲੂਣਦਿਆਂ ਕਿਹਾ ਸੀ- ਸੁਣਦਾ ਈ ਨੀ ਮੱਖਿਆ -

ਪਰ ਧੀਰੇ ਦੇ ਬੋਲਣ ਤੋਂ ਪਹਿਲਾਂ ਈ, ਨਾਲ ਨੂੰ ਚੂੜੀ ਪੁਆਉਣ ਆਇਆ, ਬੜਿਆਂ ਦਾ ਸੀਤ ਬੋਲ ਪਿਆ ਸੀ।

- ਮਖਿਆ, ਛੋਟਾ ਭਾਈ ਸੁਣਦੈ ਹੁਣ ਕਿਸੇ ਦੀ। ਛੋਟੇ ਭਾਈ ਦੀ ਜਾੜ੍ਹ ਹੇਠ ਆ ਗਈ ਮਿਸਰੀ ਦੀ ਡਲੀ, ਘੁਟੀ ਜਾਂਦੈ, ਸੁਆਦ ਆਈ ਜਾਂਦੈ -

- ਪਰ ਮਿਸਰੀ ਦੀ ਡਲੀ ਕਿਥੇ ਸੀ ? - ਧੀਰਾ ਸੋਚਦਾ। ਉਥੇ ਤਾਂ ਛਿੰਦਰੋ ਦਾ ਲੋਗੜ ਵਰਗਾ ਸਰੀਰ ਸੀ। ਕਦੇ ਕਦੇ ਧੀਰੇ ਨੂੰ ਲਗਦਾ ਜਿਵੇਂ ਉਹ ਰੇਤੇ 'ਚ ਨਹਾ ਕੇ ਨਿਕਲਿਆ ਹੋਵੇ।

ਇਹਨਾਂ ਹੀ ਸੋਚਾਂ ਵਿਚ, ਧੀਰੇ ਨੂੰ ਲਗਦਾ ਕਿ ਉਹਦੇ ਨਾਲ ਠੱਗੀ ਹੋ ਗਈ ਸੀ। ਦੇਬੂ ਦੇ ਭੋਗ ਦੁਆਲੇ ਦੇ ਦਿਨਾਂ 'ਚ ਉਹਦੇ ਅੰਦਰ ਘਰ ਕਰੀ ਬੈਠੀ ਤਿਆਗ ਅਤੇ ਕੁਰਬਾਨੀ ਵਰਗੀ ਤਰਲ ਭਾਵਨਾ, ਪਤਾ ਨਹੀਂ ਕਿਹੜੇ ਵੇਲੇ ਉਹਦੇ ਅੰਦਰੋਂ ਵਹਿ ਗਈ ਸੀ ਤੇ ਉਹਦੇ ਅੰਦਰ ਰਹਿ ਗਿਆ ਸੀ ਵਟਾਏ ਹੋਏ ਭਾਂਡੇ ਹੋਣ ਵਰਗਾ ਹੀਣਾ ਜਿਹਾ ਅਹਿਸਾਸ ਜਿਹਦੇ 'ਚ ਮਿਸ਼ਰੀ ਵਰਗੀ ਮਿਠਾਸ ਦਾ ਭੋਰਾ ਵੀ ਨਹੀਂ ਸੀ।

'ਮਿਸ਼ਰੀ ਦੀ ਡਲੀ ਤਾਂ ਇਹਨੂੰ ਕਹਿੰਦੇ ਐ - ਇਕ ਦਿਨ ਡਰੈਸਿੰਗ ਰੂਮ ਚੋਂ, ਪ੍ਰੈਕਟਿਸ ਲਈ ਨਿਕਲਦੀ ਕੁੜੀ ਦੀ ਪਿੱਠ ਵੇਖਕੇ ਧੀਰੇ ਦੇ ਅੰਦਰੋਂ ਸੁਭਾਵਕ ਨਿਕਲਿਆ ਸੀ। ਉਂਝ ਉਹ ਹਰ ਰੋਜ਼ ਰਣਜੋਤ ਦੇ ਨਾਲ ਆਉਂਦਾ ਸੀ। ਪਰ ਇਹ ਕੁੜੀ ਉਹਨੇ ਪਹਿਲੀ ਵਾਰ ਹੀ ਵੇਖੀ ਸੀ ਅਤੇ ਪਹਿਲੀ ਵਾਰ ਹੀ ਉਹਦੇ ਅੰਦਰ ਕਿਸੇ ਕੁੜੀ ਪ੍ਰਤੀ ਇਸ ਤਰ੍ਹਾਂ ਦੀ ਸੋਚ ਉਭਰੀ ਸੀ। ਉਂਝ ਵੀ ਬਹੁਤੀਆਂ ਕੁੜੀਆਂ ਨਿਆਣੀਆਂ ਜਿਹੀਆਂ ਹੀ ਸਨ।

ਪਰ ਜਦ ਕੁੜੀ ਨੇ ਮੂੰਹ ਘੁਮਾਇਆ ਤਾਂ ਧੀਰਾ ਬੈਠਾ ਨਹੀਂ ਸੀ ਰਹਿ ਸਕਿਆ। ਸਕੂਟਰ ਦੀ ਸੀਟ ਤੋਂ ਕਦ ਉਤਰਕੇ ਖੜ੍ਹਾ ਹੋ ਗਿਆ, ਉਹਨੂੰ ਪਤਾ ਹੀ ਨਹੀਂ ਸੀ ਲੱਗਿਆ।

ਮਿਸ਼ਰੀ ਦੀ ਡਲੀ, ਰਣਜੋਤ ਸੀ।

'ਪਰ ਜੋਤੀ ਤਾਂ ਆਹ ਕਪੜੇ ਪਾਉਂਦੀ ਨੀਂ', ਧੀਰੇ ਨੇ ਸੋਚਿਆ। ਉਹ ਬਿਲਕੁਲ ਹੀ ਭੁੱਲ ਗਿਆ

ਸੀ ਕਿ ਥੋੜ੍ਹੇ ਦਿਨ ਪਹਿਲਾਂ ਉਹਨੇ ਆਪ ਹੀ ਰਣਜੋਤ ਨੂੰ ਕਿੱਟ ਪਾਕੇ ਪ੍ਰੈਕਟਿਸ ਕਰਨ ਲਈ ਕਿਹਾ ਸੀ। ਰਣਜੋਤ ਜ਼ਿਲ੍ਹਾ ਖੇਡਣ ਜਾ ਰਹੀ ਸੀ।

- 'ਮੈਨੂੰ ਤਾਂ ਬਹੁਤਾ ਈ ਵਹਿਮ ਹੋ ਗਿਐ' - ਉਹ ਆਪਣੇ ਆਪ ਨੂੰ ਕਹਿੰਦਾ ਜਦੋਂ ਕਦੇ ਕਦੇ ਖਰਾਦ 'ਤੇ ਕੰਮ ਕਰਦੇ ਨੂੰ ਨੀਲੀ ਕਿੱਟ 'ਚ ਕਸੀ ਪਿੱਠ ਦਿਸਣ ਲੱਗ ਪੈਂਦੀ ਤੇ ਰਾਤੀਂ, ਕਦੇ ਕਦੇ ਇਹ ਪਿੱਠ ਛਿੰਦਰੋ ਦੇ ਚਿਹਰੇ 'ਤੇ ਉੱਗ ਆਉਂਦੀ। ਟੈਲੀਵਿਜ਼ਨ ਵੇਖਦੇ ਹੋਏ, ਕਈ ਵਾਰੀ ਕਾਸਟਿਊਮ ਪਾਈ ਕੁੜੀਆਂ ਵੇਖਕੇ ਅਚੇਤ ਹੀ ਉਹਦੀ ਨਜ਼ਰ ਰਣਜੋਤ ਵੱਲ ਉੱਠ ਜਾਂਦੀ ਤਾਂ ਉਹ ਅੰਦਰੋ ਅੰਦਰੀ ਬਹੁਤ ਹੀਣਾ ਮਹਿਸੂਸ ਕਰਦਾ।

- ਜੋਤੀ ਹੁਣ ਤੂੰ ਮੈਨੂੰ ਪਾਪਾ ਕਿਹਾ ਕਰ ਪੁੱਤਰ - ਉਹਨੇ ਜ਼ਿਲ੍ਹਾ ਜਿੱਤ ਕੇ ਆਈ ਜੋਤੀ ਨੂੰ ਕਿਹਾ ਸੀ। ਪਰ ਸਿਰਫ ਸੰਬੋਧਨ ਹੀ ਰਿਸ਼ਤੇ ਤੈਅ ਨਹੀਂ ਕਰਦੇ। ਧੀਰੇ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਪਾਪਾ ਕਹਿੰਦੀ ਜੋਤੀ ਲਈ, ਉਹਦੇ ਆਪਣੇ ਅੰਦਰੋਂ ਉਠਦਾ ਪੁੱਤਰ ਸ਼ਬਦ ਕਦੋਂ ਗੁਆਚ ਗਿਆ ਸੀ। ਤੇ ਨਾਲ ਹੀ ਗੁਆਚ ਗਿਆ ਸੀ ਧੀਰੇ ਦਾ ਸਹਿਜ ਵਿਚਰਨ ਦਾ ਸੁਭਾਅ।

- ਤੇਰਾ ਕੁਛ ਦੁਖਦੈ ਪੁੱਤ ? - ਧੀਰੇ ਦੀ ਮਾਂ ਨੇ ਪੁੱਛਿਆ ਸੀ - ਖੋਇਆ ਖੋਇਆਂ ਜਿਹਾ ਬਹੁਤ ਰਹਿਨੈ !-

- ਦੁਖਦਾ ਕਾਹਨੂੰ ਐ ਬੇਬੇ ਜੀ - ਪੁੱਤ ਤੇਰਾ, ਵਿਆਹ ਕਰਾਉਣ ਨੂੰ ਫਿਰਦੈ ਹੋਰ - ਨਲਕੇ ਕੋਲ ਖੜ੍ਹੀ ਛਿੰਦਰੋ ਨੇ, ਦੰਦਾਂ ਹੇਠ ਜੀਭ ਦੱਬ ਕੇ, ਸਿਰਫ ਧੀਰੇ ਨੂੰ ਸੁਣਦੀ ਆਵਾਜ਼ ਵਿਚ ਕਿਹਾ ਸੀ।

- ਬਹੁਤਾ ਨਾ ਬੋਲ - ਆਖ ਧੀਰਾ ਨਹਾਉਣ ਲੱਗ ਪਿਆ ਸੀ। ਅਜਿਹੇ ਮੌਕੇ ਉਹਦਾ ਪਿੰਡਾ ਜਿਵੇਂ ਤਪਣ ਲੱਗ ਪੈਂਦਾ ਅਤੇ ਉਹ ਮਣਾਂ ਮੂਹੀਂ ਪਾਣੀ ਨਾਲ ਇਸ ਤਪਸ਼ ਨੂੰ ਠਾਰਨ ਦੀ ਕੋਸ਼ਿਸ਼ ਕਰਦਾ। ਪਰ ਇਹ ਤਨ ਨਹੀਂ ਸੀ ਕਿ ਪਾਣੀ ਨਾਲ ਠਰ ਜਾਂਦਾ। ਇਹ ਤਾਂ ਮਨ ਦੀ ਅੱਗ ਸੀ - ਪਾਣੀ ਇਹਦੇ ਨੇੜੇ ਵੀ ਨਾ ਪਹੁੰਚਦਾ।

ਗੁਰਪੁਰਬ ਵਾਲੇ ਦਿਨ ਵੀ ਪਾਣੀ, ਧੀਰੇ ਦੇ ਤਪਦੇ ਆਪੇ ਤੋਂ ਭਾਫ ਬਣਕੇ ਉਡ ਗਿਆ ਸੀ। ਆਪਣੇ ਅੰਦਰ ਉਠਦੇ ਵੇਗ ਦੀ ਉਹਨੂੰ ਪੂਰੀ ਤਰ੍ਹਾਂ ਸਮਝ ਨਹੀਂ ਸੀ ਪਈ। ਉਂਝ ਅੰਦਰ ਪਿਘਲਦੇ ਲਾਵੇ ਦਾ ਅਹਿਸਾਸ ਉਹਦੇ ਰੋਮ ਰੋਮ ਵਿਚੋਂ ਵਹਿ ਰਿਹਾ ਸੀ।

ਅਜੇ ਥੋੜ੍ਹੀ ਦੇਰ ਪਹਿਲਾਂ ਵਰਕਸ਼ਾਪ ਚੋਂ, ਨਹਾਉਣ ਲਈ ਘਰ ਆਇਆ ਧੀਰਾ ਪੂਰੀ ਤਰ੍ਹਾਂ ਸ਼ਾਂਤ ਚਿੱਤ ਸੀ। ਗੁਰਦਵਾਰੇ, ਨਿਸ਼ਾਨ ਸਾਹਿਬ ਦਾ ਚੋਲਾ ਬਦਲਣਾ ਸੀ ਅਤੇ ਪਿਛਲੇ ਕਿੰਨੇ ਹੀ ਸਾਲਾਂ ਤੋਂ ਇਹ ਡਿਊਟੀ ਧੀਰਾ ਹੀ ਨਿਭਾਉਂਦਾ ਆ ਰਿਹਾ ਸੀ। ਉਸ ਦਾ ਛੇ ਫੁੱਟ ਲੰਮਾ ਕੱਦ ਅਤੇ ਭੌਣੀ 'ਤੇ ਨਿਡਰ ਬਹਿ ਸਕਣ ਦੀ ਯੋਗਤਾ, ਹਰ ਸਾਲ ਆਲੇ-ਦੁਆਲੇ ਜੁੜੇ ਇਕੱਠ ਤੋਂ ਵਾਹਵਾ ਖੱਟਦੇ ਸਨ। ਗੁਰਦਵਾਰੇ ਹੋਈ ਅਨਾਊਂਸਮੈਂਟ ਸੁਣਦੇ ਹੀ ਉਹ ਨਹਾਉਣ ਲਈ ਘਰ ਆ ਗਿਆ ਸੀ।

ਘਰ ਕੋਈ ਨਹੀਂ ਸੀ। 'ਗੁਰਦਵਾਰੇ ਗਏ ਹੋਣਗੇ,' ਸੋਚ ਉਹਨੇ ਅੰਦਰੋਂ ਨੀਕਰ ਬੁਨੈਣ ਅਤੇ ਖਾਸ ਤੌਰ 'ਤੇ ਪਰੈਸ ਕੀਤਾ ਕੁੜਤਾ ਪਜਾਮਾ ਚੁੱਕ ਲਿਆਂਦੇ ਸਨ।

- 'ਕੁੰਡਾ ਜਿੰਦਾ ਲਾਕੇ ਜਾਣਾ ਚਾਹੀਦਾ ਸੀ' - ਇਹ ਬੇਬੇ ਵੀ ਬੱਸ - ਮਨ ਹੀ ਮਨ, ਖੁਲ੍ਹੇ ਪਏ ਘਰ ਲਈ ਮਾਂ ਨੂੰ ਕੋਸਦੇ ਨੇ, ਬਾਲਟੀ ਚੁੱਕਣ ਲਈ ਉਹਨੇ ਬਾਥਰੂਮ ਦਾ ਦਰਵਾਜ਼ਾ ਖੋਲ੍ਹਿਆ ਸੀ।

ਧੀਰੇ ਦੀ ਅਚਾਨਕ ਧੱਕ ਨਾਲ, ਦਰਵਾਜ਼ੇ ਨਾਲ ਲੱਗੀ ਹੋਈ ਬਾਲਟੀ ਥੋੜ੍ਹਾ ਖਿਸਕ ਕੇ ਡੁਲ੍ਹ ਗਈ ਸੀ ਅਤੇ ਪਿੰਡੇ ਨੂੰ ਸਾਬਣ ਲਾਕੇ, ਅੱਡੀਆਂ ਕੂਚਦੀ ਰਣਜੋਤ ਧੰਦਕ ਕੇ ਉਠ ਖੜ੍ਹੀ ਹੋਈ ਸੀ।

ਧੰਦਕ ਧੀਰਾ ਵੀ ਬੁਰੀ ਤਰ੍ਹਾਂ ਗਿਆ ਸੀ। ਉਹ ---ਹ---ਹ--- ਆਖਦਿਆਂ, ਦਰਵਾਜ਼ਾ ਬੰਦ ਕਰਕੇ ਬੁੜਬੁੜਾਇਆ ਸੀ - ਮੈਂ ਵੀ ਬੱਸ - ਦਸ ਦਿਨ ਹੋ ਗਏ ਕੁੰਡੀ ਟੁੱਟੀ ਨੂੰ ਸਾਲੀ ਘੌਲ ਬੱਸ ---



ਹੀਣੇ ਜਿਹੇ ਨੇ ਹੀ, ਜੋਤੀ ਤੋਂ ਬਾਲਟੀ ਫੜ ਕੇ, ਭਰ ਕੇ ਉਹਨੂੰ ਫੜਾਈ ਸੀ ਅਤੇ ਫਿਰ ਸ਼ਰਮਿੰਦਾ ਜਿਹਾ ਹੋਇਆ, ਪਰੇ ਮੰਜੇ 'ਤੇ ਜਾ ਬੈਠਿਆ ਸੀ।

ਰਣਜੋਤ ਨਹਾ ਕੇ ਬੈਠਕ ਵਿਚ ਚਲੀ ਗਈ ਸੀ। ਉਸ ਦੇ ਜਾਣ ਤੋਂ ਬਾਅਦ ਹੀ ਧੀਰੇ ਨੇ ਉੱਠ ਕੇ ਬਾਲਟੀ ਪਾਣੀ ਦੀ ਭਰੀ ਸੀ। ਉਸ ਦੇ ਨਹਾਉਣ ਲਗਦੇ ਕਰਦੇ ਗੁਰਦਵਾਰੇ ਸ਼ੁਰੂ ਹੋਏ ਭੋਗ ਦੇ ਸ਼ਲੋਕ ਉਹਨੂੰ ਸੁਣੇ ਸਨ। ਬਾਥਰੂਮ ਦੇ ਅੰਦਰ ਜਾਣ ਦੀ ਥਾਂ ਉਹ ਬਾਹਰ ਹੀ ਨਹਾਉਣ ਲੱਗ ਪਿਆ ਸੀ।

ਉਦੋਂ ਹੀ ਉਹਦੇ ਅੰਦਰ ਕੋਈ ਲਾਵਾ ਜਿਹਾ ਪਿਘਲਿਆ ਸੀ। ਅਚਾਨਕ ਧੀਰੇ ਦੇ ਅੰਦਰ ਇਕ ਹੌਲ ਜਿਹਾ ਪਿਆ ਸੀ। ਉਹਦੇ ਸਾਬਣ ਮਲਦੇ ਹੱਥ ਹੇਠ ਜਿਵੇਂ, ਘੜੀ ਪਲ ਲਈ ਵੇਖੀਆਂ ਜੋਤੀ ਦੇ ਪਿੰਡੇ ਦੀਆਂ ਗੁਲਾਈਆਂ ਉਭਰ ਆਈਆਂ ਸਨ। ਰਣਜੋਤ ਜਿਵੇਂ, ਬੰਦ ਦਰਵਾਜ਼ੇ ਪਿੱਛੇ ਨਹੀਂ, ਸਗੋਂ ਉਹਦੇ ਆਪਣੇ ਅੰਦਰ ਨਹਾਉਣ ਲੱਗ ਪਈ ਸੀ। ਉਹਨੇ ਸਿਰ ਝਟਕਿਆ, ਪਰ ਉਹਦੇ ਮਨ ਦੀ ਬੇਬਸੀ ਉਹਦੇ ਸਰੀਰ 'ਤੇ ਹਾਵੀ ਹੁੰਦੀ ਚਲੀ ਗਈ ਸੀ। ਰਣਜੋਤ ਨੇ ਬੈਠਕ ਦੀ ਖਿੜਕੀ ਵਿਚੋਂ ਬੇਚੈਨ ਧੀਰੇ ਨੂੰ ਵੇਖਿਆ ਸੀ। ਗਿੱਲੇ ਪਰਨੇ ਨੂੰ ਲੱਕ 'ਤੇ ਹੋਰ ਕਸਕੇ ਬੰਨ੍ਹਦਾ ਉਹ ਸੁਤੇ ਸਿੱਧ ਬੈਠਕ ਵੱਲ ਤੁਰ ਪਿਆ ਸੀ।

ਸ਼ੀਸ਼ੇ ਅੱਗੇ ਖੜ੍ਹੀ ਜੂੜਾ ਕਰ ਰਹੀ ਰਣਜੋਤ ਦਰਵਾਜ਼ਾ ਬੰਦ ਹੋਣ ਵੀ ਆਵਾਜ਼ ਸੁਣਕੇ ਪਲਟੀ ਤਾਂ ਧੀਰੇ ਦੀਆਂ ਅੱਖਾਂ 'ਚ ਉਤਰਿਆ ਲਹੂ ਵੇਖ ਕੇ ਉਸ ਦੀ ਚੀਕ ਨਿਕਲ ਗਈ ਸੀ... ਪਾਪਾ। ਧੀਰੇ ਦਾ ਇਹ ਰੂਪ ਉਹਦੇ ਲਈ ਪੂਰੀ ਤਰ੍ਹਾਂ ਓਪਰਾ ਸੀ।

ਪਰ ਧੀਰੇ ਲਈ ਰਣਜੋਤ ਦੇ ਲੰਗਾਰੇ ਕੱਪੜਿਆਂ ਹੇਠ ਕੁਝ ਵੀ ਓਪਰਾ ਨਹੀਂ ਸੀ। ਇਹ ਕਸੀ ਹੋਈ ਪਿੱਠ, ਕਮਾਏ ਹੋਏ ਪੱਟ, ਕੰਜ-ਕੁਆਰੀ ਅਛੋਹ ਛਾਤੀ ਤਾਂ ਉਹਦੇ ਖਿਆਲਾਂ ਵਿਚ ਐਨ ਇਸੇ ਤਰ੍ਹਾਂ ਕਿੰਨੀ ਵਾਰ ਉਭਰੇ ਸਨ।

ਪਿੱਛੇ ਹਟਦੀ ਰਣਜੋਤ ਥਮਲੇ ਨਾਲ ਜਾ ਲੱਗੀ ਸੀ। ਇਦੋਂ ਪਹਿਲਾਂ ਕਿ ਉਹ ਪੂਰੀ ਤਰ੍ਹਾਂ ਸੰਭਲ ਕੇ ਵਿਰੋਧ ਕਰਨ ਦੀ ਹਾਲਤ ਵਿਚ ਆਉਂਦੀ, ਉਹਦਾ ਸਤਹੀਣ ਹੋਇਆ ਸਰੀਰ ਧੀਰੇ ਨੇ ਦਬੋਚ ਲਿਆ ਸੀ। ਰਣਜੋਤ ਦੇ ਮੂੰਹ 'ਤੇ ਰੱਖੇ, ਧੀਰੇ ਦੇ ਹੱਥ ਹੇਠੋਂ ਚੀਕਾਂ ਦੀ ਘੂੰ ਤੋਂ ਇਲਾਵਾ, ਪੱਖੇ ਦੀ ਹਵਾ 'ਚ ਖੜਕਦੇ ਗੁਰੂਆਂ ਅਤੇ ਦੇਵੀਆਂ ਦੇ ਕਲੰਡਰਾਂ ਦੀ ਆਵਾਜ਼ ਹੀ ਆ ਰਹੀ ਸੀ।

ਸਭ ਤੋਂ ਪਹਿਲਾਂ ਚਾਚੀ ਮਿੰਦਰੋ ਅੰਦਰ ਆਈ ਸੀ। ਚਾਚੀ ਦੀ ਠੋਕਰ ਨਾਲ ਦਰਵਾਜ਼ਾ ਖੁਲ੍ਹਣ ਤੋਂ ਪਹਿਲਾਂ ਹੀ, ਧੀਰੇ ਨੇ, ਬੇਹਾਲ ਹੋਈ ਰਣਜੋਤ ਨੂੰ ਬੈੱਡ 'ਤੇ ਪਈ ਛੱਡ, ਗਿੱਲਾ ਪਰਨਾ ਫਿਰ ਤੇੜ ਲਾ ਲਿਆ ਸੀ।

ਚਾਚੀ ਅੰਦਰ ਆਉਂਦੀ ਸਾਰ ਗੱਲ ਸਮਝ ਗਈ ਸੀ - ਉਆ ਵੇ, ਮਰਜਮੇ ਤੂੰ ਅਹਿਜਿਆ.... ਆਹ ਕੀ ਕੀਤੈ ਹਰਾਮੀਆ - ਉਹਨੇ ਡੌਰ ਭੌਰ ਖੜ੍ਹੇ ਧੀਰੇ ਦੇ ਵੱਟ ਕੇ ਥੱਪੜ ਮਾਰਿਆ ਸੀ। ਮਰੀ ਜਿਹੀ ਚਾਚੀ ਦੇ, ਜ਼ੋਰਦਾਰ ਥੱਪੜ ਨੇ ਧੀਰੇ ਨੂੰ ਸੁਰਤ ਲਿਆ ਦਿੱਤੀ ਸੀ।

ਲੋਕਾਂ ਦਾ ਹੋਇਆ ਇਕੱਠ, ਰਣਜੋਤ ਦੁਆਲੇ ਜੁੜ ਗਿਆ ਸੀ। ਧੀਰਾ ਨੰਗੇ ਪਿੰਡੇ ਈ, ਬਾਹਰਲਾ ਗੇਟ ਲੰਘ ਗਿਆ ਸੀ।

ਜਦ ਨੂੰ ਛਿੰਦਰੋ, ਧੀਰੇ ਦੀ ਮਾਂ ਅਤੇ ਪਿੱਛੇ ਹੀ ਲੇਰਾਂ ਮਾਰਦਾ ਗੋਲਡੀ, ਵਾਹੋ ਦਾਹੀ ਦਰ ਵੜੇ ਸਨ, ਤਾਂ ਔਰਤਾਂ ਨੇ ਰਣਜੋਤ ਦੇ ਕੱਪੜੇ ਬਦਲ ਦਿੱਤੇ ਸਨ, ਤਲੀਆਂ ਝੱਸ ਉਹਨੂੰ ਬੈਠੀ ਕਰ ਲਿਆ ਸੀ, ਚਾਚੀ ਦੀ ਨੋਹ ਦੁੱਧ ਤੱਤਾ ਕਰੀਂ ਲਈ ਆ ਰਹੀ ਸੀ।

ਰਣਜੋਤ ਦੀ ਹਾਲਤ ਵੇਖ ਕੇ, ਛਿੰਦਰੋ ਦੀ ਤਾਂ ਜਿਵੇਂ ਸੁਰਤ ਹੀ ਮਾਰੀ ਗਈ ਸੀ। ਰਣਜੋਤ ਨੂੰ ਬੁੱਕਲ ਵਿਚ ਸਾਂਭਦੀ ਉਹ ਭੁੱਬੀਂ ਰੋ ਪਈ ਸੀ। ਪਰ ਬੁੜੀ ਰਣਜੋਤ ਕੋਲ ਪਹੁੰਚਣ ਤੋਂ ਪਹਿਲਾਂ ਹੀ ਦਰਾਂ 'ਚ ਢੇਰੀ ਹੋ, ਕੀਰਨੇ ਪਾਉਣ ਲੱਗ ਪਈ ਸੀ।

- ਵੇ ਐਦੋਂ ਤਾਂ ਤੂੰ ਮਰੇ ਜਾਂਦਾ ਧੀਰਿਆ -

ਤੇ ਧੀਰਾ ਸੱਚਮੁੱਚ ਮਰ ਗਿਆ ਸੀ। ਲੋਕਾਂ ਨੇ ਇਕੱਠੇ ਹੋ ਕੇ ਉਹਦੀ ਵਰਕਸ਼ਾਪ ਵਿਚ, ਲੱਠ ਨਾਲ ਲਟਕਦੀ ਬੇ-ਜਾਨ ਦੇਹ, ਸਿੱਧੀ ਮੜ੍ਹੀਆਂ ਵਿਚ ਹੀ, ਲਿਜਾ ਧਰੀ ਸੀ। ਹੋਰ ਕਿਸੇ ਪੁਲਸ-ਥਾਣੇ ਦੇ ਅਲਸੇਟ ਤੋਂ ਡਰਦਿਆਂ, ਪਲੋ ਪਲੀ ਦਾਗ ਦੇ ਦਿੱਤਾ ਗਿਆ ਸੀ।

ਘੁੱਗ ਵਸਦਾ ਮਿਸਤਰੀਆਂ ਦਾ ਟੱਬਰ, ਘੜੀਆਂ ਪਲਾਂ ਵਿਚ ਤਬਾਹ ਹੋ ਗਿਆ ਸੀ। ਸੱਥਰ, ਵਿਹੜੇ ਵਿਚ ਹੀ ਨਹੀਂ, ਜੀਆਂ ਦੇ ਮਨਾਂ ਅੰਦਰ ਵੀ ਵਿਛ ਗਏ ਸਨ। ਪਿੰਡ ਨੇ ਆਪਣੇ ਜੀਵਨ ਵਿਚ, ਅਜਿਹਾ ਗੈਰ-ਕੁਦਰਤੀ ਵਰਤਾਰਾ ਪਹਿਲੀ ਵਾਰ ਵੇਖਿਆ ਸੀ।

-ਗੈਰਕੁਦਰਤੀ ਕੰਮਾਂ ਦੀ ਪੀੜ ਵੀ, ਗੈਰ-ਕੁਦਰਤੀ ਈ ਹੁੰਦੀ ਐ- ਧੀਰੇ ਦੇ ਭੋਗ ਵਾਲੇ ਦਿਨ, ਅੰਦਰ ਰਣਜੋਤ ਦੇ ਸਿਰ੍ਹਾਣੇ ਬੈਠੀ ਉਸ ਦੀ ਅੰਗਰੇਜ਼ੀ ਦੀ ਟੀਚਰ ਨੇ, ਹਉਕਾ ਲੈ ਕੇ ਕਿਹਾ ਸੀ।

-'ਪਰ ਮੈਂ ਕਿਹੜਾ ਗੈਰ-ਕੁਦਰਤੀ ਕੰਮ ਕੀਤੈ' - ਰਣਜੋਤ ਸੋਚਦੀ, 'ਜਿਸ ਦੀ ਸਜ਼ਾ ਮੈਨੂੰ ਮਿਲੀ ਐ' -

ਧੀਰੇ ਦੇ ਭੋਗ ਤੋਂ ਅਗਲੇ ਦਿਨ, ਉਸ ਨੂੰ, ਪਹਿਲੀ ਵਾਰ, ਸੁਪਨੇ ਵਿਚ ਸ਼ੇਰ ਦੀ ਦਹਾੜ ਸੁਣੀ ਸੀ। ਸ਼ੇਰ ਅੱਗੇ ਬੇ-ਤਹਾਸ਼ਾ ਭੱਜੀ ਜਾਂਦੀ ਰਣਜੋਤ ਦੇ ਪੈਰਾਂ ਹੇਠ ਖੜਕਦੇ ਪੱਤੇ, ਉਪਰ ਉਡਦੇ ਪੰਛੀਆਂ ਦਾ ਚੀਕ-ਚਿਹਾੜਾ ਅਤੇ ਰੁੱਖ 'ਤੇ ਬੈਠੀ ਰਣਜੋਤ ਦੇ ਐਨ ਸਾਹਮਣੇ, ਲਾਲ ਗੇਰੂ ਵਰਗੀਆਂ ਅੱਖਾਂ ਨਾਲ ਸ਼ੇਰ ਦੀਆਂ ਅੱਖਾਂ 'ਚੋਂ ਘੂਰਦਾ ਧੀਰਾ ਨਜ਼ਰ ਆਇਆ ਸੀ, ਲੱਠ ਨਾਲ ਲਟਕਦੇ ਧੀਰੇ ਦੇ ਪੈਰਾਂ ਦਾ ਡੋਲਦਾ ਪਰਛਾਵਾਂ ਦਿਸਿਆ ਸੀ।

ਤੇ ਫੇਰ ਸ਼ੇਰ ਦੀਆਂ ਅੱਖਾਂ 'ਚ, ਡੋਲਦੇ ਪਰਛਾਵੇਂ ਵਧਦੇ ਚਲੇ ਗਏ ਸਨ। ਸਹਿਮ ਬਣਕੇ ਉਹਦੇ ਅੰਦਰ ਉਤਰ ਗਏ ਸਨ। ਸਮੇਤ ਆਪਣੇ ਆਪੇ ਦੇ ਉਹਦਾ ਹਰ ਕਿਸੇ ਤੋਂ ਵਿਸ਼ਵਾਸ ਉਠ ਗਿਆ ਸੀ।

- ਤੂੰ ਜੋਤੀ ਉਠ ਕੇ ਬਾਹਰ ਫਿਰਿਆ ਤੁਰਿਆ ਕਰ - ਐਂ ਕੋਈ ਕੀ ਤੈਨੂੰ ਮੂੰਹ 'ਚ, ਪਾ ਲਊ - ਸਵੇਰ ਸ਼ਾਮ ਆਉਂਦੀ ਚਾਚੀ ਮਿੰਦਰੋ ਦੇ ਬੋਲ, ਕਦੇ ਕਦੇ ਰਣਜੋਤ ਨੂੰ ਢਾਰਸ ਬੰਨ੍ਹਾਉਂਦੇ।

- ਕਿਉਂ ਤੈਂ ਚੱਕ ਲਿਆ ਕਿਸੇ ਦਾ ਕੁਸ਼ - ਹੈਂ - ਨਾ ਮੇਰੀ ਧੀ - ਖਬਰ ਸਾਰ ਨੂੰ ਆਈ ਕੋਈ ਬੁੜ੍ਹੀ ਰੋਂਦੀ ਰਣਜੋਤ ਨੂੰ ਚੁੱਪ ਕਰਾਉਂਦੀ - ਐਂ ਅੰਦਰ ਵੜ ਕੇ ਜ਼ਿੰਦਗੀ ਥੋੜ੍ਹੇ ਕੱਟ ਹੁੰਦੀ ਐ - ਨਾਲੇ ਤੇਰਾ ਕੀ ਕਸੂਰ ਐ, ਧੀਰਾ ਈ ਰੁੜ੍ਹ ਜਾਣਾ ਬੇ-ਦੀਨ ਨਿਕਲਿਐ -

ਕਸੂਰ ਤਾਂ ਰਣਜੋਤ ਨੂੰ ਵੀ ਲਗਦਾ ਸੀ, ਉਹਦਾ ਕਿਤੇ ਨਹੀਂ। ਪਰ ਉਹਦੇ ਅੰਦਰੋਂ ਈ ਜਿਵੇਂ ਕੁਸ਼ ਮਰ ਗਿਆ ਸੀ। ਹਮਦਰਦੀ ਕਰਦੇ ਲੋਕ ਵੀ ਉਹਨੂੰ ਬੱਸ ਤਮਾਸ਼ਬੀਨ ਹੀ ਲਗਦੇ। ਹਰ ਆਇਆ ਗਿਆ, ਉਹਨੂੰ ਲਗਦਾ, ਜਿਵੇਂ ਉਹਦੇ ਸਰੀਰ ਨੂੰ ਹੀ ਵੇਖਣ ਆਇਆ ਹੋਵੇ। ਕਦੇ ਕਦੇ ਉਹਦਾ ਜੀਅ ਕਰਦਾ, ਉਹ ਉਠੇ ਅਤੇ ਚੌਰਾਹੇ 'ਚ ਜਾ ਕੇ, ਆਪਣੇ ਕੱਪੜੇ ਪਾੜ ਕੇ ਲੋਕਾਂ ਨੂੰ ਕਹੇ - ਲਓ, ਆਹ ਦੇਖਲੋ, ਆਹ ਕੀਤੈ ਮੇਰੇ ਬਾਪ ਨੇ ਮੇਰੇ ਨਾਲ - ਉਹਨੂੰ ਹਰ ਮਰਦ ਦੇ ਚਿਹਰੇ 'ਤੇ ਧੀਰੇ ਦੀਆਂ ਅੱਖਾਂ ਲੱਗੀਆਂ ਜਾਪਦੀਆਂ। ਉਹ ਆਪਣੇ ਆਪ ਨੂੰ ਇਹਨਾਂ ਅੱਖਾਂ ਦੀ ਘੂਰ ਤੋਂ ਬਚਾਉਂਦੀ ਥੱਕ ਜਾਂਦੀ। ਕਈ ਵਾਰ ਤਾਂ ਛੋਟੀ ਜਿਹੀ ਗੱਲ ਵੀ ਉਹਦੇ ਮਾੜੇ ਮੋਟੇ ਸੰਭਲੇ ਮਨ ਨੂੰ ਫਿਰ ਧੁਰ ਅੰਦਰ ਤਕ ਹਿਲਾ ਦਿੰਦੀ। ਜਿਵੇਂ ਇਕ ਦਿਨ ਉਹ ਗੋਲਡੀ ਤੋਂ ਹੀ ਤ੍ਰਭਕ ਗਈ ਸੀ।

ਗੋਲਡੀ ਬਾਲ-ਮੋਹ ਨਾਲ, ਚਾਹ ਪੀਂਦੀ ਰਣਜੋਤ ਦੇ ਗਲ ਨੂੰ ਚਿੰਬੜ ਗਿਆ ਸੀ। ਗੋਲਡੀ ਨੂੰ ਗੋਦੀ 'ਚ ਬਿਠਾਉਣ ਲਈ ਬਾਂਹ ਵਲਾਉਣ ਲੱਗੀ ਰਣਜੋਤ ਅਚਾਨਕ ਇੰਨਾ ਜ਼ਿਆਦਾ ਤ੍ਰਭਕ ਗਈ ਸੀ ਕਿ ਉਸ ਦੇ ਹੱਥੋਂ ਚਾਹ ਦਾ ਗਿਲਾਸ ਛੁੱਟ ਗਿਆ ਸੀ।

- ਕੀ ਹੋਇਆ - ਆਖਦੀ ਛਿੰਦਰੋ ਕਾਹਲੀ ਨਾਲ ਅੰਦਰ ਆਈ ਸੀ। ਰਣਜੋਤ ਨੇ 'ਕੁਸ਼-ਨੀ' ਤਾਂ ਕਹਿ ਦਿੱਤਾ ਸੀ ਪਰ ਅੰਦਰੋਂ ਅੰਦਰੀ ਉਹ ਬੁਰੀ ਤਰ੍ਹਾਂ ਦਹਿਲ ਜਿਹੀ ਗਈ ਸੀ। ਬਾਂਹ ਵਲਾਉਣ ਲੱਗਿਆਂ ਉਹਨੂੰ ਗੋਲਡੀ ਤੋਂ, ਅਚੇਤ ਹੀ ਇਕ ਡਰ ਜਿਹਾ ਲੱਗਿਆ ਸੀ। ਤੇ ਗੋਲਡੀ ਦੀਆਂ ਅੱਖਾਂ 'ਚੋਂ ਦਿਸਿਆ ਧੀਰੇ ਦਾ ਪਰਛਾਵਾਂ ਉਹਦੇ ਅੰਦਰ ਇਕ ਸਹਿਮ ਛੱਡ ਗਿਆ ਸੀ। ਭਾਵੇਂ ਇਹੋ ਜਿਹੀ ਕੋਈ ਗੱਲ ਉਹਨੇ



ਕਿਸੇ ਨੂੰ ਕਦੇ ਦੱਸੀ ਨਹੀਂ ਸੀ ਪਰ ਫਿਰ ਵੀ ਉਹਦੇ ਅੰਦਰ ਖਿਆਲਾਂ ਦੀ ਇਕ ਲੜੀ ਕਿੰਨੀ ਹੀ ਦੇਰ ਚਲਦੀ ਰਹੀ ਸੀ ਕਿ ਉਹ ਇਕ ਜੁਆਕ ਤੋਂ ਹੀ ਡਰਨ ਲੱਗ ਪਈ ਸੀ। ਭਾਵੇਂ ਲੱਖ ਕੋਸ਼ਿਸ਼ ਕਰਦੀ ਪਰ ਇਹ ਖਿਆਲ ਰਣਜੋਤ ਦਾ ਖਹਿੜਾ ਨਾ ਛੱਡਦੇ। ਬਾਹਰ ਨਿਕਲਣ ਤੋਂ ਉਹਨੂੰ ਜਿਵੇਂ ਭੈ ਆਉਂਦਾ, ਬੱਸ ਆਪਣੇ ਕਮਰੇ ਦੇ ਅੰਦਰ ਹੀ ਉਹ ਜਿਵੇਂ ਆਪਣੇ ਆਪ ਨਾਲ ਘੁਲਦੀ ਹਫ ਜਾਂਦੀ। ਉਹਨੂੰ ਲਗਦਾ ਜਿਵੇਂ ਕਿਸੇ ਹੜ੍ਹ ਦਾ ਪਾਣੀ ਉਹਦੇ ਗਲ ਗਲ ਆ ਗਿਆ ਹੋਵੇ ਤੇ ਉਹਦਾ ਸਾਰਾ ਜ਼ੋਰ ਬੱਸ ਆਪਣੀ ਗਰਦਨ ਪਾਣੀ ਤੋਂ ਉਚੀ ਰੱਖਣ 'ਤੇ ਹੀ ਲੱਗ ਗਿਆ ਹੋਵੇ।

- ਓ, ਜੋਤੀ, ਬੱਸ ਬੱਸ.... ਹੁਣ ਸਾਰਾ ਜ਼ੋਰ ਵਾਰਮਅੱਪ ਹੋਣ 'ਤੇ ਹੀ ਲਾ ਦੇਣੈ - ਕੋਚ ਨੇ ਪੂਰੇ ਜ਼ੋਰ ਨਾਲ ਸਪਰਿੰਟ ਪੂਰੀ ਕਰਦੀ ਰਣਜੋਤ ਨੂੰ ਰੋਕ ਲਿਆ ਸੀ। - ਬੱਸ ਕਰ ਹੁਣ, ਪੰਜ ਸੱਤ ਮਿੰਟ ਰਿਲੈਕਸ ਕਰਲੈ। ਪੰਜ ਹਜ਼ਾਰ ਲਈ ਫਾਈਨਲ ਕਾਲ ਹੋਣ ਹੀ ਵਾਲੀ ਹੈ। ਚਲੋ ਫੇਰ ਟਰੈਕ ' ਤੇ ਚੱਲੀਏ -

- ਸਰ ਕੁੱਛ ਮੌਕੇ ਅਨੁਸਾਰ ਵੇਰੀਏਸ਼ਨ ਕਰਨੀ ਪਵੇ ਤਾਂ ? - ਰਣਜੋਤ ਹਰ ਗੱਲ ਸਪਸ਼ਟ ਕਰਕੇ ਹੀ ਰੇਸ ਸ਼ੁਰੂ ਕਰਨੀ ਚਾਹੁੰਦੀ ਸੀ। -

- ਨਹੀਂ, ਬਹੁਤ ਲੋੜ ਨਹੀਂ ਪੈਣੀ। ਬੱਸ ਦੋ ਗੱਲਾਂ ਦਾ ਖਿਆਲ ਰੱਖਣਾ ਹੈ। ਆਪਾਂ ਨੇ ਤਿੰਨ ਤਿੰਨ ਲੈਪਸ ਦੇ ਗਰੁੱਪ ਬਣਾਏ ਨੇ। ਹਰ ਲੈਪ ਗਰੁਪ ਦਾ ਆਪਣਾ ਸਮਾਂ ਬਹੁਤਾ ਡਿਸਟਰਬ ਨਹੀਂ ਕਰਨਾ। ਦਸਵੇਂ ਲੈਪ ਤਕ ਰੀਟਾ ਤੋਂ ਗੈਪ ਵੀਹ ਮੀਟਰ ਤੋਂ ਕਿਸੇ ਹਾਲਤ 'ਚ ਵੀ ਵੱਧ ਨਾ ਹੋਵੇ। ਤੇ ਸਭ ਤੋਂ ਜ਼ਰੂਰੀ ਗੱਲ, ਫਿਨਿਸ਼ ਤੂੰ ਸ਼ੁਰੂ ਕਰਨੀ ਐ। ਰੀਟਾ ਆਖਰੀ ਹਾਫ ਲੈਪ ਸਪਰਿੰਟ ਨਾਲ ਪੂਰਾ ਕਰਦੀ ਐ - ਤੇਰਾ ਸਟੈਪ ਵੀ ਵੱਧ ਐ ਅਤੇ ਸਟੈਮਿਨਾ ਵੀ। ਢਾਈ ਸੌ ਤੋਂ ਫਿਨਿਸ਼ ਸ਼ੁਰੂ ਕਰੇ ਤਾਂ ਰੀਟਾ ਦਾ ਟਾਈਮ ਟੁੱਟ ਸਕਦੈ। ਤੇ ਹਾਂ, ਟਾਈਮ ਦਿਲਵੀਰ ਵਾਚ ਕਰੂ, ਅੰਦਰ ਰਹਿ ਕੇ -

ਪੂਰੀ ਰੇਸ ਦੀ ਯੋਜਨਾ ਸ਼ੁਰੂ ਤੋਂ ਅਖੀਰ ਤਕ ਡਿਸਕਸ ਕਰਦੇ ਉਹ ਸਟਾਰਟਿੰਗ ਲਾਈਨ 'ਤੇ ਆ ਗਏ ਸਨ।

ਰੀਟਾ ਰਣਜੋਤ ਦੇ ਅੰਦਰਲੇ ਪਾਸੇ ਸੀ ਅਤੇ ਰਾਣੀ ਅਖੀਰ 'ਚ। ਸਾਰੀਆਂ ਨੇ ਇਕ ਦੂਜੇ ਨੂੰ ਵਿਸ਼ ਕੀਤਾ ਸੀ, ਸ਼ੁਭ ਇਛਾਵਾਂ ਦਿੱਤੀਆਂ ਸਨ, ਆਨ ਯੋਰ ਮਾਰਕਸ 'ਤੇ ਮੋਢੇ ਛੰਡੇ ਸਨ, ਫਾਇਰ ਦੀ ਆਵਾਜ਼ ਆਈ ਸੀ ਅਤੇ ਰਣਜੋਤ ਲਈ, ਜੀਵਨ-ਮੌਤ ਦਾ ਘੋਲ ਸ਼ੁਰੂ ਹੋ ਗਿਆ ਸੀ।

ਰਣਜੋਤ ਨੇ ਮਨ ਹੀ ਮਨ ਦੁਹਰਾਇਆ, ਪਹਿਲੇ ਪੰਜ ਲੈਪ ਛੇ ਮਿੰਟ 'ਚ ਪੂਰੇ ਕਰਨੇ ਸਨ ਅਤੇ ਰੀਟਾ ਤੋਂ ਅੱਗੇ ਨਿਕਲਣ ਦੀ ਆਪਣੀ ਇੱਛਾ 'ਤੇ ਕਾਬੂ ਰੱਖਣਾ ਸੀ।

ਜਿਵੇਂ ਗੁਰਪੁਰਬ ਦੇ ਭਿਆਨਕ ਦਿਨ ਤੋਂ ਬਾਅਦ ਵਾਰ ਵਾਰ ਪੈਦਾ ਹੁੰਦੀ ਆਤਮ-ਹੱਤਿਆ ਦੀ ਇੱਛਾ 'ਤੇ ਕਾਬੂ ਰੱਖਿਆ ਸੀ। ਉਹਨਾਂ ਦਿਨਾਂ ਵਿਚ, ਰਣਜੋਤ ਨੂੰ ਬਹੁਤ ਵਾਰ ਇਹ ਲਗਦਾ ਰਿਹਾ ਸੀ ਕਿ ਹੁਣ ਉਹ ਕਦੇ ਵੀ ਲੋਕਾਂ ਦੇ ਸਾਹਮਣੇ ਨਹੀਂ ਜਾ ਸਕੇਗੀ। ਜਿਉਣਾ ਦੁੱਭਰ ਲਗਦਾ ਰਿਹਾ ਸੀ। ਪਰ ਹਰ ਵਾਰ ਉਹ ਆਪਣੀ ਇਸ ਕਮਜ਼ੋਰੀ 'ਤੇ ਕਾਬੂ ਰੱਖਣ ਵਿਚ ਕਾਮਯਾਬ ਰਹੀ ਸੀ। ਉਦੋਂ ਵੀ ਜਦੋਂ ਪਲੱਸ ਟੂ ਦੇ ਆਖਰੀ ਪੇਪਰ ਵਾਲੇ ਦਿਨ ਭੂਆ ਦੇ ਦਿਉਰ ਨੇ ਬੜੀ ਬੇ-ਸ਼ਰਮੀ ਨਾਲ ਖੁਲ੍ਹ-ਦਿਲੀ ਵਿਖਾਉਂਦਿਆਂ ਕਿਹਾ ਸੀ।

- ਦੇਖ ਜੋਤੀ ਵਿਆਹ ਆਲਾ ਤਾਂ ਹੁਣ ਵਰਕਾ ਈ ਪਾੜਦੇ, ਘਰਦੇ ਕਿਸੇ ਹਾਲ ਨੀ ਮੰਨਣ ਲੱਗੇ। ਹਾਂ ਮੇਰੇ ਵੱਲੋਂ ਤੈਨੂੰ ਖੁਲ੍ਹ ਐ, ਜਦ ਚਾਹੇਂ ਮਿਲ ਸਕਦੀ ਐਂ, ਜਿਥੇ ਚਾਹੇਂ -

ਰਣਜੋਤ ਨੂੰ ਬੱਸ ਧਰਤੀ ਨੇ ਵਿਹਲ ਹੀ ਨਹੀਂ ਸੀ ਦਿੱਤੀ। ਕਿੰਨੇ ਹੀ ਦਿਨ ਘਰ ਆਕੇ, ਉਹਨੇ ਮੰਜਾ ਮੱਲੀ ਰੱਖਿਆ ਸੀ। ਪੇਪਰਾਂ ਖਾਤਰ, ਸਾਰਾ ਤਾਣ ਲਾ ਕੇ ਇਕੱਠੀ ਕੀਤੀ ਇੱਛਾ ਸ਼ਕਤੀ, ਸਿਰਫ ਦੋ ਬੋਲਾਂ ਦੇ ਮਾਰੂਥਲ ਨੇ ਜੀਰ ਲਈ ਸੀ। - ਐਦੋਂ ਬੰਦਾ ਮਰ ਜਾਵੇ - ਰਣਜੋਤ ਦੇ ਮਨ 'ਚ ਖਿਆਲ ਉਠਦਾ -

ਪਰ ਤੂੰ ਕਿਉਂ ਮਰੇਂ - ਰਣਜੋਤ ਨੇ ਫਿਰ ਆਪਣੇ ਆਪ ਨੂੰ ਕਿਹਾ ਸੀ - ਅਜਿਹੇ ਵੀਹ ਲਗਾੜੇ ਤੁਰੇ

ਫਿਰਦੇ ਨੇ। ਇਹਦੇ ਖਾਤਰੇ ਭੂਆ ਸੌਂਹਾਂ ਪੁਆਈ ਜਾਂਦੀ ਸੀ। - ਉਹਨੂੰ ਭੂਆ 'ਤੇ ਗੁੱਸਾ ਆਇਆ ਸੀ। ਉਹਨੂੰ ਲੱਗਿਆ ਉਸਦੀ ਇਸ ਬੇ-ਇਜ਼ਤੀ ਲਈ ਭੂਆ ਵੀ ਕਿਤੇ ਨਾ ਕਿਤੇ ਜ਼ਿੰਮੇਵਾਰ ਸੀ। ਇਸ ਬੇ-ਇਜ਼ਤੀ ਨੇ ਜਿਵੇਂ ਰਣਜੋਤ ਦੇ ਅੰਦਰ ਗੁੱਸੇ ਦਾ ਭਾਂਬੜ ਬਾਲ ਦਿੱਤਾ ਸੀ।

ਉਦੋਂ ਪਹਿਲੀ ਵਾਰ ਰਣਜੋਤ ਦੇ ਮਨ 'ਚ ਜਿਊਂ ਕੇ ਵਿਖਾਉਣ ਦੀ ਇੱਛਾ ਉਪਜੀ ਸੀ ਜਿਵੇਂ ਕਿਸੇ ਦੇ ਅੰਦਰ ਬਦਲੇ ਦੀ ਭਾਵਨਾ ਉਪਜਦੀ ਹੈ। ਉਸ ਘੜੀ ਤੋਂ ਬਾਅਦ ਉਹ ਭਾਵੇਂ ਕਿੰਨੀ ਵੀ ਨਿਰਾਸ਼ ਹੋਈ ਹੋਵੇ, ਉਹਦੇ ਮਨ 'ਚ ਮਰਨ ਦੀ ਭਾਵਨਾ ਕਦੇ ਨਹੀਂ ਸੀ ਆਈ। ਉਹਨੇ ਬਾਹਰਲੀ ਦੁਨੀਆਂ 'ਚ ਭਾਵੇਂ ਨਾ ਸਹੀ ਪਰ ਆਪਣੇ ਮਨ 'ਚ ਇਕ ਸਥਿਰਤਾ ਪੈਦਾ ਕਰ ਲਈ ਸੀ।

ਹਾਂ ਇਕ ਸਥਿਰ ਗੈਪ ਮੇਨਟੇਨ ਕਰ ਲਿਆ ਸੀ ਰਣਜੋਤ ਨੇ ਰੀਟਾ ਨਾਲੋਂ। ਲਗਪਗ ਪੰਜਾਹ ਗਜ਼। ਸੱਤਵੇਂ ਲੈਪ ਦੀ ਸਮਾਪਤੀ 'ਤੇ ਰਾਣੀ ਪੱਡਾ ਸਭ ਤੋਂ ਅੱਗੇ ਸੀ, ਰੀਟਾ ਦੂਜੇ ਨੰਬਰ 'ਤੇ, ਹਰਿਆਣਾ ਦੀ ਕਾਂਤਾ ਸਿੰਘ ਤੀਜੇ ਨੰਬਰ 'ਤੇ ਅਤੇ ਰਣਜੋਤ ਚੌਥੇ ਨੰਬਰ 'ਤੇ। ਲਗਾਤਾਰ ਸੱਤਵੇਂ ਲੈਪ ਤਕ ਰਾਣੀ ਦਾ ਲੀਡ ਕਰਨਾ ਅਤੇ ਰੀਟਾ ਦਾ, ਉਹਨੂੰ ਕਰਾਸ ਕਰਨ ਦੀ ਕੋਸ਼ਿਸ਼ ਤਕ ਨਾ ਕਰਨਾ ਰਣਜੋਤ ਲਈ ਥੋੜ੍ਹੀ ਜਿਹੀ ਚਿੰਤਾ ਪੈਦਾ ਕਰ ਰਿਹਾ ਸੀ। ਦੋ ਗੱਲਾਂ ਹੋ ਸਕਦੀਆਂ ਸਨ, ਰਾਣੀ ਨੇ ਆਪਣੇ ਸਮੇਂ ਵਿਚ ਸੁਧਾਰ ਕੀਤਾ ਹੋਵੇ ਜਾਂ ਰੀਟਾ ਨੇ ਆਪਣਾ ਰੇਸ ਸਟਾਈਲ ਬਦਲ ਲਿਆ ਹੋਵੇ। ਜੇ ਪਹਿਲੀ ਗੱਲ ਠੀਕ ਸੀ ਤਾਂ ਟਾਰਗੈਟ ਰਾਣੀ ਦਾ ਹੋਣਾ ਚਾਹੀਦਾ ਸੀ, ਜੇ ਦੂਜੀ ਗੱਲ ਠੀਕ ਸੀ ਤਾਂ ਰਣਜੋਤ ਨੂੰ ਵੀ ਆਪਣੀ ਯੋਜਨਾ ਵਿਚ ਤਬਦੀਲੀ ਦੀ ਲੋੜ ਹੋ ਸਕਦੀ ਸੀ। ਇਹ ਗੱਲ ਜ਼ਿਆਦਾ ਪ੍ਰੇਸ਼ਾਨੀ ਪੈਦਾ ਕਰਨ ਵਾਲੀ ਸਾਬਤ ਹੋ ਸਕਦੀ ਸੀ।

- 'ਖੈਰ ਦਸਵੇਂ ਲੈਪ ਤੋਂ ਬਾਅਦ ਵੇਖੀ ਜਾਵੇਗੀ' - ਰੀਟਾ ਨੂੰ ਹੀ ਧਿਆਨ ਵਿਚ ਰੱਖਦੇ ਹੋਏ ਰਣਜੋਤ ਨੇ ਸੋਚਿਆ। ਉਹ ਸਰੀਰਕ ਅਤੇ ਮਾਨਸਿਕ ਪੱਖੋਂ ਪੂਰੀ ਤਰ੍ਹਾਂ ਉਤਸ਼ਾਹ ਵਿਚ ਸੀ।

- ਵਾਕ ਅੱਪ, ਵਾਕ ਅੱਪ ਬਾਹਰੋਂ ਆਵਾਜ਼ਾਂ ਆ ਰਹੀਆਂ ਸਨ।

- ਯੂ ਆਰ ਗੋਇੰਗ ਵੈੱਲ ਜੋਤੀ - ਬਰਾਬਰ ਤੋਂ ਮੈਰੀ ਪੀਟਰ ਦਹਾੜ ਰਹੀ ਸੀ।

- ਜੋਤੀ, ਸਟੈਮਨਾ ਬਚਾ ਕੇ, ਬੱਸ ਇਸੇ ਸਪੀਡ ਨਾਲ - ਹਰੇਕ ਲੈਪ ਦਾ ਠੀਕ ਸਮਾਂ ਚੱਲ ਰਿਹਾ ਹੈ ਤੇਰੇ ਰਿਕਾਰਡ ਅਨੁਸਾਰ - ਦਿਲਵੀਰ ਰਣਜੋਤ ਦੇ ਬਰਾਬਰ, ਅੰਦਰੋਂ ਵਾਚ ਕਰ ਰਿਹਾ ਸੀ।

- ਵਾਕ ਅੱਪ - ਵਾਕ ਅੱਪ - ਕੋਚ ਨੇੜੇ ਆਕੇ ਤਾੜੀਆਂ ਮਾਰ ਰਿਹਾ ਸੀ - ਮੇਨਟੇਨ ਦਾ ਸਪੀਡ ਜੋਤੀ -

ਪਰ ਸਪੀਡ ਹੀ ਮੇਨਟੇਨ ਨਹੀਂ ਸੀ ਹੋ ਰਹੀ ਰਣਜੋਤ ਤੋਂ, ਜਦੋਂ ਉਹਨੇ ਬੀ. ਏ. ਭਾਗ ਪਹਿਲਾ ਵਿਚ ਜਾਕੇ, ਨਵੇਂ ਸਿਰੇ ਤੋਂ ਪ੍ਰੈਕਟਿਸ ਸ਼ੁਰੂ ਕੀਤੀ ਸੀ। ਉਹਦਾ ਵਿਦੇਸ਼ੋਂ ਮੁੜਿਆ ਮਾਮਾ, ਰਣਜੋਤ ਨੂੰ ਮਨਾ ਕੇ ਆਪਣੇ ਕੋਲ ਹੀ ਲੈ ਗਿਆ ਸੀ - ਨਾਲੇ ਪਿੰਡੋਂ ਦੂਰ ਭੁੱਲੀ ਰਹੂ - ਦਾਦੀ ਨੇ ਹਾਮੀ ਭਰਦਿਆਂ ਕਿਹਾ ਸੀ -

ਪਰ ਗਰਾਊਂਡ 'ਚ ਪਹਿਲੇ ਦਿਨ ਹੀ ਪ੍ਰੈਕਟਿਸ ਕਰਨ ਗਈ ਰਣਜੋਤ ਪ੍ਰੇਸ਼ਾਨ ਹੋ ਉੱਠੀ ਸੀ। ਉਹਦਾ ਮਨ ਅੱਠ ਸੌ ਮੀਟਰ ਪੂਰੀ ਕਰਨ ਤੋਂ ਹੀ ਇਨਕਾਰੀ ਹੋ ਗਿਆ ਸੀ। ਉਹਦੇ ਆਪਣੇ ਕੱਢੇ ਸਮੇਂ ਨਾਲੋਂ ਪੂਰੇ ਪੰਜ ਸੈਕਿੰਡ ਵੱਧ ਸਮਾਂ ਨਿਕਲਦਾ ਸੀ।

ਰਣਜੋਤ ਹੈਰਾਨ ਸੀ। ਉਹਨੂੰ ਆਪਣਾ ਸਰੀਰ ਪੂਰੀ ਤਰ੍ਹਾਂ ਫਿੱਟ ਲਗਦਾ, ਪਰ ਮਨ ਆਪਣੀ ਦ੍ਰਿੜ੍ਹਤਾ ਨਹੀਂ ਸੀ ਬਣਾਈ ਰੱਖ ਸਕਿਆ। ਜਦ ਨੂੰ ਉਹ ਮਾਨਸਿਕ ਤੌਰ 'ਤੇ ਮੁਕਾਬਲੇ ਲਈ ਤਿਆਰ ਹੁੰਦੀ, ਦੌੜ ਖਤਮ ਹੋ ਜਾਂਦੀ। ਤਿੰਨ ਮਹੀਨਿਆਂ ਵਿਚ ਉਹ ਚਾਰ ਟੂਰਨਾਮੈਂਟ ਹਾਰ ਆਈ ਸੀ।

- ਗੱਲ ਦੀ ਕੋਈ ਸਮਝ ਨਹੀਂ ਆਉਂਦੀ - ਕੋਚ ਅੱਡ ਪ੍ਰੇਸ਼ਾਨ ਹੋ ਰਿਹਾ ਸੀ - ਤੇਰਾ ਸਟੈਮਿਨਾ ਬਹੁਤ ਐ, ਸਟੈਪ ਅੱਠ ਫੁੱਟ ਦੇ ਨੇੜੇ ਜਾ ਕੇ ਡਿਗਦੈ, ਜੂਨੀਅਰ 'ਚ ਰਿਕਾਰਡ ਬਹੁਤ ਚੰਗੈ। ਸਮਝ ਨੀ ਆਉਂਦੀ ਗੜਬੜ ਕਿੱਥੇ ਐ? -

ਹੁਣ ਰਣਜੋਤ ਕੀ ਦੱਸਦੀ ਕਿ ਗੜਬੜ ਕਿੱਥੇ ਸੀ। ਇਹ ਕਿ ਗਰਾਊਂਡ 'ਚ ਹਾਜ਼ਰ ਹਰ ਵਿਅਕਤੀ ਦੀਆਂ ਅੱਖਾਂ 'ਚੋਂ ਉਹਨੂੰ ਧੀਰਾ ਘੂਰਦਾ ਸੀ। ਇਹ ਕਿ ਜਿਸ ਕਾਰਨ ਪਿੰਡੋਂ ਭੱਜੀ ਸੀ, ਉਹ



ਦਹਿਸ਼ਤ ਉਹਦੇ ਨਾਲ ਹੀ ਤੁਰੀ ਆਈ ਸੀ। ਜਾਂ ਇਹ ਕਿ ਉਹਨੂੰ ਲਗਦਾ ਕਿ ਦੁਨੀਆ ਦਾ ਹਰ ਵਿਅਕਤੀ ਉਹਦੇ ਨਾਲ ਬੀਤੇ ਹਾਦਸੇ ਬਾਰੇ ਜਾਣਦੈ। ਕੀ ਗੜਬੜ ਦੱਸਦੀ ਉਹ।

- ਰਣਜੋਤ ਨੂੰ ਪੰਜ ਹਜ਼ਾਰ ਮੀਟਰ ਲੁਆ ਕੇ ਵੇਖੋ - ਕਾਲਿਜ ਦੇ ਸਟਾਰ ਹੈਮਰ-ਥਰੋਅਰ ਦਿਲਵੀਰ ਨੇ, ਰਣਜੋਤ ਦੇ ਸਟੈਮਨੇ ਵਾਲੀ ਗੱਲ ਦੇ ਮੱਦੇਨਜ਼ਰ ਸੁਝਾਅ ਦਿੱਤਾ ਸੀ - ਹਾਂ ਵੇਖਿਆ ਤਾਂ ਜਾ ਸਕਦੈ - ਕੋਚ ਨੇ ਰਣਜੋਤ ਵੱਲ ਵੇਖਦਿਆਂ ਕਿਹਾ ਸੀ।

ਤੇ ਰਣਜੋਤ ਨੇ, ਖੇਡਾਂ ਦੀ ਦੁਨੀਆਂ 'ਚ, ਸਭ ਤੋਂ ਵੱਧ ਮਹੱਤਵਪੂਰਨ ਫੈਸਲਿਆਂ 'ਚੋਂ ਇਕ ਕਰ ਲਿਆ ਸੀ। ਈਵੈਂਟ ਬਦਲਣ ਦਾ ਫੈਸਲਾ। ਪੰਜ ਹਜ਼ਾਰ ਦੀ ਤਿਆਰੀ ਲਈ ਕੀਤੀ ਜਾਣ ਵਾਲੀ ਰੋਜ਼ ਦੀ ਪ੍ਰੈਕਟਿਸ ਵੀ ਉਸ ਦੇ ਹੱਕ 'ਚ ਭੁਗਤੀ ਸੀ। ਬਹੁਤੀ ਪ੍ਰੈਕਟਿਸ, ਬਹੁਤਾ ਥਕੇਵਾਂ ਤੇ ਵਧਦੀ ਨੀਂਦ। ਰਣਜੋਤ ਪਹਿਲੀ ਵਾਰ ਹੀ ਯੂਨੀਵਰਸਿਟੀ ਜਿੱਤ ਲਿਆਈ ਸੀ।

- ਜਿਤਣਾ ਤਾਂ ਅੱਜ ਮੈਂ ਈ ਐ ਰੀਟਾ - ਦਸਵੇਂ ਲੈਪ ਦੇ ਖਾਤਮੇ 'ਤੇ ਰਣਜੋਤ ਨੇ ਮਨ ਹੀ ਮਨ ਦੁਹਰਾਇਆ ਸੀ।

- ਸ਼ਾਬਾਸ਼! ਜੋਤੀ! ਸ਼ਾਬਾਸ਼!! ਤੂੰ ਅੱਜ ਰਿਕਾਰਡ ਬਣਾਏਂਗੀ। ਦਿਲਵੀਰ ਮੂੰਹ 'ਤੇ ਹੱਥਾਂ ਦਾ ਘੁੱਗੂ ਜਿਹਾ ਬਣਾਉਂਦਾ ਬੋਲਿਆ ਸੀ।

ਵਾਕ ਅੱਪ - ਵਾਕ ਅੱਪ, ਪੂਰਾ ਸਟੇਡੀਅਮ ਗੂੰਜ ਰਿਹਾ ਸੀ

ਕਾਂਤਾ ਪਿੱਛੇ ਰਹਿ ਗਈ ਸੀ। ਰਾਣੀ ਅਜੇ ਵੀ ਲੀਡ ਕਰ ਰਹੀ ਸੀ, ਪਰ ਇਕਦਮ ਉਹਦੇ ਨਾਲ ਹੀ ਜਾ ਰਹੀ ਰੀਟਾ ਰਣਜੋਤ ਤੋਂ ਵੀਹ ਕੁ ਮੀਟਰ ਦੇ ਫਾਸਲੇ 'ਤੇ ਅਣਥੱਕ ਲੱਗ ਰਹੀ ਸੀ।

ਰਣਜੋਤ ਨੇ ਆਪਣਾ ਸਾਹ ਵੇਖਿਆ, ਬਿਲਕੁਲ ਨਾਰਮਲ, ਬਿਨਾਂ ਉਖੜੇ। ਲੱਤਾਂ ਪਰਖੀਆਂ, ਪੂਰੀ ਤਰ੍ਹਾਂ ਅਣਥੱਕ।

- 'ਆਹ ਸੌ ਕੁ ਮੀਟਰ ਸਟੈਪ ਘਟਾ ਕੇ, ਸਪੀਡ ਵਰਤਕੇ ਵੇਖਾਂ - ਰੀਟਾ ਨਾਲੋਂ ਦੂਰੀ ਘਟ ਜਾਵੇਗੀ। ਨਾਲੇ ਹੋ ਸਕਦੈ ਰੀਟਾ ਉਖੜ ਹੀ ਜਾਵੇ - ਸੋਚ ਕੇ ਰਣਜੋਤ ਨੇ ਸਹਿਜੇ ਸਪੀਡ ਵਧਾ ਦਿੱਤੀ।

- ਕੀ ਕਰਦੀ ਐਂ ਜੋਤੀ! ਬਾਹਰ ਖੜ੍ਹੇ ਕੋਚ ਨੇ ਘਬਰਾ ਕੇ ਕਿਹਾ ਸੀ। ਅਜੇ ਪੰਜ ਸੌ ਮੀਟਰ ਰਨ ਬਾਕੀ ਐ। ਉਹਨੇ ਸਮਝਿਆ ਰਣਜੋਤ ਨੇ ਫਿਨਿਸ਼ ਸ਼ੁਰੂ ਕਰ ਦਿੱਤੀ ਸੀ।

ਸੌ ਮੀਟਰ ਦੇ ਵਿਚ ਹੀ ਰਣਜੋਤ ਰੀਟਾ ਦੇ ਬਰਾਬਰ ਜਾ ਰਲੀ ਸੀ। ਪਰ ਸਟੇਡੀਅਮ ਵਿਚ ਪੈ ਰਹੇ ਰੌਲੇ ਨੇ ਰੀਟਾ ਨੂੰ ਉਸ ਦੀ ਪੈੜਚਾਲ ਸੁਣਨ ਹੀ ਨਹੀਂ ਸੀ ਦਿੱਤੀ। ਉਹ ਆਪਣੀ ਸਪੀਡ ਦੌੜਦੀ ਰਹੀ ਸੀ। ਦੋਵਾਂ ਨੇ ਵਾਰੋ ਵਾਰੀ ਰਾਣੀ ਨੂੰ ਕਰਾਸ ਕੀਤਾ।

- ਸ਼ਾਬਾਸ਼ ਜੋਤੀ ਸ਼ਾਬਾਸ਼ - ਦਿਲਵੀਰ ਨੇ ਤਾੜੀ ਮਾਰੀ ਸੀ।

- ਫਿਨਿਸ਼ - ਕੋਚ ਬਰਾਬਰ ਆਉਂਦਾ ਬੋਲਿਆ ਸੀ।

ਰਣਜੋਤ ਨੇ ਇਕ ਵਾਰ ਫਿਨਿਸ਼ ਲਾਈਨ ਵੱਲ ਵੇਖਿਆ ਸੀ। ਸਰੀਰ ਥੋੜ੍ਹਾ ਢਿੱਲਾ ਛੱਡਿਆ ਸੀ ਅਤੇ ਫਿਨਿਸ਼ ਸਪਰਿੰਟ ਸ਼ੁਰੂ ਕਰ ਦਿੱਤੀ ਸੀ।

ਕੋਚ ਦੀ ਯੋਜਨਾ ਸਫਲ ਹੋ ਗਈ ਸੀ। ਰੀਟਾ ਨੇ ਵੀ ਫਿਨਿਸ਼ ਸ਼ੁਰੂ ਕਰ ਦਿੱਤੀ ਸੀ।

- ਵਾਕ ਅੱਪ - ਸਾਰਾ ਸਟੇਡੀਅਮ ਗੂੰਜ ਰਿਹਾ ਸੀ।

- ਵਾਕ ਅੱਪ - ਵਾਕ ਅੱਪ ਜੋਤੀ - ਮੈਰੀ ਉਹਦੇ ਬਰਾਬਰ ਦੌੜ ਰਹੀ ਸੀ।

- ਸ਼ਾਬਾਸ਼ ਜੋਤੀ - ਸ਼ਾਬਾਸ਼ - ਦਿਲਵੀਰ ਤਾੜੀਆਂ ਮਾਰ ਰਿਹਾ ਸੀ

- ਵਾਕ ਅੱਪ - ਰੀਟਾ ਤੇ ਰਣਜੋਤ ਇਕ ਮੀਟਰ ਦੇ ਫਾਸਲੇ ਨਾਲ, ਰਬੜ ਵਾਂਗ ਵਧ ਰਹੀਆਂ ਸਨ - ਆਖਰੀ ਪੰਜਾਹ ਮੀਟਰ, ਰਣਜੋਤ ਨੇ ਸਾਰਾ ਸਰੀਰ ਅੱਗੇ ਵੱਲ ਉਲਾਰਿਆ।

- ਹੰਨੇ ਜਾਂ ਬੰਨੇ - ਤੇ ਅਗਲੇ ਪਲ ਰੀਟਾ ਪਛੜ ਰਹੀ ਸੀ।

- ਵਾਕ ਅੱਪ, ਜੋਤੀ, ਫਿਨਿਸ਼ ਇਟ - ਕੋਚ ਗਰਜ ਰਿਹਾ ਸੀ।

- ਜਿੱਤਣਾ ਤਾਂ ਅੱਜ ਮੈਂ ਈ ਐ ਰੀਟਾ - ਰਣਜੋਤ ਨੇ ਬਚਦੀ ਸਾਰੀ ਤਾਕਤ ਝੋਕ ਦਿੱਤੀ ਸੀ।

- ਵਾਕ ਅੱਪ - ਵਾਕ ਅੱਪ - ਇਕ ਪਲ ਸਟੇਡੀਅਮ ਗੂੰਜ ਰਿਹਾ ਸੀ ਤੇ ਅਗਲੇ ਪਲ ਰਣਜੋਤ, ਆਪਣੇ ਕੋਚ, ਕਰਨਦੀਪ, ਮੈਰੀ ਪੀਟਰ ਅਤੇ ਦਿਲਵੀਰ ਦੀ ਸਾਂਝੀ ਗਲਵੱਕੜੀ 'ਚ ਭੁੱਬੀਂ ਰੋ ਰਹੀ ਸੀ। ਉਹਨੇ ਆਪਣਾ ਹੀ ਨਹੀਂ, ਨੈਸ਼ਨਲ ਰਿਕਾਰਡ ਤੋੜ ਕੇ ਰੇਸ ਜਿੱਤੀ ਸੀ। ਕੈਮਰਿਆਂ ਦੀਆਂ ਫਲੈਸ਼ ਲਾਈਟਾਂ ਨੇ ਰਣਜੋਤ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਸਨ। ਮੈਰੀ ਨੇ ਖਾਸ ਤੌਰ 'ਤੇ ਰਣਜੋਤ ਨਾਲ ਫੋਟੋਆਂ ਕਰਵਾਈਆਂ ਸਨ ਅਤੇ ਵਧਾਈਆਂ ਦਿੰਦੀ ਚਲੀ ਗਈ ਸੀ।

ਵਧਾਈਆਂ ਦੇਣ ਦੇ ਬਹਾਨੇ ਹੀ ਦਿਲਵੀਰ ਸ਼ਾਮੀ ਰਣਜੋਤ ਨੂੰ ਉਹਨਾਂ ਦੇ ਹੋਟਲ ਦੇ ਪਾਰਕ ਵਿਚ ਮਿਲਿਆ ਸੀ। ਫੁੱਲ-ਬੂਟੇ ਸ਼ਾਮ ਦੇ ਤਿਰਛੇ ਪੈ ਰਹੇ ਸੂਰਜ ਦੀਆਂ ਕਿਰਨਾਂ ਵਿਚ ਚਮਕ ਰਹੇ ਸਨ। ਲਿਸ਼ਕਦੇ ਚਿਹਰੇ ਨਾਲ ਹੀ ਸਾਹਮਣੇ ਬੈਠੇ ਦਿਲਵੀਰ ਨੇ ਰਣਜੋਤ ਤੋਂ ਪੁੱਛਿਆ ਸੀ -

- ਜੋਤੀ ਕਰਨ ਦੱਸਦੀ ਸੀ, ਤੂੰ ਕਨੇਡਾ ਤੋਂ ਨਾ ਮੁੜਨ ਦਾ ਫੈਸਲਾ ਕੀਤਾ ਹੋਇਐ - ਦਿਲਵੀਰ ਨੇ ਨੀਵੀਂ ਪਾਕੇ, ਖੱਬਲ ਦੀ ਤਿੜ ਤੋੜ ਕੇ ਮੂੰਹ ਵਿਚ ਪਾ ਲਈ ਸੀ -

- ਹੂੰ - ਰਣਜੋਤ ਨੇ ਨੀਵੀਂ 'ਚੋਂ ਹੀ ਹੁੰਗਾਰਾ ਭਰਿਆ ਸੀ।

- ਕੀ ਮੈਂ ਜਾਣ ਸਕਦਾਂ, ਕਿਉਂ ?

ਰਣਜੋਤ ਦੀਆਂ ਅੱਖਾਂ 'ਚ ਲਿਸ਼ਕਦਾ ਸੂਰਜ ਬੁਝ ਗਿਆ ਸੀ। ਉਹ ਦਿਲਵੀਰ ਦੀਆਂ ਅੱਖਾਂ 'ਚ ਸਿੱਧਾ ਵੇਖਦਿਆਂ ਹਉਕਾ ਭਰਕੇ ਬੋਲੀ ਸੀ -

- ਨਹੀਂ ਦਿਲਵੀਰ, ਮੇਰੀ ਜ਼ਿੰਦਗੀ 'ਚ ਬਹੁਤ ਕੁਝ ਅਜਿਹੈ, ਜੋ ਮੈਂ ਕਿਸੇ ਨੂੰ ਤਾਂ ਕੀ ਆਪਣੇ ਆਪ ਨੂੰ ਵੀ ਪੂਰੀ ਤਰ੍ਹਾਂ ਨਹੀਂ ਦੱਸ ਸਕਦੀ।

- ਦੇਖ ਰਣਜੋਤ, ਮੈਂ ਤੈਨੂੰ ਆਪਣੀਆਂ ਭਾਵਨਾਵਾਂ ਦਾ ਵਾਸਤਾ ਨਹੀਂ ਦੇਵਾਂਗਾ - ਤੇਰੇ ਪ੍ਰਤੀ ਮੇਰੀਆਂ ਭਾਵਨਾਵਾਂ ਦਾ ਤੈਨੂੰ ਪਤੈ, ਮੰਨ ਭਾਵੇਂ ਨਾ - ਦਿਲਵੀਰ ਰੁਕਿਆ ਸੀ। ਉਹਨੇ ਇਕ ਪਲ, ਸਾਹਮਣੇ, ਰਣਜੋਤ ਦੀਆਂ ਅੱਖਾਂ 'ਚੋਂ ਲਾਲ ਹੁੰਦੇ ਸੂਰਜ ਵੱਲ ਵੇਖਿਆ ਸੀ -

- ਤੇ ਦੂਜੀ ਗੱਲ ਮੈਨੂੰ ਪਤੈ, ਤੂੰ ਮੈਨੂੰ ਕੀ ਨਹੀਂ ਦੱਸ ਸਕਦੀ - ਮੈਂ ਤੇਰੇ ਨਾਲ ਵਾਪਰੇ ਹਾਦਸੇ ਬਾਰੇ ਜਾਣਦੈਂ -

ਦਿਲਵੀਰ ਅਚਾਨਕ ਚੁੱਪ ਕਰ ਗਿਆ ਸੀ ਅਤੇ ਰਣਜੋਤ ਬੇਚੈਨ ਹੋ ਉਠੀ ਸੀ, ਉਸ ਦੀਆਂ ਅੱਖਾਂ 'ਚ ਹੰਝੂ ਤੈਰ ਆਏ ਸਨ -

- ਤੂੰ ਲੋਕਾਂ ਤੋਂ ਡਰਦੀ ਭੱਜਦੀ ਐਂ ਨਾ ਪਿੰਡੋਂ - ਦਲਵੀਰ ਨੇ ਫਿਰ ਗੱਲ ਤੋਰੀ ਸੀ।

- ਨਹੀਂ - ਰਣਜੋਤ ਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦਿਆਂ ਕਿਹਾ ਸੀ।

- ਫੇਰ - ਹੋਰ -

- ਪਾਪਾ ਤੋਂ - ਰਣਜੋਤ ਇਕ ਦਮ ਬੋਲ ਗਈ ਸੀ। ਮੈਨੂੰ ਹਰ ਚਿਹਰੇ 'ਚ, ਤੇਰੇ ਚਿਹਰੇ ਚੋਂ ਵੀ, ਪਾਪਾ ਈ ਦਿਸਦੇ ਨੇ ਦਿਲਵੀਰ - ਮੈਨੂੰ ਹਰ ਚਿਹਰੇ ਤੋਂ ਡਰ ਲਗਦੈ।

- ਫੇਰ ਤੂੰ ਭੱਜ ਕੇ ਕਿਥੇ ਜਾਏਗੀ - ਉਹ ਚਿਹਰਾ ਤਾਂ ਤੇਰੇ ਅੰਦਰ ਬੈਠੈ - ਤੇਰੇ ਨਾਲ ਕਨੇਡਾ ਵੀ ਜਾਵੇਗਾ - ਉਠਦਿਆਂ ਦਿਲਵੀਰ ਬੋਲਿਆ ਸੀ - ਦੇਖ ਜੋਤੀ, ਕੈਰੀਅਰ ਤੇਰਾ ਓਧਰ ਵੀ ਸਕਿਉਰ ਐ ਤੇ ਐਧਰ ਵੀ - ਰੇਲਵੇ ਵਾਲੇ ਜੇਤੂ ਲਈ ਜਾਬ ਅਨਾਊਂਸ ਕਰ ਚੁੱਕੇ ਨੇ - ਥੋੜ੍ਹੀ ਦੇਰ ਰੁਕ ਕੇ ਦਿਲਵੀਰ ਫਿਰ ਬੋਲਿਆ ਸੀ -



- ਭਾਵੇਂ ਕੁਝ ਵੀ ਅੰਤਮ ਸੱਚ ਨਈ, ਪਰ ਇਹ ਗੱਲ, ਮੈਨੂੰ ਲਗਦੈ ਕਿ ਅੰਤਮ ਸੱਚ ਦੇ ਨੇੜੇ ਈ ਐ ਕਿ 'ਕੋਈ ਲੜਾਈ ਮੈਦਾਨ ਛੱਡ ਕੇ ਨਹੀਂ ਜਿੱਤੀ ਜਾ ਸਕਦੀ - 'ਏ ਵਿਨਰ ਨੈਵਰ ਕੁਇਟਸ' (ਜੇਤੂ ਕਦੇ ਭਗੌੜਾ ਨਹੀਂ ਹੁੰਦਾ)

ਦਿਲਵੀਰ ਚਲਿਆ ਗਿਆ ਸੀ ਪਰ ਉਸ ਦੇ ਸ਼ਬਦਾਂ ਨੇ ਰਣਜੋਤ ਨੂੰ ਧੁਰ ਅੰਦਰ ਤਕ ਹਿਲਾ ਦਿੱਤਾ ਸੀ। ਉਹਦੇ ਮਨ ਦੀ ਬੇਚੈਨੀ ਨੇ ਬਿਸਤਰ ਤਕ ਪਿੱਛਾ ਕੀਤਾ ਸੀ। ਉਹਨੂੰ ਉਮੀਦ ਸੀ ਕਿ ਜਿੱਤ ਦਾ ਸਰੂਰ ਉਹਨੂੰ ਘੂਕ ਸੁਲਾ ਦੇਵੇਗਾ। ਪਰ ਨਹੀਂ -

ਸੁਪਨੇ ਵਿਚ ਫਿਰ ਉਹੀ ਸ਼ੇਰ ਦਹਾੜਿਆ ਸੀ ਅਤੇ ਰਣਜੋਤ ਬੇ-ਤਹਾਸ਼ਾ ਦੌੜੀ ਸੀ। ਦੌੜੀ ਜਾਂਦੀ ਰਣਜੋਤ ਦੇ ਪੈਰਾਂ ਹੇਠ ਸੁਕੇ ਪੱਤੇ ਇੰਜ ਖੜਕਦੇ ਸਨ ਜਿਵੇਂ ਬੈਠਕ ਵਿਚ ਪੱਖੇ ਦੀ ਹਵਾ ਨਾਲ ਦੇਵੀਆਂ ਅਤੇ ਗੁਰੂਆਂ ਦੇ ਕੈਲੰਡਰ ਖੜਕੇ ਸਨ। ਸ਼ੇਰ ਦੀ ਆਮਦ ਨਾਲ, ਪੰਛੀਆਂ ਦਾ ਚੀਕ-ਚਿਹਾੜਾ ਰਣਜੋਤ ਦੇ ਸਿਰ 'ਤੇ ਇਦਾਂ ਉਚਾ ਉਠਿਆ ਸੀ ਜਿਵੇਂ ਧੀਰੇ ਦੀਆਂ ਅੱਖਾਂ 'ਚ ਉਤਰਿਆ ਲਹੂ ਵੇਖਕੇ ਰਣਜੋਤ ਦੇ ਆਪਣੇ ਅੰਦਰੋਂ ਉਠਿਆ ਸੀ। ਹਫੀ ਹੋਈ ਰਣਜੋਤ ਥਮੂਲੇ ਵਰਗੇ ਗੋਲ ਰੁੱਖ 'ਤੇ ਜਾ ਚੜ੍ਹੀ ਸੀ। ਤੇ ਫਿਰ ਉਹੀ ਮੁਕਾਬਲਾ ਸ਼ੁਰੂ ਹੋ ਗਿਆ ਸੀ। ਰੁੱਖ ਤੇ ਬੈਠੀ ਰਣਜੋਤ ਅਤੇ ਹੇਠ ਲਾਲ ਗੇਰੂ ਵਰਗੀਆਂ ਅੱਖਾਂ ਲਈ ਖੜ੍ਹਾ ਸ਼ੇਰ। ਸ਼ੇਰ ਦੀਆਂ ਅੱਖਾਂ 'ਚੋਂ, ਧੀਰਾ ਘੂਰਦਾ ਸੀ ਅਤੇ ਲੱਠ ਨਾਲ ਲਟਕਦੇ ਧੀਰੇ ਦੇ ਪੈਰ ਦਿਸੇ ਸਨ। ਭੂਆ ਦਾ ਦਿਉਰ ਫੁੰਕਾਰਦਾ ਦਿਸਦਾ ਸੀ। ਡਰੀ ਬੈਠੀ ਰਣਜੋਤ ਨੇ ਹੇਠ ਉਤਰਨ ਲਈ ਪੈਰ ਸਰਕਾਏ ਸਨ -

- ਪਹਿਲਾ... ਦੂਜਾ... ਤੀਜਾ ਕਦਮ ਤੇ ਰਣਜੋਤ ਸ਼ੇਰ ਦੇ ਸਾਹਮਣੇ ਆ ਖੜ੍ਹੀ ਸੀ। ਸ਼ੇਰ ਘੂਰ ਰਿਹਾ ਸੀ ਅਤੇ ਨੀਵੀਂ ਪਾਈ ਖੜ੍ਹੀ ਜੋਤੀ ਨੇ ਹੌਲੀ ਹੌਲੀ ਅੱਖਾਂ ਉਪਰ ਚੁਕਦਿਆਂ, ਸ਼ੇਰ ਦੀਆਂ ਅੱਖਾਂ 'ਚ ਸਿੱਧਾ ਵੇਖਿਆ ਸੀ।

ਹੁਣ ਰਣਜੋਤ ਅਤੇ ਸ਼ੇਰ, ਜੰਗਲੀ ਆਲੇ-ਦੁਆਲੇ 'ਚ ਆਹਮਣੇ ਸਾਹਮਣੇ ਖੜ੍ਹੇ ਸਨ। ਚੀਕ-ਚਿਹਾੜਾ ਬੰਦ ਸੀ ਅਤੇ ਖਾਮੋਸ਼ ਜੰਗਲ ਰਣਜੋਤ ਦੇ ਇਸ ਸਾਹਸ ਵੱਲ, ਅਚੰਭਿਤ ਨਜ਼ਰਾਂ ਗੱਡੀ ਖੜ੍ਹਾ ਸੀ। ਜੰਗਲ ਜਾਣਦਾ ਸੀ ਕਿ ਰਣਜੋਤ ਦੀ ਅੱਖ ਝੁਕੇਗੀ ਅਤੇ ਸ਼ੇਰ ਦਹਾੜ ਉਠੇਗਾ।

ਅਚਾਨਕ ਜੰਗਲ ਵੀ ਅਤੇ ਰਣਜੋਤ ਵੀ ਤ੍ਰਭਕ ਉਠੀ ਸੀ। ਸ਼ੇਰ ਦੀ ਅੱਖ ਝੁਕੀ ਸੀ ਅਤੇ ਉਹ ਡਰੇ ਕੁੱਤੇ ਵਾਂਗ ਲੱਤਾਂ 'ਚ ਪੂਛ ਦੱਬ ਚੁੱਪ-ਚਾਪ ਤੁਰ ਗਿਆ ਸੀ।

ਰਣਜੋਤ ਦੀ ਅੱਖ ਖੁਲ੍ਹੀ ਤਾਂ ਕਮਰੇ ਦੀ ਚੁੱਪ ਰੌਸ਼ਨੀ 'ਚ ਦਿਲਵੀਰ ਦੇ ਬੋਲ ਗੂੰਜ ਰਹੇ ਸਨ -

- ਕੋਈ ਲੜਾਈ ਮੈਦਾਨ ਛੱਡ ਕੇ ਨਹੀਂ ਜਿੱਤੀ ਜਾ ਸਕਦੀ -

- ਏ ਕੁਇਟਰ ਨੈਵਰ ਵਿਨਜ਼ - OO

[ਪਿੰਡ ਬੂਥਗੜ੍ਹ, ਡਾਕਘਰ ਕੋਟਲਾ ਅਜਨੇਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ]

## ਕੁਰੂਖੇਤਰ ਦੇ ਅੰਦਰ ਜਾਂ ਬਾਹਰ

**ਤਰਲੋਚਨ ਸਿੰਘ ਭਾਟੀਆ**

''ਸ਼ਾਸਤਰੀ ਜੀ, ਤਿਹਾਨੂੰ ਸ਼ੰਭੂ ਮਸ਼ਟਰ ਜੀ ਸੱਦਦੇ ਐ।'' ਸ਼ਾਸਤਰੀ ਜੀ ਨੇ ਮੇਰੇ ਵੱਲ ਵੇਖਿਆ, ਫਿਰ ਬੱਚੇ ਨੂੰ ਕਿਹਾ, ''ਠੀਕ ਹੈ, ਜਾ ਕੇ ਬੋਲਨਾ ਆਤੇ ਹੈਂ। ਸੰਜੇ, ਆਪ ਭੀ ਚਲੋ ਮੇਰੇ ਸਾਥ। ਲਗਤਾ ਹੈ ਬਾਂਗਰ ਕਾ ਛੋਹਰਾ ਕੁਛ ਜ਼ਿਯਾਦਾ ਹੀ ਗੁੱਸੇ ਮੇਂ ਹੈ। ਲਗਤਾ ਹੈ ਸੋਰੀ ਕਹਿਨੀ ਪੜੇਗੀ।'' ਮੈਂ ਅਣ-ਮੰਨੇ ਮਨ ਨਾਲ, ਪੰਡਤ ਤੁਲਸੀ ਰਾਮ ਨਾਲ ਤੁਰ ਪਿਆ। ਅਜੇ ਦਸ ਮਿੰਟ ਪਹਿਲਾਂ ਦੀ ਗੱਲ ਸੀ - ਮੈਂ, ਸ਼ੰਭੂ ਲਾਲ, ਕਰਤਾਰ, ਦਰਸ਼ਨ ਤੇ ਤੁਲਸੀ ਪੰਡਤ-ਦਫ਼ਤਰ 'ਚ ਬੈਠੇ, ਪਿੰਡੋਂ ਮੰਗਾਈ ਚਾਹ ਦਾ ਆਨੰਦ ਲੈਣ ਦੇ ਨਾਲ-ਨਾਲ, ਇੱਧਰ-ਉੱਧਰ ਦੀਆਂ ਗੱਲਾਂ-ਬਾਤਾਂ ਵਿਚ ਰੁਝੇ ਹੋਏ ਸੀ। ਗੱਲਾਂ-ਬਾਤਾਂ ਦਾ ਸਿਲਸਿਲਾ ਚਲਦਾ-

ਚਲਦਾ, ਐਡਹਾਕ ਤੇ ਰੈਗੂਲਰ ਅਧਿਆਪਕਾਂ ਦੀ ਮਨੋ-ਦਸ਼ਾ ਵਿਚਲੇ ਅੰਤਰ ਤੇ ਫਿਰ ਪੇਂਡੂ ਸਕੂਲਾਂ ਦੇ ਮਾੜੇ ਨਤੀਜਿਆਂ ਦੇ ਕਾਰਨਾਂ ਦੀ ਘੋਖ-ਪੜਤਾਲ ਤਕ ਅੱਪੜ ਗਿਆ। ਗੱਲ-ਬਾਤ ਦੇ ਇਸ ਪੜਾਅ 'ਤੇ ਹੀ ਪੰਡਤ ਤੁਲਸੀ ਰਾਮ, ਹਿੰਦੀ ਟੀਚਰ ਨੇ - ਜਿਹਨਾਂ ਨੂੰ ਅਸੀਂ ਸ਼ਾਸਤਰੀ ਜੀ, ਪੰਡਤ ਜੀ ਤੇ ਪਿੱਠ ਪਿੱਛੇ ਤੁਲਸੀ ਪੰਡਤ ਆਖ ਕੇ ਸੰਬੋਧਨ ਕਰਦੇ ਸੀ - ਕਿਹਾ ਸੀ, ''ਗਾਉਂ ਕੇ ਸਕੂਲੋਂ ਮੇਂ ਯਿਹ ਫ਼ਾਰਮੋਂ ਵਾਲੇ ਬੱਚੋਂ ਕੀ ਭੀੜ ਤੋ ਦੇਖੋ, ਯਹਾਂ ਨਤੀਜੇ ਅੱਛੇ ਆ ਹੀ ਨਹੀਂ ਸਕਤੇ।'' ''ਫ਼ਾਰਮਾਂ ਵਾਲੇ ਕਿਹੜੇ, ਸ਼ਾਸਤਰੀ ਜੀ ?'' ਸਾਡੇ 'ਚ ਕਿਸੇ ਨੇ ਪੁੱਛਿਆ। ''ਯਹੀ ਅਨੁਸੂਚਿਤ ਔਰ ਪੱਛੜੀ ਸ਼੍ਰੇਣੀ ਕੇ... ।'' ''ਯੋ ਬਾਤ ਤੇਰੀ ਗਲਤ ਐ, ਤੁਲਸੀ ਪੰਡਤ। ਮ੍ਹਾਰਿਆਂ ਵਾਲਿਆਂ ਮੇਂ ਫਿਰ ਬੀ ਹੁਸ਼ਿਆਰ ਮਿਲ ਜਾਂਗੇ, ਤੇਰੇ ਵਾਲੇ, ਧੀ ਚੋਦ ਕੇ, ਗਨ੍ਹਾ ਜ਼ੋਰ ਲਗਾਣੇ ਤੇ ਬੀ ਪੜ੍ਹਦੇ ਕੋਈ ਨੀ,'' ਸ਼ੰਭੂ ਲਾਲ ਨੇ ਗੁੱਸੇ ਤੇ ਨਫ਼ਰਤ ਮਿਲੀ ਆਵਾਜ਼ 'ਚ ਕਿਹਾ। ''ਤੇਰੇ ਆਲਿਆਂ ਮੇਂ ਜੋ ਹੁਸ਼ਿਆਰ ਹੋਤੇ ਭੀ ਹੈਂ ਨਾ, ਮੇਰੇ ਵਿਚਾਰ ਮੇਂ ਵੋਹ ਕ੍ਰਾਸ-ਬ੍ਰੀਡ ਹੋਤੀ ਹੈ।'' ''ਓ ਪੰਡਤ! ਬਕਵਾਸ ਕਰਨੈ ਕੀ ਕੋਈ ਜ਼ਰੂਰਤ ਨੀ ਜ਼ਬਾਨ ਨੈ ਲਗਾਮ ਦੇ ਕੇ ਰਾਖਿਆ ਕਰ'', ਇੰਨਾ ਕਹਿ ਕੇ ਸ਼ੰਭੂ ਲਾਲ ਉੱਠਿਆ ਤੇ ਦਫ਼ਤਰੋਂ ਬਾਹਰ ਹੋ ਗਿਆ। ਦਫ਼ਤਰ 'ਚ ਚੁੱਪ ਪਸਰ ਗਈ। ''ਪੰਡਤ ਜੀ, ਆਪਾਂ ਸਾਰੇ ਪੜ੍ਹੇ-ਲਿਖੇ ਆਂ, ਗੱਲ ਥੋੜ੍ਹੀ ਸੋਚ-ਸਮਝ ਕੇ ਕਰਨੀ ਚਾਹੀਦੀ ਐ'', ਦਰਸ਼ਨ ਨੇ ਚੁੱਪ ਤੋੜੀ। ''ਸੋਰੀ ਯਾਰ, ਐਸੇ ਹੀ ਮੂੰਹ ਸੇ ਬਾਤ ਨਿਕਲ ਗਈ।'' ਏਨੇ ਨੂੰ ਦੀਦਾਰ ਨੇ ਅੱਧੀ ਛੁੱਟੀ ਬੰਦ ਹੋਣ ਦੀ ਘੰਟੀ ਵਜਾ ਦਿੱਤੀ। ਜਿਹਨਾਂ ਦੇ ਪੀਰਡ ਲੱਗੇ ਹੋਏ ਸੀ, ਉਹ ਜਮਾਤਾਂ 'ਚ ਚਲੇ ਗਏ ਤੇ ਪਿੱਛੇ ਚੁੱਪ 'ਚ ਘਿਰੇ, ਮੈਂ ਤੇ ਤੁਲਸੀ ਪੰਡਤ ਹੀ ਰਹਿ ਗਏ। ਦਸ ਮਿੰਟ ਬਾਅਦ ਈ ਸ਼ੰਭੂ ਦਾ ਸੁਨੇਹਾ ਆ ਗਿਆ।

ਅਸੀਂ ਪ੍ਰਾਇਮਰੀ ਵਾਲੇ ਪਾਸੇ ਪਹੁੰਚੇ ਤਾਂ ਵੇਖਿਆ ਕਿ ਸ਼ੰਭੂ ਲਾਲ ਨੇ ਦੋ ਮੁੰਡਿਆਂ ਨੂੰ ਮੁਰਗੇ ਬਣਾਇਆ ਹੋਇਆ ਸੀ ਤੇ ਹੱਥ 'ਚ ਉਹਦੇ ਤੂਤ ਦੀ ਛਿਟੀ ਫੜੀ ਹੋਈ ਸੀ। ਉਹਨੇ ਸਾਨੂੰ ਵਿਖਾ ਕੇ ਇਕ ਬੱਚੇ ਦੇ ਚਿੱਤੜਾਂ 'ਤੇ ਜ਼ੋਰ ਦੀ ਛਿਟੀ ਮਾਰ ਕੇ ਪੁੱਛਿਆ, ''ਕਿਉਂ ਬਈ, ਕਿਆ ਪੈਂਦੈ ?'' ਬੱਚੇ ਨੇ ਤੜਫ ਕੇ ਹੱਥ ਚਿੱਤੜਾਂ 'ਤੇ ਲਿਆਂਦੇ ਤੇ ਕੁਰਲਾ ਕੇ ਜੁਆਬ ਦਿੱਤਾ, ''ਜੀ, ਫੁੱਲ।'' ਇਹੀ ਸਲੂਕ ਸ਼ੰਭੂ ਨੇ ਦੂਜੇ ਬੱਚੇ ਨਾਲ ਵੀ ਕੀਤਾ। ''ਦੇਖ ਲੇ, ਤੁਲਸੀ ਪੰਡਤ, ਅਪਨੀ, ਧੀ ਚੋਦ ਕੀ, ਸ਼ੁੱਧ ਨਸਲ,'' ਸ਼ੰਭੂ ਨੇ ਦੰਦ ਪੀਸ ਕੇ ਕਿਹਾ। ਪੰਡਤ ਕੁਝ ਪਲ ਅਪਮਾਨਿਤ ਹੋਇਆ, ਬੌਂਦਲਿਆ ਜਿਹਾ ਖੜ੍ਹਾ ਰਿਹਾ, ਫਿਰ ਬੋਲਿਆ, ''ਸ਼ੰਭੂ ਲਾਲ, ਯਿਹ ਬੇਕਸੂਰ ਬੱਚੋਂ ਪਰ ਕਿਉਂ ਗੁੱਸਾ ਨਿਕਾਲ ਰਹਾ ਹੈ, ਬਾਤ ਤੋ ਤੇਰੀ ਮੇਰੇ ਸਾਥ ਹੈ। ਪੂਛ ਲੇ ਸੰਜੇ ਕੋ, ਮੈਂ ਕਹਿਤਾ ਹੀ ਆ ਰਹਾ ਥਾ ਕੀ ਸ਼ੰਭੂ ਲਾਲ ਕੋ ਸੋਰੀ ਬੋਲ ਕੇ, ਉਸਦਾ ਗੁੱਸਾ ਦੂਰ ਕਰਨਾ ਹੈ।'' ਪਰ ਸ਼ੰਭੂ ਲਾਲ ਨੇ ਪੰਡਤ ਵੱਲ ਸਿੱਧਾ ਝਾਕਦਿਆਂ ਕਿਹਾ, ''ਛੋਡੋ ਪੰਡਤ, ਸੋਰੀ ਨੂੰ ਕਿਆ ਹਾਥ ਪੇ ਰਾਖ ਕੈ ਚਾਟਨਾ ਸੈ।'' ''ਭਾਈ ਮੇਰੇ, ਫਿਰ ਤੇ ਤੇਰੀ ਮਰਜ਼ੀ, ਨਹੀਂ ਚਾਟਨੀ ਤੋ ਮੱਤ ਚਾਟ,'' ਆਖ ਕੇ ਪੰਡਤ ਚੱਲਣ ਨੂੰ ਹੋਇਆ, ''ਆਉ ਸੰਜੇ, ਚਲੇਂ।'' ਮੈਂ ਬੋਝਲ ਜਿਹੇ ਮਨ ਨਾਲ ਤੁਰ ਪਿਆ। ''ਸ਼ੰਭੂ ਕਾ ਤੋ ਦਿਮਾਗ਼ ਫਿਰ ਗਯਾ ਹੈ,'' ਪੰਡਤ ਨੇ ਇਹ ਕਹਿਕੇ ਆਪਣੇ ਅਪਮਾਨ ਦੀ ਕੁੜੱਤਣ ਥੁੱਕਣ ਦਾ ਯਤਨ ਕੀਤਾ। ਗੱਲ ਆਈ ਗਈ ਹੋ ਗਈ।

ਇਸ ਸਕੂਲ ਵਿਚ ਮੈਂ ਪੰਜ ਸਾਲ ਰਿਹਾ ਤੇ ਇੰਨਾ ਹੀ ਸਮਾਂ ਸ਼ੰਭੂ ਲਾਲ ਦਾ ਰੂਮ-ਮੇਟ ਵੀ। ਇਕ ਦੂਜੇ ਨਾਲ ਜਦ ਜਾਣ-ਪਛਾਣ ਹੋਈ ਤਾਂ ਪਤਾ ਲੱਗਾ ਕਿ ਸ਼ੰਭੂ ਲਾਲ ਕੈਥਲ ਨੇੜੇ ਇਕ ਪਿੰਡ ਦਾ ਰਹਿਣ ਵਾਲਾ ਸੀ। ਉਹਦਾ ਪਿੰਡ ਤੇ ਆਸਪਾਸ ਦਾ ਇਲਾਕਾ, ਇਤਿਹਾਸ ਦੇ ਕਿਸੇ ਅਹਿਮ ਮੋੜ 'ਤੇ, ਕੁਰੂਖੇਤਰ ਦੇ ਧਰਮ-ਯੁੱਧ ਦਾ ਮੈਦਾਨ ਰਿਹਾ ਸੀ। ਸੰਸਕ੍ਰਿਤ ਗ੍ਰੰਥਾਂ ਅਨੁਸਾਰ, ਮਰੂ-ਭੂਮੀ ਦਾ ਇਹ ਖੇਤਰ, ਕਦੇ ਨਰਦਕ ਅਖਵਾਉਂਦਾ ਸੀ ਤੇ ਹੁਣ ਆਮ ਬੋਲ-ਚਾਲ ਦੀ ਭਾਸ਼ਾ 'ਚ ਬਾਂਗਰ। ਕਹਾਣਾ ਸ਼ੰਭੂ ਲਾਲ ਦਾ, ''ਬਚਪਨ ਮੇਂ ਈ ਮੇਰੀ ਮਾਂ ਤੋ ਚਾਲ ਦੀ ਭਗਵਾਨ ਕੇ ਪਾਸ। ਮੇਰਾ ਬਾਪ ਜੁੱਤੀਆਂ ਗਾਂਠਣੇ-ਬਣਾਨੇ ਦਾ ਕਾਮ ਕਰੇ ਹੈ। ਮੇਰੇ ਬਾਪ ਨੇ ਮਾਂ ਕੇ ਮਰਨੇ ਕੇ ਬਾਅਦ ਮੇਰੇ ਨਾਲ ਗਨ੍ਹੀ ਨਫ਼ਰਤ ਕੀਤੀ। ਮੰਨੈ ਦੇਖ ਕੈ ਉਸ ਨੇ ਗਾਲ੍ਹਾਂ ਕਾਢਣੀਆਂ ਸ਼ੁਰੂ ਕਰ ਦੇਣੀਆਂ - ਅਰੇ ਮਨਹੂਸ ਕੀ ਜਾਤ, ਮਾਂ ਨੈ ਖਾ ਕੇ ਤੰਨੈ ਸਾਂਤੀ ਮਿਲ ਗੀ। ਬਾਪ ਤੋਂ ਮੈਨੂੰ ਭੈਅ ਆਣੇ ਲਾਗ ਗਿਆ। ਫਿਰ ਉਸ ਦੀ ਕਾਣੀ ਆਂਖ ਤੈ ਵਗਦਾ ਪਾਣੀ ਦੇਖ ਕੈ ਮੰਨੈ



ਕਰਿਆਣ ਆਣੀ। ਮੇਰਾ ਬਾਪ ਮੇਰੇ ਹਾਥ ਮੈਂ ਪੁਸਤਕਾਂ ਦੇਖ ਕੈ ਭੜਕ ਜਾਂਦਾ - ਸ਼ੰਭੂ ਕੇ ਬੱਚੇ, ਤਨੈ ਸ਼ਰਮ ਬੇਚ ਖਾਈ ਸੈ। ਤੰਨੈ ਪੜ੍ਹਨੇ ਤੇ ਕੇ ਹਾਸਲ ਹੋਵੈਗਾ ? ਅਬੇ, ਬੇਟੀ ਚੋਦ ਕੇ, ਚਮਾਰ ਕਾ ਬੇਟਾ ਚਮਾਰ ਏ ਰਹੈਗਾ, ਪੰਡਤ ਕੋਇਨਾ ਬਣੈ ਸੈ। ਜੁੱਤੀਆਂ ਗਾਂਠਣੇ-ਬਣਾਨੇ ਕਾ ਹੁਨਰ ਸੀਖ ਲੇ, ਤੇਰੇ ਕਾਮ ਆਵੇਗਾ। ਪਰ ਮੈਂ ਪੜ੍ਹਨੇ ਤੇ ਹਟਿਆ ਕੋਈ ਨੀ। ਜੇ. ਬੀ. ਟੀ. ਕਰਨੈ ਕੇ ਬਾਅਦ ਪ੍ਰਾਇਮਰੀ ਟੀਚਰ ਬਣਕੈ ਪਹਿਲੇ ਹਰਿਆਂਚਲ ਮੇਂ ਨੌਕਰੀ ਕਰੀ ਅਰ ਫਿਰ ਤੇਈਪੁਰ ਮੇਂ ਡੇਰੇ ਡਾਲ ਦੀਏ।'' ਸ਼ੰਭੂ ਲਾਲ ਨੇ ਤਿਰੰਗੀ-ਭਾਸ਼ਾ 'ਚ ਆਪਣੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਹ ਹਮੇਸ਼ਾ ਇਸੇ ਤਰ੍ਹਾਂ ਦੀ - ਹਿੰਦੀ, ਬਾਂਗਰੂ ਤੇ ਪੰਜਾਬੀ - ਭਾਸ਼ਾ ਦਾ ਪ੍ਰਯੋਗ ਕਰਦਾ।

ਪਿੰਡ ਤੇਈਪੁਰ, ਬਹਿਰ-ਜੱਛ ਨਾਮ ਦੇ ਇਤਿਹਾਸਕ ਪਿੰਡ ਤੋਂ ਪੰਜ ਛੇ ਕਿਲੋਮੀਟਰ ਲਹਿੰਦੇ ਵੱਲ ਵਸਿਆ ਹੋਇਆ ਹੈ। ਇਸ ਪਿੰਡ ਨੂੰ ਚੱਜ ਨਾਲ ਤਾਂ ਅੰਮ੍ਰਿਤਸਰ ਦੇ ਇਲਾਕੇ ਤੋਂ ਆਏ ਕੰਬੋਆਂ ਨੇ ਹੀ ਵਸਾਇਆ ਸੀ। ਪਹਿਲਾਂ ਇਥੇ ਸਿਰਫ ਭੇਡਾਂ-ਬੱਕਰੀਆਂ ਪਾਲਣ ਵਾਲੇ ਜਾਂ ਫਿਰ ਦਿਹਾੜੀ-ਦੱਪਾ ਕਰਨ ਵਾਲੇ ਹੀ ਰਹਿੰਦੇ ਸਨ। ਆਸਪਾਸ ਜੰਗਲ ਸੀ। ਰਾਤਾਂ ਨੂੰ ਗਿੱਦੜ ਹੁਆਂਕਦੇ ਸੁਨ। ਮਹਾਰਾਜਾ ਪਟਿਆਲਾ ਦੇ ਅਮਲੇ- ਫ਼ੈਲੇ 'ਚੋਂ ਕਈਆਂ ਇੱਧਰ ਸ਼ਿਕਾਰ ਕਰਨ ਨਿਕਲਨਾ। ਕਈ ਵਾਰ ਜਦ ਉਹਨਾਂ ਦੇ ਹੱਥ ਕੁਝ ਵੀ ਨਾ ਲੱਗਣਾ ਤਾਂ ਉਹਨਾਂ ਭੇਡਾਂ-ਬੱਕਰੀਆਂ ਵਾਲਿਆਂ ਨੂੰ ਪ੍ਰੇਰ ਕੇ ਭੇਡਾਂ-ਬੱਕਰੀਆਂ ਲੈ ਲੈਣੀਆਂ ਤੇ ਮਹਾਰਾਜੇ ਕੋਲ ਸਿਫ਼ਾਰਸ਼ ਕਰਕੇ, ਉਹਨਾਂ ਨੂੰ ਜ਼ਮੀਨ ਦੁਆ ਦੇਣੀ। ਪਰ ਇਹਨਾਂ ਲੋਕਾਂ ਨੇ ਜ਼ਮੀਨ ਮਿਲਣ ਵਾਲੀ ਗੱਲ ਨੂੰ ਕਦੇ ਗੰਭੀਰਤਾ ਨਾਲ ਨਾ ਲਿਆ। ਜ਼ਮੀਨ 'ਚ ਹੈ ਵੀ ਕੀ ਸੀ ? ਨਿਰੇ ਜੰਗਲੀ ਝਾੜ-ਬੂਟੇ। ਇਹ ਤਾਂ ਬਾਅਦ ਵਿਚ ਕੰਬੋਆਂ ਨੇ ਇਹਨਾਂ ਤੋਂ ਨਾ-ਮਾਤਰ ਪੈਸਿਆਂ ਬਦਲੇ ਜ਼ਮੀਨ ਖਰੀਦ ਕੇ, ਜਾਨ ਮਾਰ ਕੇ ਵਾਹੀ ਸੰਵਾਰੀ ਤੇ ਵੇਖਦਿਆਂ ਹੀ ਵੇਖਦਿਆਂ ਰੌਣਕਾਂ ਲਾ ਦਿੱਤੀਆਂ। ਕੰਬੋਆਂ ਦੇ ਮਨ 'ਚ ਪੜ੍ਹਾਈ ਲਈ ਵੀ ਬਹੁਤ ਕਦਰ ਸੀ। ਉਹਨਾਂ ਹਿੰਮਤ ਕਰਕੇ ਪਹਿਲਾਂ ਪ੍ਰਾਇਮਰੀ ਤੇ ਫਿਰ ਮਿਡਲ ਸਕੂਲ ਬਣਵਾਇਆ। ਜਮਾਤ-ਕਮਰਿਆਂ ਤੋਂ ਇਲਾਵਾ ਅਧਿਆਪਕਾਂ ਦੇ ਰਹਿਣ ਲਈ ਵੀ ਕਮਰੇ ਬਣਾਏ। ਇਸ ਸਹੂਲਤ ਨੂੰ ਵੇਖਦਿਆਂ, ਦੂਰੋਂ ਆਏ ਅਧਿਆਪਕ ਇੱਥੇ ਠਹਿਰ ਰੱਖ ਲੈਂਦੇ, ਨਹੀਂ ਤਾਂ ਉਦੋਂ, ਵਿੱਦਿਆ ਮਹਿਕਮੇ ਦੀ ਨਜ਼ਰ ਵਿਚ, ਇਹ ਸਜ਼ਾ ਵਾਲਾ ਸਟੇਸ਼ਨ ਹੀ ਸੀ। ਮੇਰੀ ਰਿਹਾਇਸ਼ ਉਦੋਂ ਚੰਡੀਗੜ੍ਹ ਸੀ। ਸਕੂਲ ਵਿਚ ਠਹਿਰ ਰੱਖਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਸ਼ੰਭੂ ਲਾਲ ਵੀ ਇੱਥੇ ਹੀ ਰਹਿੰਦਾ ਸੀ। ਕਰਤਾਰ, ਦਰਸ਼ਨ ਤੇ ਦੀਦਾਰ ਵੀ। ਪੰਡਤ ਤੁਲਸੀ ਰਾਮ ਜਮਾਤ-ਕਮਰਿਆਂ 'ਚੋਂ ਇਕ ਕਮਰੇ 'ਚ ਰਹਿੰਦਾ ਸੀ। ਉਹ ਕਿਸੇ ਨਾਲ ਰਲਦਾ ਨਹੀਂ ਸੀ। ਸਾਰਿਆਂ ਨਾਲੋਂ ਅੱਡ ਵਿਚਰਦਾ ਸੀ। ਉਦੋਂ ਅਜੇ ਪ੍ਰਾਇਮਰੀ ਡਾਇਰੈਕਟੋਰੇਟ ਅੱਡ ਨਹੀਂ ਸੀ ਬਣਿਆ। ਪ੍ਰਾਇਮਰੀ ਤੇ ਮਿਡਲ/ਹਾਈ ਸਕੂਲਾਂ ਵਿਚਕਾਰ ਕੰਧਾਂ ਨਹੀਂ ਸਨ ਉੱਸਰੀਆਂ। ਇਹ ਵੀ ਇਸੇ ਕਿਸਮ ਦਾ ਸਕੂਲ ਸੀ।

ਸ਼ੁਰੂ ਵਿਚ ਤਾਂ ਮੇਰਾ ਮਨ ਇੱਥੇ ਉੱਕਾ ਹੀ ਨਾ ਲੱਗਾ। ਕਿੱਥੇ ਚੰਡੀਗੜ੍ਹ! ਤੇ ਕਿੱਥੇ ਰੱਬ ਦੀ ਧੁੰਨੀ 'ਚ ਵੱਸਿਆ ਇਹ ਪਿੰਡ!! ਉੱਤੋਂ ਮੈਨੂੰ ਰੋਟੀ ਬਣਾਉਣੀ ਵੀ ਨਹੀਂ ਸੀ ਆਉਂਦੀ। ਪਰ ਸ਼ੰਭੂ ਲਾਲ ਨੇ ਕਹਿਣਾ, ''ਅਰੇ, ਸੰਜੇ, ਕਿਉਂ ਚਿੰਤਾ ਕਰੇ ਹੈ। ਮੰਨੈ ਅਪਨੀ ਬੇਬੇ ਸਮਝ ਲੇ। ਰੋਟੀਆਂ ਬਣਾ ਕੈ ਖਵਾਊਂ ਏਕ ਦਮ ਗੋਲ, ਜੀਵਨ-ਬੂਟੀ ਕੀ ਗੰਗਾ-ਜਮਨਾ ਅਰ ਸਬਜ਼ੀ ? ਧੀ ਚੋਦੀ ਕੀ ਪਾਂਚ-ਤਾਰਾ ਹੋਟਲਾਂ ਮੇਂ ਬੀ ਨਾ ਬਨੇ।'' ਸ਼ੰਭੂ ਲਾਲ ਕਰਕੇ ਮੇਰਾ ਮਨ ਟਿਕ ਗਿਆ। ਸ਼ੰਭੂ ਲਾਲ ਨੇ ਕਈ ਵਾਰ ਆਪਣੇ ਸਿਰ ਤੇ ਕੱਪੜਾ ਲੈ ਕੇ, ਘੁੰਡ ਜਿਹਾ ਕੱਢ ਲੈਣਾ ਤੇ ਬੇਬੇ ਬਣਨ ਦਾ ਸਵਾਂਗ ਰਚਾ ਲੈਣਾ। ਹਰ ਸ਼ਾਮ, ਉਹਨੇ ਪਤੀਲਾ ਭਰਕੇ ਚਾਹ ਬਣਾਉਣੀ, ਤੂੰਬੇ 'ਚ ਉਲਟਾਣੀ ਫਿਰ ਮੈਨੂੰ, ਦਰਸ਼ਨ, ਕਰਤਾਰ ਤੇ ਦੀਦਾਰ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦੇਣੀਆਂ, ''ਆ ਜਾਉ, ਜੀਵਨ-ਬੂਟੀ ਤਿਆਰ ਸੈ, ਗਨ੍ਹੀ ਸੁਆਦ ਬਣੀ ਸੈ, ਆ ਕੈ ਪੇਟ ਫੂਕ ਲੋ।'' ਸਾਰਿਆਂ ਹੱਸਦੇ-ਹੱਸਦੇ ਬਾਹਰ ਆ ਜਾਣਾ ਤੇ ਸ਼ੰਭੂ ਲਾਲ ਨੇ ਸਾਰਿਆਂ ਨੂੰ ਚਾਹ ਵਰਤਾਣੀ ਤੇ ਬਚੀ ਚਾਹ, ਤੂੰਬੇ ਨੂੰ ਮੂੰਹ ਲਾ ਕੇ, ਸੁੜਕ-ਸੁੜਕ ਕੇ ਪੀਣੀ। ਦੋ-ਚਾਰ ਘੁੱਟ ਭਰਨੇ ਤੇ ਆਖੀ ਜਾਣਾ, ''ਯੋ ਧੀ ਚੋਦ ਕੀ ਜੀਵਨ-ਬੂਟੀ ਬਿਨਾਂ ਕਾਮ ਚਲਦਾ

ਕੋਈ ਨੀ।'' ਰੋਟੀਆਂ ਵੀ ਉਹਨੇ ਪੂਰ ਥਹੀ ਦੀ ਥਹੀ ਬਣਾਉਣੀ। ਖਾ ਪੀ ਕੇ ਬਚੀਆਂ ਰੋਟੀਆਂ ਉਹਨੇ ਧ੍ਰਿਤ ਚੌਧਰੀ ਅੱਗੇ ਸੁੱਟ ਦੇਣੀਆਂ। ਜੇ ਕਦੇ ਧ੍ਰਿਤ ਚੌਧਰੀ ਨੇ ਰੋਟੀਆਂ ਸੁੰਘ ਕੇ ਛੱਡ ਦੇਣੀਆਂ ਤਾਂ ਸ਼ੰਭੂ ਲਾਲ ਨੇ ਕਹਿਣਾ, ''ਧੀ ਚੋਦ ਕਾ, ਬਿਗੜਿਆ ਹੋਇਆ ਹਰਿਆਂਚਲ ਕੇ ਮੁੱਖ-ਮੰਤਰੀ ਜੈਸਾ। ਨਹੀਂ ਖਾਂਦਾ ਨਾ ਖਾਹ।'' ਫਿਰ ਉਹਨੇ ਕੁੱਤੇ ਮੂਹਰਿਉਂ ਰੋਟੀਆਂ ਚੁੱਕ ਲੈਣੀਆਂ ਤੇ ਅਗਲੇ ਡੰਗ ਆਪ ਸੇਕ ਕੇ ਖਾ ਲੈਣੀਆਂ। ਇੱਕ ਦਿਨ ਚਾਹ ਪੀਂਦਿਆਂ ਮੈਂ ਪੁੱਛਿਆ, ''ਯਾਰ ਸ਼ੰਭੂ, ਕੁੱਤਿਆਂ ਦੇ ਨਾਮ ਟਾਈਗਰ, ਸ਼ੇਰੂ, ਰੂਬਲ, ਜਿੰਮੀ ਵਗੈਰਾ ਤਾਂ ਸੁਣੇ ਸੀ, ਪਰ ਇਹ ਧ੍ਰਿਤ ਚੌਧਰੀ ਕੀ ਨਾਮ ਹੋਇਆ ?'' ਸਾਰੇ ਹੱਸ ਪਏ। ਸ਼ੰਭੂ ਲਾਲ ਵੀ 'ਫੀਂਅ' ਕਰਕੇ ਹੱਸ ਪਿਆ। ''ਦੱਸ ਬਈ, ਸ਼ੰਭੂ ਲਾਲ ਧ੍ਰਿਤ ਚੌਧਰੀ ਦੀ ਕਹਾਣੀ, ਧਰਮ ਨਾਲ ਸੁਣ ਕੇ ਬੜਾ ਸੁਆਦ ਆਂਦੈ,'' ਦਰਸ਼ਨ ਨੇ ਕਿਹਾ। ''ਨਾ ਯੇ, ਧੀ ਚੋਦ ਕਾ ਕੋਕੇ ਪੰਡਤ ਕਾ ਕੋਕ-ਸ਼ਾਸਤਰ ਐ ਜੋ ਸੁਣ ਕੇ ਸੁਆਦ ਆਤੈ,'' ਸ਼ੰਭੂ ਲਾਲ ਨੇ ਜੁਆਬ ਦਿੱਤਾ। ''ਕਿਉਂ ਟਾਲਣ ਡਿਹੈਂ, ਤੂੰ 'ਗਾਂਹ ਗੱਲ ਸੁਣਾ,'' ਕਰਤਾਰ ਬੋਲਿਆ। ''ਹਰਿਆਂਚਲ ਕੀ ਸਰਕਾਰ ਨੈ ਮਾਸਟਰ ਕਾਡ ਦੀਏ ਚੁਣ-ਚੁਣ ਕੇ, ਤੁਹਾਨੂੰ ਧੀ ਚੋਦ ਕਿਆਂ ਨੂੰ ਸੁਆਦ ਕੀ ਪੜੀ ਐ। ਲੀਡਰ ਵਿਕ ਲੀਏ, ਧੀ ਚੋਦ ਕੇ ਟਕੇ ਸੇਰ, ਮ੍ਹਾਰੇ ਜੈਸੀ ਮੂਰਖ-ਮੰਡਲੀ ਘਰ ਬੈਠਗੀ ਟਰਮੀਨੇਸ਼ਨ ਆਰਡਰ ਲੇ ਕੈ,'' ਸ਼ੰਭੂ ਲਾਲ ਸ਼ੁਰੂ ਹੋ ਗਿਆ, ''ਹਰਿਆਂਚਲ ਕਾ ਮੁੱਖ ਮੰਤਰੀ, ਧ੍ਰਿਤ ਚੌਧਰੀ, ਆਖੜ ਜਾਟ, ਹਾਥ ਧੋ ਕੇ ਮਾਸਟਰਾਂ ਕੇ ਪਾਛੇ ਪੜ ਗਿਆ। ਗਾਡੀਆਂ ਮੇਂ ਅਫ਼ਸਰ ਅਰ ਜੱਜ ਬਿਠਾ ਕੈ ਸਕੂਲਾਂ ਮੇਂ ਧਕੇਲ ਦੀਏ। ਪੂਛਦੇ - ਹਾਂ ਜੀ ਸਟਰਾਈਕ ਪਰ ਓ। ਮੇਰੇ ਜੈਸੇ ਛਾਤੀ ਤਾਣ ਕੈ ਕਹਿੰਦੇ - ਲੋਹੇ ਕੀ ਲੱਠ ਜੈਸੇ। ਇਤਨਾ ਕਹਿਣੇ ਕੀ ਦੇਰ ਹੁੰਦੀ, ਟਰਮੀਨੇਸ਼ਨ ਆਰਡਰ ਹਾਥਾਂ ਮੇਂ ਆ ਜਾਂਦੇ। ਬੱਸ ਬੈਠ ਗੇ ਘਰ ਪੇ ਜੁੱਤੀਆਂ ਗਾਂਠਣੇ ਅਰ ਬਾਪ ਕੀ ਜੁੱਤੀਆਂ ਖਾਣੇ - ਬੇਟੀ ਚੋਦ ਕੇ ਨੇ ਪਹਿਲੇ ਮਾਂ ਖਾ ਲੀ, ਇਬ ਮੰਨੈ ਨਿਗਲੈਗਾ। ਮੈਂ ਬੜੀ ਟੈਂਸ਼ਨ ਮੇਂ ਰਹਿਣੇ ਲਾਗ ਗਿਆ। ਇਕ ਦਿਨ ਬਾਪ ਨੈ ਜਿਆਦਾ ਟੈਂਸ਼ਨ ਕਰੀ, ਮ੍ਹਾਰੇ ਏਕ ਪਾਲਤੂ ਕੁੱਤਾ ਹੋਇਆ ਕਰੈ, ਮੰਨੇ ਉਸ ਦਾ ਨਾਮ ਹਰਿਆਂਚਲ ਕੇ ਮੁੱਖ-ਮੰਤਰੀ ਕੇ ਨਾਮ ਪੈ ਰਾਖ ਦੀਆ-ਧ੍ਰਿਤ ਚੌਧਰੀ। ਜਿਸ ਦਿਨ ਬਾਪ ਨੇ ਟੈਂਸ਼ਨ ਕਰਨੀ, ਕੁੱਤੇ ਨੈ ਪਕੜਨਾ, ਮੂੰਹ ਬਾਂਧਣਾ ਅਰ ਪੈਰ ਤੇ ਜੁੱਤੀ ਕਾਡ ਕੈ, ਧੀ ਚੋਦ ਕੇ, ਚਿੱਤੜ ਸੇਕ ਦੇਣੇ। ਬਾਪ ਨੇ ਭੜਕ ਜਾਣਾ- ਸ਼ੰਭੂ ਇਸ ਬੇਜ਼ਬਾਨ ਨੈ ਮਾਰੈਗਾ, ਤੇਰਾ ਕਿਸੀ ਜੁੱਗ ਭਲਾ ਨੀ ਹੋਵੈਗਾ। ਫਿਰ ਪਤਾ ਨੀ ਉੱਪਰ ਵਾਲੈ ਨੇ ਸਰਮ ਆ ਗੀ, ਪੰਜਾਬ ਮੇਂ ਨੌਕਰੀ ਮਿਲ ਗੀ।'' ''ਸ਼ੰਭੂ ਲਾਲ, ਤੂੰ ਕੁੱਤਾ ਨਾਲ ਈ ਲੈ ਆਇਆ, ਕੀ ਗੱਲ ?'' ਮੈਂ ਪੁੱਛਿਆ। ''ਪਤਾ ਨੀ ਕੇ ਬਾਤ ਸੈ, ਇਸ ਨੈ ਪੀਟਤੇ-ਪੀਟਤੇ ਮੋਹ ਸਾ ਹੋ ਗਿਆ।'' ''ਸ਼ੰਭੂ ਯਾਰ, ਹੁਣ ਤਾਂ ਤੂੰ ਕਦੇ ਨ੍ਹੀਂ ਮਾਰਿਆ ਏਹਨੂੰ,'' ਮੈਂ ਕਿਹਾ। ''ਹੈ ਤੋ ਸੁਸਰਾ ਜਾਨਵਰ ਈ। ਇਸ ਨੇ ਕੌਣ ਸਾ ਮੇਰਾ ਕੋਈ ਨੁਕਸਾਨ ਕਰਿਐ। ਜਾਨਵਰ ਹੈ, ਕਭੀ ਕਾਮ ਹੀ ਆਤਾ ਹੈ।'' ''ਹਾਂ, ਗਾਂਧੀ ਦੀ ਬੱਕਰੀ ਵਾਂਙ,'' ਦਰਸ਼ਨ ਟਿੱਚਰ ਕਰਨੋ ਬਾਜ ਨਾ ਆਇਆ। ਸਾਡਾ ਹਾਸਾ ਨਿੱਕਲ ਗਿਆ।

ਤੇਈਪੁਰ 'ਚ ਸਟੇਅ ਦੌਰਾਨ ਸਾਰੇ ਦਿਨ ਦੀ ਰੁਟੀਨ ਵੀ ਨਿਸਚਿਤ ਜਿਹੀ ਸੀ। ਸਵੇਰੇ ਉੱਠਣਾ, ਬਾਹਰ ਲੈਟਰੀਨ ਜਾਣਾ, ਕਿਸੇ ਟਿਊਬਵੈੱਲ ਤੇ ਨਹਾਉਣਾ, ਕੱਪੜੇ ਧੋਣੇ, ਆਕੇ ਰੋਟੀ-ਟੁੱਕ ਤਿਆਰ ਕਰਨਾ, ਸਕੂਲ ਲੱਗਣ ਤੇ ਖੁੱਭ ਕੇ ਪੜ੍ਹਾਉਣਾ। ਸਾਰੇ ਖੂਬ ਮਿਹਨਤ ਨਾਲ ਪੜ੍ਹਾਉਂਦੇ, ਸਿਵਾਇ ਪੰਡਤ ਤੁਲਸੀ ਰਾਮ ਦੇ। ਉਹਨੇ ਨਾ ਤਾਂ ਬੱਚਿਆਂ ਨੂੰ ਕਦੇ ਮਾਰਿਆ ਨਾ ਹੀ ਕਦੇ ਈਮਾਨਦਾਰੀ ਨਾਲ ਪੜ੍ਹਾਇਆ। ਪੇਪਰਾਂ ਦੇ ਨੇੜੇ ਆ ਕੇ ਉਹ ਬੱਚਿਆਂ ਨੂੰ ਬਾਰਾਂ ਖੜੀ ਰਟਾਈ ਜਾਂਦਾ। ਸ਼ੰਭੂ ਲਾਲ ਨੂੰ ਬੜੀ ਖੁੰਦਕ ਆਉਂਦੀ। ਉਹ ਪੰਡਤ ਨੂੰ ਕਹਿੰਦਾ, ''ਅਬੇ ਪੰਡਤ, ਯੇ ਧੀ ਚੋਦ ਕੀ ਬਾਰਾਂ ਖੜੀ ਕਿਆ ਜਾਦੂ ਕਾ ਡੰਡਾ ਸੈ। ਜਰਾ ਠੀਕ ਸੇ ਹਿੰਦੀ ਪੜ੍ਹਾ, ਯੇ ਸਾਲੀ ਰਾਸ਼ਟਰ-ਭਾਸ਼ਾ ਸੈ।'' ਅੱਗੋਂ ਪੰਡਤ ਨੇ ਕਹਿਣਾ, ''ਤੂ ਜਾ ਕੇ ਬੱਚੋਂ ਕੋ ਰੂਲ ਬਾਂਟ। ਤੇਰੇ ਕੋ ਕਿਆ ਪਤਾ ਬਾਰਾਂ ਖੜੀ ਕਿਆ ਹੋਤੀ ਹੈ ?'' ਸ਼ੰਭੂ ਖ਼ੁਦ ਬੜੀ ਲਗਨ ਨਾਲ ਪੜ੍ਹਾਉਂਦਾ ਸੀ। ਪਰ ਉਹਦੀ ਜਮਾਤ 'ਚ ਜਦ ਵੀ ਜਾਉ, ਦੋ-ਚਾਰ ਬੱਚੇ ਮੁਰਗੇ ਜ਼ਰੂਰ ਬਣੇ ਹੁੰਦੇ ਤੇ ਸ਼ੰਭੂ ਤੂਤ ਦੀ ਛਿਟੀ ਉਹਨਾਂ ਦੇ ਚਿੱਤੜਾਂ ਤੇ ਮਾਰ-ਮਾਰ ਪੁੱਛਦਾ ਰਹਿੰਦਾ, ''ਕਿਉਂ ਬਈ, ਕਿਆ ਪੌਂਦੈ ?'' ਤੇ ਉਹਦੇ ਹੀ ਸਿਖਾਏ ਬੱਚੇ



ਛਿਟੀ ਦੀ ਮਾਰ ਨਾਲ ਤੜਫਦੇ, ਜੁਆਬ ਦਿੰਦੇ ਰਹਿੰਦੈ, ''ਜੀ ਫੂੱਲ।'' ਤਿੰਨ-ਚਾਰ ਨਿਆਣੇ ਉਹਨੇ ਸਫੈਦਿਆਂ ਦੇ ਤਣੇ ਨਾਲ, ਉੱਪਰ ਕਰਕੇ ਚਮੇੜੇ ਹੋਣੇ ਤੇ ਥੱਲੇ ਉੱਨੇ ਹੀ ਮੁੰਡੇ ਹੱਥਾਂ 'ਚ ਛਿਟੀਆਂ ਫੜ ਕੇ ਖੜ੍ਹੇ ਰਹਿੰਦੇ। ਉਹਨਾਂ ਉੱਚੀ-ਉੱਚੀ ਦੁਹਰਾਂਦੇ ਜਾਣਾ, ''ਇਕ ਦੂਣੀ-ਦੂਣੀ, ਦੋ ਦੂਣੀ ਚਾਰ।'' ਸਫੈਦਿਆਂ ਨਾਲ ਚਿਮੜੇ ਹੋਏ ਬੱਚੇ ਪਿੱਛੇ-ਪਿੱਛੇ ਬੋਲੀ ਜਾਂਦੇ, ''ਇਕ ਦੂਣੀ-ਦੂਣੀ, ਦੋ ਦੂਣੀ ਚਾਰ।'' ਥਕੇਵੇਂ ਨਾਲ ਉਹਨਾਂ 'ਚੋਂ ਕਿਸੇ ਨੇ ਥੱਲੇ ਸਰਕਣਾ ਤਾਂ ਥੱਲੇ ਖੜ੍ਹੇ ਮੁੰਡੇ ਨੇ ਛਿੱਟੀ ਮਾਰ ਕੇ ਫਿਰ ਉੱਤੇ ਚੜ੍ਹਾ ਦੇਣਾ।

ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਹਰ ਰੋਜ਼ ਕਦੇ ਇਕ, ਕਦੇ ਦੋ ਤੇ ਕਦੇ-ਕਦੇ ਤਿੰਨ ਚਾਰ ਮੁੰਡੇ ਕੁਆਟਰਾਂ 'ਚ ਸ਼ੰਭੂ ਲਾਲ ਕੋਲ ਆਉਂਦੇ। ਉਹ ਹੱਥ ਜੋੜਦੇ, ਸਿਰ ਨਿਵਾਉਂਦੇ ਤੇ ਪੁੱਛਦੇ, ''ਮਾਸਟਰ ਜੀ, ਕੋਈ ਸੇਵਾ ?'' ''ਯੇ ਉਠਾਉ ਬਰਤਨ, ਯੇ ਪੜੀ ਐ ਮਾਟੀ, ਰਗੜ-ਰਗੜ ਕੇ ਗੰਜੇ ਕੀ ਖੋਪੜੀ ਜੈਸੇ ਲਿਸ਼ਕਾ ਦੋ।'' ਕਿਸੇ ਹੋਰ ਦਿਨ ਉਹਨੇ ਕਹਿਣਾ, ''ਯੇ ਕੱਪੜੇ ਉਠਾਉ, ਧੋ-ਧੋ ਕੈ ਮੈਲ ਐਸੇ ਨਿਕਾਲਓ ਜੈਸੇ ਪੰਡਤ ਤੁਲਸੀ ਜੈਸੋਂ ਕੇ ਦਿਮਾਗ਼ ਕਾ ਕੂੜਾ-ਕਰਕਟ।'' ਬੱਚੇ ''ਅੱਛਾ ਜੀ'', ਕਹਿਕੇ ਦਿੱਤਾ ਕੰਮ ਕਰ ਦਿੰਦੇ। ਹਰ ਸ਼ਨੀਵਾਰ ਬੱਚਿਆਂ ਦੀ ਸੇਵਾ 'ਚ ਇਕ ਹੋਰ ਵਾਧਾ ਹੋ ਜਾਂਦਾ। ਉਸ ਦਿਨ ਸ਼ੰਭੂ ਲਾਲ ਆਪਣੇ ਪਿੰਡ ਜਾਂਦਾ ਸੀ - ਬਿਨਾਂ ਨਾਗਾ ਪਾਏ। ਉਸ ਦਿਨ 'ਸੇਵਾਦਾਰ' ਦੋ-ਤਿੰਨ ਘੜੇ ਤੇ ਇਕ ਬਾਲਟੀ 'ਚ ਪਾਣੀ ਭਰਦੇ। ਸ਼ੰਭੂ ਲਾਲ ਚੌਕੜੀ ਮਾਰ ਕੇ ਬੈਠ ਜਾਂਦਾ। ਬੱਚੇ ਬਾਲਟੀ ਦੇ ਪਾਣੀ ਨਾਲ ਉਹਦਾ ਪਿੰਡਾ ਮਲ-ਮਲ, ਉਹਨੂੰ ਨੁਹਾਉਂਦੇ। ਫਿਰ ਇਕ-ਇਕ ਕਰਕੇ ਘੜਾ ਚੁੱਕਦੇ ਤੇ ਸ਼ੰਭੂ ਲਾਲ ਦੇ ਵੱਡੇ, ਚੌੜੇ ਤੇ ਅਰਧ-ਗੰਜੇ ਸਿਰ ਉੱਤੇ ਮੂਧਾ ਮਾਰ ਦਿੰਦੇ। ਘੜੇ 'ਚੋਂ ਪਾਣੀ ਵਗ-ਵਗ ਕੇ ਉਹਦੇ ਪਿੰਡੇ ਤੇ ਪੈਂਦਾ ਰਹਿੰਦਾ। ਸਾਰੇ ਘੜਿਆਂ ਦਾ ਪਾਣੀ ਮੁਕਾ ਕੇ ਉਹ ਉੱਠਦਾ। ਸ਼ੁਰੂ ਦੇ ਇਕ ਸ਼ਨੀਵਾਰ ਮੈਂ ਅੰਦਰ ਕਮਰੇ 'ਚ, ਸਕੂਲ ਜਾਣ ਦੀ ਤਿਆਰੀ ਕਰ ਰਿਹਾ ਸੀ। ਕਿਸੇ ਕੰਮ ਬਾਹਰ ਨਿਕਲਿਆ ਤਾਂ ਸ਼ੰਭੂ ਲਾਲ ਦੇ ਸਿਰ ਤੇ ਘੜਾ ਮੂਧਾ ਵੱਜਾ ਵੇਖ ਕੇ ਮੈਂ ਹੱਸ ਪਿਆ। ਮੇਰੇ ਹਾਸੇ ਦੀ ਆਵਾਜ਼ ਸੁਣਕੇ ਦਰਸ਼ਨ, ਕਰਤਾਰ ਤੇ ਦੀਦਾਰ ਬਾਹਰ ਨਿੱਕਲ ਆਏ। ਦਰਸ਼ਨ ਨੇ ਕਿਹਾ, ''ਅਜੇ ਤਾਂ ਤੂੰ ਸ਼ੰਭੂ ਲਾਲ ਨੂੰ ਤਿਆਰ ਹੋਏ ਨੂੰ ਨਹੀਂ ਵੇਖਿਆ।'' ''ਅੱਛਾ, ਕੋਈ ਖ਼ਾਸ ਗੱਲ ਐ ?'' ਮੈਂ ਪੁੱਛਿਆ। ''ਤੂੰ ਖ਼ਾਸ ਦੀ ਗੱਲ ਕਰਨ ਡਿਹੈਂ, ਸੰਜੇ। ਗੱਲ ਖ਼ਾਸਮ-ਖ਼ਾਸ ਐ। ਸ਼ਨੀਵਾਰ ਆਪਣਾ ਸ਼ੰਭੂ, ਸਾਡੀ ਭਰਜਾਈ ਨੂੰ ਮਿਲਣ ਜਾਂਦੈ, ਪੂਰੀ ਟੌਹਰ ਕੱਢਕੇ'', ਕਰਤਾਰ ਨੇ ਜੁਆਬ ਦਿੱਤਾ। ''ਇਹ ਤਾਂ ਬੜੀ ਚੰਗੀ ਗੱਲ ਐ।'' ਫਿਰ ਸ਼ੰਭੂ ਲਾਲ ਨੇ ਆਮ ਦਿਨਾਂ ਤੋਂ ਉਲਟ ਪ੍ਰੈਸ ਕੀਤੇ ਕੱਪੜੇ ਪਾਏ, ਅੱਖਾਂ 'ਚ ਸੁਰਮਾ ਪਾਇਆ ਤੇ ਅਰਧ ਗੰਜੇ ਸਿਰ ਨੂੰ ਤੇਲ ਨਾਲ ਚੋਪੜਿਆ। ਉਸ ਸ਼ਨੀਵਾਰ ਤੋਂ ਬਾਅਦ, ਹਰ ਸ਼ਨੀਵਾਰ ਨੂੰ ਸ਼ੰਭੂ ਲਾਲ ਮੇਰੇ ਲਈ ਖਿੱਚ ਦਾ ਕੇਂਦਰ ਬਣ ਗਿਆ। ਸ਼ਨੀਵਾਰਾਂ ਨੂੰ ਉਹਨੇ ਸਕੂਲ 'ਚ ਮਟਕਦੇ ਫਿਰਨਾ, ਬੱਚਿਆਂ ਨੂੰ ਫੁੱਲਾਂ ਦਾ ਪ੍ਰਸ਼ਾਦ ਵੀ ਨਾ ਵੰਡਣਾ। ਅਸੀਂ ਸ਼ੰਭੂ ਲਾਲ ਨੂੰ ਨਿੱਕੇ-ਨਿੱਕੇ, ਮਿੱਠੇ-ਮਿੱਠੇ ਮਜ਼ਾਕ ਕਰੀ ਜਾਣੇ ਤੇ ਉਹਨੇ, ਸੁਰਮੇ ਭਰੀਆਂ ਬਰੀਕ ਅੱਖਾਂ ਬੰਦ ਕਰਕੇ ਫੀਅ-ਫੀਅ ਕਰਕੇ ਹੱਸੀ ਜਾਣਾ। ਕਿਸੇ-ਕਿਸੇ ਸ਼ਨੀਵਾਰ ਸ਼ੰਭੂ ਲਾਲ ਬੱਚਿਆਂ ਨੂੰ ਪੜ੍ਹਾਉਂਦਾ-ਪੜ੍ਹਾਉਂਦਾ ਛੱਡ ਕੇ, ਆਪਣੇ ਕਮਰੇ 'ਚ ਆਕੇ ਮੰਜੇ 'ਤੇ ਲੇਟ ਜਾਂਦਾ। ਇਤਫ਼ਾਕ ਵੱਸ ਮੈਂ ਵੀ ਕਮਰੇ 'ਚ ਆ ਜਾਂਦਾ ਤਾਂ ਸ਼ੰਭੂ ਲਾਲ ਨੂੰ ਕਿਸੇ ਸੋਚ ਜਿਹੀ 'ਚ ਡੁੱਬੇ ਵੇਖਦਾ। ਉਹਦੀਆਂ ਅੱਖਾਂ ਖਲਾਅ 'ਚ ਕਿਸੇ ਅਦਿੱਖ ਬਿੰਦੂ 'ਤੇ ਟਿਕੀਆਂ ਜਾਪਦੀਆਂ। ਕਈ ਵਾਰ ਤਾਂ ਉਸ ਨੂੰ ਮੇਰੀ ਆਮਦ ਦਾ ਵੀ ਪਤਾ ਨਾ ਲੱਗਦਾ। ਭਰਜਾਈ ਦੀ ਗੱਲ ਤੋਰਨ ਤੇ ਉਹਦੇ ਹਾਵ-ਭਾਵ ਬਦਲ ਜਾਂਦੇ। ਹੂੰ ਹਾਂ ਕਰਕੇ ਗੱਲ ਟਾਲ ਦੇਂਦਾ। ਇਸ ਸਬੰਧੀ ਮੈਂ ਦਰਸ਼ਨ ਨੂੰ ਪੁੱਛਿਆ, ''ਦਰਸ਼ਨ, ਸ਼ੰਭੂ ਸਾਡੀ ਭਰਜਾਈ ਬਾਰੇ ਪੁੱਛੀ ਗੱਲ ਨੂੰ ਟਾਲ ਕਿਉਂ ਦਿੰਦੈ ?'' ''ਐਹੋ ਜਿਹਾ ਕੋਈ ਚੱਕਰ ਨੀਂ, ਐਵੇਂ ਜਾਤੀ-ਕੰਪਲੈਕਸ ਐ। ਮੈਂ ਵੀ ਅਨੁਸੂਚਿਤ ਜਾਤੀ 'ਚੋਂ ਆਂ, ਆਪਾਂ ਨੂੰ ਕੋਈ ਕੰਪਲੈਕਸ ਨ੍ਹੀਂ।'' ਕਰਤਾਰ ਨੇ ਕਿਹਾ, ''ਦਰਸ਼ਨ ਠੀਕ ਕਹਿੰਦੈ। ਸ਼ੰਭੂ ਲਾਲ ਨੇ ਆਪਣੇ ਵਿਆਹ ਤੇ ਵੀ ਸਾਡੇ 'ਚੋਂ ਕਿਸੇ ਨੂੰ ਨ੍ਹੀਂ ਸੱਦਿਆ। ਵਿਆਹ ਵੀ ਕੰਜਰ ਨੇ ਗਰਮੀ ਦੀਆਂ ਛੁੱਟੀਆਂ 'ਚ ਕਰਾਇਆ। ਪੁੱਛੇ ਤੋਂ ਕਹਿਣ ਲੱਗਾ- ਤੁਸੀਂ ਧੀ ਚੋਦ ਕੇ, ਉੱਚੀ ਜਾਤ ਵਾਲੇ ਬੁਲਾਏ ਤੇ ਵੀ ਨਾ ਆਉਂਦੇ।'' ''ਪਰ ਉਹਦੇ ਵਿਆਹ ਮੌਕੇ ਦੀ ਇਕ ਮਜ਼ੇਦਾਰ ਗੱਲ ਸੁਣ

ਡੋਲੀ ਤੁਰਨ ਲੱਗਿਆਂ ਗਾਣਾ ਚੱਲ ਰਿਹਾ ਸੀ- ਯੋ ਲੇ ਬਾਬਲ ਘਰ ਅਪਨਾ, ਮੈਂ ਤੋ ਚਾਲੀ ਪੀਆ ਕੇ ਦੇਸ। ਮੈਂ ਤੋਂ ਬਾਬਲ ਚਾਂਬੇ ਕੀ ਚਿੜੀਆ, ਮੈਂ ਤੋ ਚਾਲੀ ਪਰਾਏ ਦੇਸ। ਸਾਡੇ ਸ਼ੰਭੂ ਲਾਲ ਹੁਰਾਂ ਦਾ, ਗੀਤ ਸੁਣ ਕੇ, ਰੋਣਾ ਨਿਕਲ ਗਿਆ। ਉਹ ਆਪਣੇ ਬਾਪੂ ਦੇ ਕੰਨ ਕੋਲ ਜਾ ਕੇ ਕਹਿਣ ਲੱਗਾ- ਬਾਪੂ ਛੋਹਰੀ ਨੈ ਫਿਰ ਲੇਜਾਂਗੇ।'' ਸੁਣ ਕੇ ਮੈਂ ਮੁਸਕਰਾਏ ਬਿਨਾਂ ਨਾ ਰਹਿ ਸਕਿਆ। ਸ਼ਨੀਵਾਰ ਦੀ ਖਿੱਚ ਮੇਰੇ ਲਈ ਬਣੀ ਰਹੀ।

ਇਕ ਦਿਨ ਸਵੇਰ ਵੇਲੇ ਤੁਲਸੀ ਪੰਡਤ ਸਾਡੇ ਵਾਲੇ ਪਾਸੇ ਨਲਕੇ 'ਤੇ ਨਹਾਉਣ ਆਇਆ। ਉੱਧਰ ਜਮਾਤਾਂ ਵੱਲ ਦਾ ਨਲਕਾ ਖ਼ਰਾਬ ਸੀ। ਰੋਜ਼ ਵਾਂਙ ਦੋ-ਤਿੰਨ ਮੁੰਡੇ ਸ਼ੰਭੂ ਲਾਲ ਕੋਲ ਆ ਕੇ ਖੜ੍ਹੇ ਹੋ ਗਏ। ਫਿਰ ਉਹਨਾਂ ਹੱਥ ਜੋੜੇ, ਸਿਰ ਨਿਵਾਇਆ ਤੇ ਪੁੱਛਿਆ, ''ਮਾਸਟਰ ਜੀ, ਕੋਈ ਸੇਵਾ ?'' ਇਸ ਤੋਂ ਪਹਿਲਾਂ ਕਿ ਸ਼ੰਭੂ ਉਹਨਾਂ ਨੂੰ ਕੋਈ ਸੇਵਾ ਦੱਸਦਾ, ਤੁਲਸੀ ਪੰਡਤ ਬੋਲ ਪਿਆ, ''ਕਿਉਂ ਸ਼ੰਭੂ ਲਾਲ, ਅਪਨੇ ਵਾਲੇ ਛੋਕਰੋਂ ਕੋ ਸੇਵਾ ਕਿਉਂ ਨਹੀਂ ਬਤਾਤਾ ?'' ਮੇਰਾ ਧਿਆਨ ਬਦੋ-ਬਦੀ ਉੱਧਰ ਚਲਾ ਗਿਆ। ਸ਼ੰਭੂ ਲਾਲ ਨੇ ਤੁਰੰਤ, ਮੋੜਵਾਂ ਜੁਆਬ ਦਿੱਤਾ, ''ਹਮਾਰੇ ਵਾਲੇ ਤਾਂ ਧੀ ਚੋਦ ਕੇ ਸੈਂਕੜੇ ਸਾਲਾਂ ਕੀ ਗੁਲਾਮੀ ਕਰ-ਕਰ ਕੈ ਪਹਿਲੇ ਈ ਸਾਊ-ਪੁੱਤ ਬਣ ਚੁੱਕੇ ਐਂ। ਮੈਨਰਜ਼ ਸਿਖਾਨੇ ਕੀ ਜ਼ਰੂਰਤ ਤੋ ਯੋ ਉੱਚ-ਜਾਤੀ ਵਾਲੋਂ ਕੋ ਹੈ, ਦੂਸਰੋਂ ਕੋ ਸਿਖਾਨੇ ਕੇ ਚੱਕਰ ਮੇਂ, ਧੀ ਚੋਦ ਕੇ ਖ਼ੁਦ ਮੈਨਰਲੈੱਸ ਹੋ ਗੇ।'' ਸਵੇਰ ਦਾ ਸਮਾਂ, ਰੱਬ ਦਾ ਨਾਮ ਲੈਣ ਦਾ, ਪੰਡਤ ਭੜਕ ਗਿਆ, ''ਅਬੇ ਓ ਚਮਾਰ! ਯਿਹ ਕਿਆ ਬਾਤ ਹੁਈ ਰੇ, ਸਾਰੀ ਜਾਤੀ ਕੋ ਗਾਲੀ ਦੇਤਾ ਹੈ।'' ''ਜੁੱਤੀ ਕਾਡ ਕੇ ਮਾਰੂੰਗਾ, ਧੀ ਚੋਦ ਕੇ ਸਿਰ ਪੈ। ਤੇਰੀ ਯੋ ਉੱਚ-ਜਾਤੀ ਸੈਂਕੜੇ ਸਾਲਾਂ ਤੇ, ਯਹੀ ਕੁਛ ਕਰ ਰਹੀ ਐ ਮ੍ਹਾਰੇ ਜੈਸਿਆਂ ਕੇ ਸਾਥ'', ਸ਼ੰਭੂ ਲਾਲ, ਪੰਡਤ ਨੂੰ ਸੂਈ ਕੁੱਤੀ ਵਾਂਙ ਪਿਆ। ਪੰਡਤ ਇਹ ਕਹਿਕੇ ਤੁਰ ਗਿਆ, ''ਸ਼ੰਭੂ ਤੂੰ ਨਹੀਂ ਸੁਧਰਨੇ ਕਾ।'' ਮੈਨੂੰ ਵੀ ਸ਼ੰਭੂ ਲਾਲ 'ਤੇ ਹਰਖ਼ ਆ ਗਿਆ, ''ਸ਼ੰਭੂ ਲਾਲ ਜੀ, ਹਰ ਗੱਲ ਨੂੰ ਜਾਤੀ-ਸਮੱਸਿਆ ਨਾਲ ਜੋੜਨਾ ਠੀਕ ਨ੍ਹੀਂ।'' ''ਕੇ ਠੀਕ ਨ੍ਹੀਂ ? ਤੂ ਭੀ ਤੋ ਉਨਹੀ ਕਾ ਜੋੜੀ-ਦਾਰ ਐ।'' ਸ਼ੰਭੂ ਦੀ ਗੱਲ ਸੁਣ ਕੇ ਮੈਨੂੰ ਜ਼ਹਿਰ ਤਾਂ ਬਹੁਤ ਚੜ੍ਹੀ ਪਰ ਮੌਕੇ ਦੀ ਨਜ਼ਾਕਤ ਕਾਰਨ ਮੈਂ ਚੁੱਪ ਰਿਹਾ। ਮੇਰੇ ਮਨੋ-ਭਾਵ, ਲਗਦਾ ਸੀ, ਸ਼ੰਭੂ ਨੇ ਵੀ ਪੜ੍ਹ ਲਏ ਸਨ। ਉਹ ਬੋਲਿਆ, ''ਮੰਨੈ ਪਤੈ ਕਿ ਬੱਚੇ ਤੋ ਬੱਚੇ ਈ ਹੋਵੈਂ, ਪਰ ਉਨ ਦਰੋਣ ਚਤੁਰਵੇਦੀ ਜੈਸਿਆਂ ਦਾ ਕੋਈ ਕਿਆ ਕਰੇ, ਜੋ ਮੇਰੇ ਜੈਸਿਆਂ ਨੂੰ ਕਈ ਸਾਲ ਪੀਰਡਾਂ ਤੈ ਇਸ ਕਰਕੇ ਕਾਡਦੇ ਰਹੇ ਕਿ ਭਵਿੱਸ਼ ਮੇਂ ਅਫ਼ਸਰ-ਉਫਸਰ ਲਾਗ ਕੈ ਉਨ ਜੈਸਿਆਂ ਕਾ ਰਾਸਤਾ ਰੋਕੋਂਗੇ। ਧੀ ਚੋਦ ਕੇ ਨੇ ਕਿਤਨੇ ਸਾਲ ਅਪਨੀ ਹਰਕਤਾਂ ਤੇ ਮੰਨੈ ਸੂਲੀ ਪਰ ਟਾਂਗ ਕੈ ਰਾਖਿਆ।'' ''ਹੱਦ ਹੋ ਗਈ ਸ਼ੰਭੂ ਤੇਰੇ ਵਾਲੀ! ਇਸ ਦਾ ਮਤਲਬ ਐ ਤੂੰ ਵੀ ਹਰਕਤਾਂ ਕਰਦੈਂ, ਹਰਕਤਾਂ ਵੀ ਤੇ ਤਮਾਸ਼ੇ ਵੀ। ਪੜ੍ਹ-ਲਿਖ ਕੇ ਵੀ ਤੇਰੇ ਅੰਦਰ ਹੀਣਤਾ ਦੀ ਰਹਿੰਦ-ਖੂੰਹਦ ਕਿਵੇਂ ਬਚੀ ਰਹਿ ਗਈ ਬਈ, ਸ਼ੰਭੂ ਲਾਲ ?'' ਗੱਲ ਸੁਣ ਕੇ ਮੈਂ ਜੁਆਬ ਦਿੱਤਾ, ''ਚੱਜ ਦੀ ਦਲੀਲ ਦੇ ਕੇ ਗੱਲ ਕਰਨੀ ਸਿੱਖ। ਐਵੇਂ ਸੜੀ ਜਾਣ ਦਾ ਕੋਈ ਫਾਇਦਾ ਨ੍ਹੀਂ।'' ''ਅੱਛਾ ਗੁਰੂ, ਨਹੀਂ ਸੜਦਾ। ਪਰ ਆਦਮੀ ਕੌਨ-ਕੌਨ ਸੀ ਬਾਤ ਭੂਲ ਜੇ। ਦਰੋਣ ਚਤੁਰਵੇਦੀ ਜੈਸੇ ਟੀਚਰ ਹਮਾਰਾ ਨਾਮ ਰਖਤੇ ਹੈ- 'ਰੁਕਾਵਟ' ਅਰ ਪੰਡਤ ਜੈਸੇ - 'ਚਮਾਰ'। ਜਮਾਤਾਂ ਮੇਂ ਦੇਖ ਲੇ ਜਾਟਾਂ ਦੇ ਪੁੱਤਰ 'ਜਾਟ' ਐਸੇ ਬੋਲਤੇ ਐਂ, ਜੈਸੇ ਮਾਸਟਰ ਕੀ ਟਾਂਗ ਤੋੜ ਦੇਨੀ ਹੈ ਅਰ ਹਮਾਰੇ ਵਾਲੇ ਧੀ ਚੋਦ ਕੇ ਮਾਸਟਰ ਕੇ ਕਾਨ ਕੇ ਪਾਸ ਆ ਕੈ ਬੋਲੇਂਗੇ - ਜੀ ਰਾਮਦਾਸੀਏ, ਜੀ ਬਾਲਮੀਕੀ।'' ''ਅੱਛਾ, ਇਹ ਹਮਾਰੇ, ਤੁਮਾਰੇ ਛੱਡ, ਇਹਦੇ ਬਾਰੇ ਫਿਰ ਗੱਲ ਕਰਾਂਗੇ। ਹੁਣ ਸਕੂਲ ਲਈ ਤਿਆਰੀ ਕਰ।'' ਮੈ ਗੱਲ ਸਮੇਟ ਦਿੱਤੀ।

ਕਿਸੇ ਕਿਸੇ ਦਿਨ ਸ਼ੰਭੂ ਘੜੇ ਦੇ ਮੂੰਹ 'ਤੇ ਕਾਰ ਦੀ ਕੱਟੀ ਹੋਈ ਟਿਊਬ ਮੜ੍ਹ ਲੈਂਦਾ ਤੇ ਰਾਗਣੀਆਂ ਸੁਣਾਂਦਾ। ਕਦੇ 'ਮੈਂ ਬਾਂਗਰ ਕਾ ਛੋਹਰਾ', ਕਦੇ 'ਦੂਜਾ ਬਿਆਹ ਕਰਵਾ ਲੇ ਸਾਜਣ', ਕਿਸੇ ਦਿਨ 'ਬੇਟੀ ਬੜੇ ਦੁੱਖਾਂ ਤੈ ਪਾਲੀ', ਕਿਸੇ-ਕਿਸੇ ਦਿਨ 'ਭਾਈ ਭਾਤ ਤੇਰੇ ਨੋਤਨ ਮੈਂ ਆਈ।' ਜਦੋਂ ਸ਼ੰਭੂ ਨੇ ਰੇ... ਰੀ.. ਰੀ.. ਦੀ ਹੇਕ ਲਾਉਣੀ ਤਾਂ ਕਾਲਜੇ ਈ ਕੱਢ ਕੇ ਲੈ ਜਾਣੇ। ਅਸੀਂ ਇੰਜ ਮਹਿਸੂਸ ਕਰਨਾ ਜਿਵੇਂ ਅਸਮਾਨੀ ਸਤਰੰਗੀ ਪੀਂਘ ਝੂਟ ਰਹੇ ਹੋਈਏ। ਮੈਨੂੰ ਸ਼ੰਭੂ ਲਾਲ, ਉਸ ਦਿਨ ਬੜਾ ਕੋਮਲ-ਕੋਮਲ ਜਾਪਦਾ। ਮੇਰੇ ਮਨ ਵਿਚ ਉਸ



ਪ੍ਰਤੀ ਮੋਹ ਜਾਗਦਾ। ਇਕ ਦਿਨ, ਅਜਿਹੇ ਹੀ ਅਹਿਸਾਸ ਦਾ ਕੀਲਿਆ ਮੈਂ ਸ਼ੰਭੂ ਲਾਲ ਨਾਲ ਗੱਲ ਤੋਰ ਬੈਠਾ ਕਿ ਉਹ ਬੱਚਿਆਂ ਨੂੰ 'ਫੁੱਲ' ਨਾ ਵੱਡਿਆ ਕਰੇ। ਮੇਰੀ ਗੱਲ ਸੁਣ ਕੇ ਸ਼ੰਭੂ ਚੁੱਪ ਦਾ ਚੁੱਪ ਈ ਕਰ ਗਿਆ। ਉਹਦੀਆਂ ਅੱਖਾਂ ਖਲਾਅ 'ਚ ਕਿਤੇ, ਕਿਸੇ ਅਦਿੱਖ-ਬਿੰਦੂ 'ਤੇ ਟਿਕ ਗਈਆਂ। ਮੈਂ ਗੱਲ ਨੂੰ ਟਾਲਣ ਦੇ ਮਾਰੇ ਨੇ ਕਿਹਾ, ''ਚੱਲ ਛੱਡ, ਯਾਰ ਮੈਂ ਤਾਂ ਐਵੇਂ ਸੁਭੌਤੀ ਗੱਲ ਕੀਤੀ ਸੀ। ਬੱਚੇ ਕਿਹੜਾ ਘੱਟ ਨੇ। ਜੁੱਤੀਆਂ ਖਾਏ ਬਿਨਾਂ ਉਹ ਕਿਹੜਾ ਪੜ੍ਹਦੇ ਨੇ।'' ਸ਼ੰਭੂ ਦੇ ਬੁੱਲ੍ਹਾਂ ਤੇ ਫਿੱਕੀ, ਮਰੀਅਲ ਜਿਹੀ ਮੁਸਕਾਨ ਆਈ ਤੇ ਉਹ ਬੋਲਿਆ, ਜਿਵੇਂ ਕਿਤੇ ਖੂਹ 'ਚੋਂ ਬੋਲਿਆ ਹੋਵੇ, ''ਕੇ ਬਤਾਵਾਂ ਤੰਨੈ ਸੰਜੇ, ਤੇਰੇ ਇਸ ਸ਼ੰਭੂ ਲਾਲ ਕੀਆਂ ਬਾਤਾਂ! ਮੇਰੇ ਗਾਂਵ ਕੇ ਏਕ ਰਾਠ ਜ਼ਿਮੀਦਾਰ ਨੇ ਮੇਰੇ ਬਾਪ ਤੇ ਜੁੱਤੀ ਬਣਵਾਈ ਤਿੱਲੇ ਵਾਲੀ। ਜੁੱਤੀ ਧੀ ਚੋਦ ਕੀ ਭੀੜੀ ਰਹਿਗੀ। ਉਸ ਰਾਠ ਨੇ ਕਿਸੀ ਸਾਦੀ - ਸੁਦੀ ਪੈ ਜਾਣਾ ਸੀ। ਸਾਦੀ ਤੇ ਆਣ ਕੈ ਉਸ ਨੇ ਬਾਪ ਨੂੰ ਹਵੇਲੀ ਬੁਲਾਇਆ। ਧੀ ਚੋਦ ਕੇ ਰਾਠ ਨੇ ਉਸ ਦਿਨ ਮੇਰੇ ਬਾਪ ਕੀ ਗਨ੍ਹੀ ਦੁਰਗਤ ਕੀਤੀ। ਉਸ ਨੈ ਮੁਰਗਾ ਬਣਾ ਕੈ, ਉਸੀ ਜੁੱਤੀ ਨਾਲ ਮੇਰੇ ਬਾਪ ਦੇ ਚਿੱਤੜ ਲਾਲ ਕਰ ਦੀਏ। ਧੀ ਚੋਦ ਕੇ ਚਿੱਤੜਾਂ ਪੇ ਜੁੱਤੀ ਮਾਰਦੇ ਅਰ ਪੂਛਦੇ- ਕਿਉਂ ਕੇ ਪੜੈ ਸੈ ? ਮੇਰਾ ਬਾਪ ਘਰ ਆ ਕੈ ਮੇਰੇ ਗ਼ਲੇ ਲਾਗ ਗਿਆ ਅਰ ਗਨ੍ਹਾ ਰੋਇਆ- ਪਰ ਤੂੰ ਚਿੰਤਾ ਕੋਈ ਨਾ ਕਰ ਸੰਜੇ, ਮੈਂ ਸਭ ਠੀਕ ਕਰ ਦੂੰਗਾ।'' ਫਿਰ ਆਪਣੇ ਸੁਭਾਅ ਮੁਤਾਬਕ, ਸ਼ੰਭੂ, ਬਿਨਾਂ ਕਿਸੇ ਉੱਤਰ ਕੀ ਉਡੀਕ ਦੇ, ਪਾਸਾ ਪਰਤ ਕੇ ਪੈ ਗਿਆ। ਮੇਰੀ ਤਾਂ ਨੀਂਦ ਈ ਉੱਡ ਗਈ। ਮੈਂ ਸ਼ੰਭੂ ਨੂੰ ਕਹਿਣਾ ਚਾਹੁੰਦਾ ਸੀ- ''ਸ਼ੰਭੂ ਲਾਲ, ਤੂੰ ਰਹਿਣ ਵਾਲਾ ਕੁਰੂਖੇਤਰ ਦਾ, ਨੌਕਰੀ ਤੇਰੀ ਬਹਿਰ-ਜੱਛ ਦੇ ਨੇੜੇ। ਬਹਿਰ-ਜੱਛ ਜਿੱਥੇ ਮਹਾਂਭਾਰਤ ਦੇ ਧਰਮ-ਯੁੱਧ ਸਮੇਂ, ਕੌਰਵਾਂ/ਪਾਂਡਵਾਂ ਵਲੋਂ ਚਾਰੇ ਕੋਨਿਆਂ ਤੇ ਖੜ੍ਹੇ ਕੀਤੇ ਯਕਸ਼ ਦੇਵਤਿਆਂ ਵਿਚੋਂ ਇਕ 'ਵਰੀ-ਯਕਸ਼' ਖੜ੍ਹਾ ਸੀ। ਕਹਿੰਦੇ ਨੇ ਜਦੋਂ ਕੋਈ ਜੰਗ ਦੇ ਮੈਦਾਨ 'ਚੋਂ ਦੌੜਦਾ ਸੀ ਤਾਂ ਯਕਸ਼ ਦੇਵਤੇ ਚੁੱਕ ਕੇ ਉਹਨੂੰ ਦੁਬਾਰਾ ਮੈਦਾਨ ਵੱਲ ਧੱਕ ਦੇਂਦੇ ਸਨ। ਸ਼ੰਭੂ ਤੂੰ ਕਿਤੇ ਵਰੀ-ਯਕਸ਼ ਦੀ ਨਜ਼ਰ ਬਚਾ ਕੇ ਮੈਦਾਨੋਂ ਦੌੜ ਤਾਂ ਨਹੀਂ ਆਇਆ ?'' ਪਰ ਮੈਂ ਸ਼ੰਭੂ ਨੂੰ ਐਸਾ ਕੁਝ ਵੀ ਨਾ ਕਹਿ ਸਕਿਆ। ਮੇਰਾ ਮਨ ਹੋਰ ਵੀ ਬੇਚੈਨ ਹੋ ਗਿਆ। ਮੈਂ ਸ਼ੰਭੂ ਨੂੰ ਆਵਾਜ਼ ਦਿੱਤੀ, ''ਸ਼ੰਭੂ, ਏਧਰ ਮੇਰੇ ਵੱਲ ਮੂੰਹ ਕਰ ਯਾਰ।'' ਪਰ ਸ਼ੰਭੂ ਉਸੇ ਤਰ੍ਹਾਂ ਪਿਆ ਰਿਹਾ। ਮੈਂ ਉੱਠ ਕੇ ਬੈਠ ਗਿਆ। ਸ਼ੰਭੂ ਦਾ ਮੋਢਾ ਫੜ ਕੇ ਉਹਦਾ ਚਿਹਰਾ ਆਪਣੇ ਵੱਲ ਕੀਤਾ। ਉਸ ਦੀਆਂ ਅੱਖਾਂ 'ਚ ਹੰਝੂ ਤੇ ਚਿਹਰੇ ਉੱਤੇ ਵੇਦਨਾ ਦੇ ਨਿਸ਼ਾਨ ਸਨ। ''ਸ਼ੰਭੂ ਲਾਲ, ਏਦਾਂ ਠੀਕ ਨ੍ਹੀਂ ਯਾਰ। ਚੱਲ ਉੱਠ ਕੇ ਬੈਠ, ਕੋਈ ਹੋਰ ਗੱਲ ਕਰੀਏ।'' ਪਰ ਸ਼ੰਭੂ ਅਹਿੱਲ ਪਿਆ ਰਿਹਾ। ''ਦੇਖ ਬੇਬੇ, ਤੂੰ ਏਦਾਂ ਬੁਝੇ ਜਿਹੇ ਚਿਹਰੇ ਨਾਲ ਚੰਗੀ ਨ੍ਹੀਂ ਲੱਗਦੀ। ਆਪਣੇ ਪੁੱਤ ਦਾ ਈ ਕੋਈ ਖ਼ਿਆਲ ਕਰ,'' ਇਹਨਾਂ ਸ਼ਬਦਾਂ ਰਾਹੀਂ ਮੈਂ ਸ਼ੰਭੂ ਦਾ ਚਿੱਤ ਕਿਤੇ ਹੋਰ ਲਾਉਣ ਦਾ ਯਤਨ ਕੀਤਾ, ਪਰ ਉਹਦੀਆਂ ਅੱਖਾਂ ਵਿਚਲੇ ਹੰਝੂ ਪਰਲ-ਪਰਲ ਵਗਣ ਲੱਗ ਪਏ। ਮੇਰੇ ਦਿਲ ਨੂੰ ਘੇਰ ਜਿਹੀ ਪੈਣ ਲੱਗੀ। ਮੈਂ ਇਕ ਹੋਰ ਯਤਨ ਕੀਤਾ, ''ਨਾ ਬਈ ਸ਼ੰਭੂ ਵੀਰੇ, ਧਰਮ ਨਾਲ ਤੇਰਾ ਇਹ ਰੂਪ ਚੰਗਾ ਜਿਹਾ ਨਹੀਂ ਲੱਗਿਆ। ਤੂੰ ਤਾਂ ਆਪਣੇ ਸ਼ਨੀਵਾਰ ਵਾਲੇ ਰੂਪ 'ਚ ਈ ਚੰਗਾ ਲੱਗਦੈਂ।'' ਏਨੀ ਕਹਿਣ ਦੀ ਦੇਰ ਸੀ, ਸ਼ੰਭੂ ਨੇ ਜ਼ੋਰ ਦੀ ਭੁੱਬ ਮਾਰੀ। ਮੈਂ ਚਕਰਾ ਗਿਆ। ਦਰਸ਼ਨ, ਕਰਤਾਰ ਤੇ ਦੀਦਾਰ ਵੀ ਸਾਡੇ ਕਮਰੇ 'ਚ ਆ ਗਏ। ''ਕੀ ਹੋਇਆ, ਸ਼ੰਭੂ ਲਾਲ ? ਸੰਜੇ, ਕੀ ਗੱਲ ਹੋਈ ਐ ?'' ਮੈਂ ਕੀ ਦੱਸਦਾ, ਮੈਨੂੰ ਆਪ ਕੁਝ ਵੀ ਸਮਝ ਨਹੀਂ ਸੀ ਪੈ ਰਹੀ। ਅਚਾਨਕ ਸ਼ੰਭੂ ਬੋਲਿਆ, ''ਓ ਦੋਸਤੋ! ਹਾਲਾਤ ਨੈ ਮੰਨੈ ਜੋਕਰ ਬਣਾ ਕੇ ਰਾਖ ਦੀਆ। ਸੰਜੇ ਸ਼ਨੀਵਾਰ ਕੀ ਬਾਤ ਕਰਦੈਂ! ਮੇਰੀ ਘਰਵਾਲੀ ਕਦ ਕੀ ਭਗਵਾਨ ਨੈ ਪਿਆਰੀ ਹੋ ਗੀ। ਉਸਦੀ ਇੱਜ਼ਤ ਅਰ ਜਾਨ ਸ਼ੁੱਧ ਨਸਲ ਵਾਲੋਂ ਕੇ ਕਾਮ ਆ ਗੀ। ਮੇਰਾ ਬਾਪ ਕਾਣੇ ਤੈ ਅੰਧਾ ਹੋ ਗਿਆ। ਮੈਂ, ਸਾਲਾ, ਧੀ ਚੋਦ ਕਾ ਮਸਖ਼ਰਾ.... ਸ਼ਨੀਵਾਰ... ਸੁਰਮਾ... ਘੜੇ... ਬੱਕਰੀ... ਪੰਡਤ.... ਸੇਵਾ.... ਦਰੋਣ-ਧ੍ਰਿਤ.... ,'' ਸ਼ੰਭੂ ਲਾਲ ਉਖੱੜ ਗਿਆ। ਮੈਂ, ਸ਼ੰਭੂ ਨੂੰ ਕਲਾਵੇ 'ਚ ਲੈ ਲਿਆ। ਸ਼ੰਭੂ ਨੇ ਮੂੰਹ ਉੱਪਰ ਕੀਤਾ ਤੇ ਚੀਕ ਮਾਰੀ, ''ਹੇ ਭਗਵਾਨ ਮੈਂ ਕੇ ਕਰੂੰ ਸੂੰ ?'' OO

[ਮਕਾਨ ਨੰਬਰ 83, ਸ਼ਹੀਦ ਭਗਤ ਸਿੰਘ ਕਲੋਨੀ, ਰਾਜਪੁਰਾ ਟਾਊਨ - 140 401]

# ਉਜਲ ਦੁਸਾਂਝ ਬੀ. ਸੀ. ਵਾਲਾ

**ਗੁਲਜ਼ਾਰ ਸਿੰਘ ਸੰਧੂ**

''ਕਿਥੋਂ ਕਿਥੇ ਪਹੁੰਚ ਗਿਆ, ਕਮਲਾ ਜਿਹਾ,'' 82 ਵਰ੍ਹਿਆਂ ਦੀ ਭਗਵੰਤ ਕੌਰ ਦੇ ਸ਼ਬਦਾਂ ਵਿਚ ਮੋਹ ਨਾਲੋਂ ਮਾਣ ਬਹੁਤਾ ਸੀ। ਇਕ ਤਰ੍ਹਾਂ ਦਾ ਅਚੰਭਾ ਵੀ। ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਵਿਭਾਗ ਦੇ ਮੁਖੀ ਨਵਜੀਤ ਸਿੰਘ ਜੌਹਲ ਦੀ ਮਾਂ ਦੇ ਇਹ ਸ਼ਬਦ ਉਜਲ ਦੁਸਾਂਝ ਦੀ ਸ਼ਖਸੀਅਤ ਤੇ ਪਹੁੰਚ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਸਨ। ਬੀਬੀ ਵਲੋਂ ਉਜਲ ਦੁਸਾਂਝ ਦੇ ਬੀ. ਸੀ. (ਬ੍ਰਿਟਿਸ਼ ਕੋਲੰਬੀਆ) ਦਾ ਪ੍ਰਧਾਨ ਮੰਤਰੀ ਬਣਨ ਦੀ ਵਧਾਈ ਪ੍ਰਵਾਨ ਕਰਨ ਵਿਚ ਅਪਣਤ ਵੀ ਸੀ।

ਨਵਜੀਤ ਯੂਨੀਵਰਸਿਟੀ ਵਿਚ ਮੇਰਾ ਕੁਲੀਗ ਰਿਹਾ ਹੈ ਅਤੇ ਨਵਜੀਤ ਦੀ ਮਾਂ ਦੁਸਾਂਝ ਕਲਾਂ ਦੇ ਕਾਮਰੇਡ ਬਲਬੀਰ ਸਿੰਘ ਬਲੀ ਦੀ ਭੈਣ ਹੈ ਅਤੇ ਉੱਜਲ ਦੁਸਾਂਝ ਦੀ ਘਰਾਂ ਵਿਚੋਂ ਭੂਆ। ਘੱਟ ਬੋਲਦੀ ਹੈ ਪਰ ਜੋ ਵੀ ਸ਼ਬਦ ਬੋਲੇ ਅਰਥਾਂ ਨਾਲ ਲੱਦਿਆ ਹੁੰਦਾ ਹੈ। ਜਦੋਂ ਉਨ੍ਹਾਂ ਉੱਜਲ ਲਈ 'ਕਮਲਾ ਜਿਹਾ' ਸ਼ਬਦ ਵਰਤਿਆ ਤਾਂ ਸਾਡੇ ਸਾਰਿਆਂ ਦਾ ਹਾਸਾ ਨਿਕਲ ਗਿਆ। ਪਰ ਮਜ਼ਾ ਬੜਾ ਆਇਆ।

''ਪੜ੍ਹਨ ਵਿਚ ਵੀ ਠੀਕ ਸੀ, ਪਰ ਚੁਕੰਨਾ ਬੜਾ ਸੀ,'' ਉਸਦੇ ਸ਼ੌਕਾਂ ਬਾਰੇ ਬੀਬੀ ਭਗਵੰਤ ਕੌਰ ਨੇ ਸਪਸ਼ਟ ਕੀਤਾ।'' ਕਿੱਥੇ ਕੀ ਹੋ ਰਿਹਾ ਹੈ ਤੇ ਕੌਣ ਕੀ ਕਰਦਾ ਹੈ, ਬਹੁਤਾ ਧਿਆਨ ਏਦਾਂ ਦੀਆਂ ਗੱਲਾਂ ਵਿਚ ਹੀ ਰਖਦਾ ਸੀ,'' ਉਹਨਾਂ ਨੇ ਚੇਤੇ ਨੂੰ ਖਰੋਚਦਿਆਂ ਕਿਹਾ। ''ਬੱਸ ਅਹਿ ਕਰੂੰਗਾ, ਅਹਿ ਕਰਦੂੰਗਾ ਲਾਈ ਰਖਦਾ ਸੀ,'' ਏਨਾ ਕਹਿ ਕੇ ਉਹਨਾਂ ਉਜਲ ਦੇ ਸਮੁੱਚੇ ਪਰਿਵਾਰ ਬਾਰੇ ਦੱਸਿਆ। ਨਾਨਕਿਆਂ ਬਾਰੇ ਤੇ ਫਿਰ ਦਾਦਕਿਆਂ ਬਾਰੇ।

ਉਜਲ ਦਾ ਆਪਣਾ ਪਿੰਡ ਫਗਵਾੜੇ ਦੇ ਨੇੜੇ ਦੁਸਾਂਝ ਕਲਾਂ ਹੈ ਪਰ ਉਸਦੇ ਮਾਤਾ ਜੀ ਸੁਰਜੀਤ ਕੌਰ ਮਾਹਿਲਪੁਰ ਨੇੜੇ ਪੈਂਦੇ ਪਿੰਡ ਬਾਹੋਵਾਲ ਤੋਂ ਸਨ। ਸੁਰਜੀਤ ਕੌਰ ਦੀ ਜਵਾਨੀ ਵਿਚ ਹੀ ਟੈਟਨਸ ਕਾਰਨ ਮ੍ਰਿਤੂ ਹੋ ਗਈ ਸੀ। ਉਸਦੀ ਉਮਰ ਹਾਲੀ 26 ਸਾਲ ਹੀ ਸੀ। ਉਜਲ ਖੁਦ ਛੇ ਸਾਲ ਦਾ ਸੀ। ਉਸਦਾ ਇਕ ਵੱਡਾ ਭਰਾ ਕਮਲ ਤੇ ਦੋ ਭੈਣਾਂ ਹਰਤੀਰਥ ਤੇ ਨਿਰਮਲ ਵੀ ਬਹੁਤ ਛੋਟੀਆਂ ਸਨ। ਟੈਟਨਸ ਦਾ ਪਤਾ ਲਗਦੇ ਸਾਰ ਉਜਲ ਦੇ ਨਾਨਾ ਮੂਲਾ ਸਿੰਘ ਸੁਰਜੀਤ ਕੌਰ ਤੇ ਉਜਲ ਨੂੰ ਬਾਹੋਵਾਲ ਲੈ ਗਏ ਸਨ। ਸੁਰਜੀਤ ਕੌਰ ਦੇ ਚਲਾਣੇ ਤੋਂ ਪਿੱਛੋਂ ਉਜਲ ਨੂੰ ਬਾਹੋਵਾਲ ਹੀ ਪੜ੍ਹਨ ਪਾ ਦਿੱਤਾ ਸੀ। ਉਸਨੇ ਅਪਣੀ ਪ੍ਰਾਇਮਰੀ ਤਕ ਦੀ ਵਿਦਿਆ ਏਥੇ ਹੀ ਪ੍ਰਾਪਤ ਕੀਤੀ।

ਨਾਨਕਿਆਂ ਦਾ ਮਾਹੌਲ ਹਰ ਪੱਖ ਤੋਂ ਅਗਾਂਹ ਵਧੂ ਤੇ ਵਿਦਿਆ ਦੇ ਪਸਾਰੇ ਵਾਲਾ ਸੀ। ਨਾਨਾ ਮੂਲਾ ਸਿੰਘ ਛੇ ਸਾਲ ਚੀਨ ਵਿਚ ਸਿਪਾਹੀ ਰਹਿ ਕੇ ਦੇਸ਼ ਪਰਤ ਆਇਆ ਸੀ। ਨਾਨਾ ਜੀ ਦੇ ਚਾਚਾ ਬੀਰ ਸਿੰਘ ਨੂੰ ਲਾਹੌਰ ਸਾਜ਼ਸ਼ ਕੇਸ ਵਿਚ ਫਾਂਸੀ ਲਾ ਦਿੱਤੀ ਗਈ ਸੀ। ਉਧਰ ਕਾਮਾਗਾਟਾ ਮਾਰੂ ਦੇ ਸਾਕੇ ਨੇ ਸਾਰੇ ਪੰਜਾਬ ਨੂੰ ਜੋਸ਼ ਨਾਲ ਭਰ ਰੱਖਿਆ ਸੀ। ਮੂਲਾ ਸਿੰਘ ਦੇ ਵਾਪਸ ਦੇਸ਼ ਪਰਤਣ ਤਕ ਗੁਰਦਵਾਰਾ ਸੁਧਾਰ ਲਹਿਰ ਜ਼ੋਰਾਂ ਉਤੇ ਸੀ। ਮੂਲਾ ਸਿੰਘ ਨੇ 1921 ਵਿਚ ਨਨਕਾਣਾ ਸਾਹਿਬ ਦੇ ਜੋੜੇ ਮੇਲੇ ਵਿਚ ਭਾਗ ਲਿਆ ਜਿਥੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦੇ ਬੋਲਾਂ ਨੇ ਉਸਨੂੰ ਬੜਾ ਪ੍ਰਭਾਵਤ ਕੀਤਾ। ਵਾਪਸ ਆ ਕੇ ਉਸੇ ਸਾਲ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਉਤੇ ਆਨੰਦਪੁਰ ਦੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਦਾ ਫੈਸਲਾ ਕਰਕੇ ਕੁਝ ਹੀ ਦਿਨਾਂ ਵਿਚ ਮਾਹਿਲਪੁਰ ਦੇ ਇਲਾਕੇ ਤੋਂ ਪਝੰਤਰ ਬੰਦਿਆਂ ਦਾ ਜੱਥਾ ਲੈ ਕੇ 1922 ਦੀ 12 ਜਨਵਰੀ ਨੂੰ ਲੋਹੜੀ ਵਾਲੇ ਦਿਨ ਤਕ ਉਥੋਂ ਦੇ ਸਾਰੇ ਹੀ ਗੁਰਦਵਾਰੇ ਮਹੰਤਾਂ ਕੋਲੋਂ ਖੋਹ ਲਏ।

ਮੂਲਾ ਸਿੰਘ ਨੂੰ ਜਥੇਦਾਰੀ ਤਾਂ ਪਹਿਲੋਂ ਹੀ ਮਿਲੀ ਹੋਈ ਸੀ, ਇਸ ਮੌਕੇ ਉਤੇ ਜਰਨੈਲ ਦੀ ਪਦਵੀ



ਵੀ ਮਿਲ ਗਈ। ਜੋੜ ਮੇਲਾ ਖੂਬ ਭਰਿਆ ਸੀ। ਇਕ ਮਹੀਨੇ ਦੇ ਅੰਦਰ ਅੰਦਰ ਹੀ ਉਨ੍ਹਾਂ ਨੂੰ ਗੁਰਦਵਾਰਿਆਂ 'ਤੇ ਜਬਰੀ ਕਬਜ਼ਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਦੋ ਸਾਲ ਦੀ ਕੈਦ ਦਾ ਹੁਕਮ ਸੁਣਾ ਦਿੱਤਾ ਗਿਆ।

1924 ਵਿਚ ਕੈਦ ਕੱਟ ਕੇ ਪਿੰਡ ਆਏ ਤਾਂ 1925 ਵਿਚ ਗੁਰਦਵਾਰਾ ਐਕਟ ਪਾਸ ਹੋਣ ਨਾਲ ਇਹ ਮਸਲਾ ਤਾਂ ਹੱਲ ਹੋ ਗਿਆ ਪਰ ਦੇਸ਼ ਦੀ ਆਜ਼ਾਦੀ ਦਾ ਵੱਡਾ ਮਸਲਾ ਹਾਲੀ ਵੀ ਪਹਾੜ ਬਣਿਆ ਖੜ੍ਹਾ ਸੀ। ਜਥੇਦਾਰ ਜਰਨੈਲ ਮੂਲਾ ਸਿੰਘ ਏਸ ਪਿੜ ਵਿਚ ਨਿਤਰ ਪਏ। ਇਲਾਕੇ ਵਿਚ ਮੂਲਾ ਸਿੰਘ ਦੀ ਧਾਂਕ ਏਨੀ ਜੰਮ ਚੁੱਕੀ ਸੀ ਕਿ 1938 ਵਿਚ ਪੰਡਤ ਨਹਿਰੂ ਦੀ ਮਾਹਿਲਪੁਰ ਫੇਰੀ ਅਤੇ ਉਨ੍ਹਾਂ ਹੀ ਦਿਨਾਂ ਵਿਚ ਸੁਭਾਸ਼ ਚੰਦਰ ਦੀ ਹੁਸ਼ਿਆਰਪੁਰ, ਮਾਹਿਲਪੁਰ, ਗੜ੍ਹਸ਼ੰਕਰ ਤੇ ਬਲਾਚੌਰ ਦੀ ਫੇਰੀ ਸਮੇਂ ਸਵਾਗਤੀ ਜ਼ਿੰਮੇਵਾਰੀ ਆਪ ਨੂੰ ਹੀ ਸੌਂਪੀ ਗਈ।

ਮੂਲਾ ਸਿੰਘ ਅਗਾਂਹ ਵਧੂ ਬਿਰਤੀ ਦੇ ਮਾਲਕ ਸਨ। ਜਦੋਂ 1941 ਵਿਚ ਭਾਰਤ ਛੱਡੋ ਅੰਦੋਲਨ ਸਮੇਂ ਉਨ੍ਹਾਂ ਨੂੰ ਤਿੰਨ ਸਾਲ ਦੀ ਸਖਤ ਕੈਦ ਹੋਈ ਤਾਂ ਅਪਣੀ ਵੱਡੀ ਧੀ ਸੁਰਜੀਤ ਕੌਰ ਦੀ ਸ਼ਾਦੀ ਉਤੇ ਛੁੱਟੀ ਨਾ ਮਿਲਣ ਤੋਂ ਘਬਰਾਏ ਨਹੀਂ। ਉਹਨਾਂ ਦੇ ਆਦੇਸ਼ ਅਨੁਸਾਰ ਸੁਰਜੀਤ ਕੌਰ ਦੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਇਲਾਕੇ ਦੇ ਦੇਸ਼ ਭਗਤਾਂ ਨੇ ਨਿਭਾਈ। ਉਜਲ ਇਸੇ ਵਿਆਹ ਦੀ ਦੇਣ ਹੈ। ਉਜਲ ਦੇ ਅਜਿਹੇ ਨਾਨੇ ਦਾ ਪ੍ਰਭਾਵ ਤਾਂ ਉਸ ਉਤੇ ਹੋਣਾ ਕੁਦਰਤੀ ਹੀ ਸੀ, ਮਾਤਾ ਸੁਰਜੀਤ ਕੌਰ ਦੀ ਮ੍ਰਿਤੂ ਪਿੱਛੋਂ ਮਾਸੀ ਗੁਰਮੀਤ ਕੌਰ ਦਾ ਮੋਹ ਵੀ ਰੱਜ ਕੇ ਮਿਲਿਆ। ਗੁਰਮੀਤ ਕੌਰ ਪਿੱਛੋਂ ਜਾ ਕੇ ਬੰਬੇਲੀ ਦੇ ਸਰਾਓ ਖਾਨਦਾਨ ਵਿਚ ਹਰਨੌਨਿਹਾਲ ਸਿੰਘ ਨੂੰ ਵਿਆਹੀ ਗਈ। ਤੇ ਗੁਰਮੀਤ ਕੌਰ ਦਾ ਜੀਵਨ ਅਧਿਆਪਨ ਵਿਚ ਲੰਘਿਆ ਅਤੇ ਉਨ੍ਹਾਂ ਦੇ ਪਤੀ ਵੀ 1988 ਵਿਚ ਹੁਸ਼ਿਆਰਪੁਰ ਦੇ ਘੰਟਾ ਘਰ ਵਾਲੇ ਸਕੂਲ ਤੋਂ ਹੈਡਮਾਸਟਰ ਵਜੋਂ ਸੇਵਾ ਮੁਕਤ ਹੋਏ।

ਭਾਵੇਂ ਉਜਲ ਮਾਂ ਦੀ ਮਮਤਾ ਤੋਂ ਵਾਂਝਾ ਰਿਹਾ ਸੀ, ਪਰ ਉਸਨੂੰ ਪਾਲਣ ਤੇ ਪਿਆਰ ਕਰਨ ਵਾਲੇ ਜੀਆਂ ਦਾ ਘਾਟਾ ਨਹੀਂ ਸੀ। ਉਸਦੇ ਤਾਏ ਦੀਆਂ ਤਿੰਨ ਧੀਆਂ, ਹਰਬੰਸ ਕੌਰ, ਬਖਸ਼ੀਸ਼ ਕੌਰ ਤੇ ਗੁਰਮੀਤ ਕੌਰ ਉਸਨੂੰ ਵੱਡੀਆਂ ਭੈਣਾਂ ਵਾਲਾ ਪਿਆਰ ਦਿੰਦੀਆਂ ਸਨ। ਪਰ ਮਾਂ ਦੀ ਥਾਂ ਉਸਦੀ ਮਾਸੀ ਗੁਰਮੀਤ ਕੌਰ ਕੋਲ ਹੀ ਰਹੀ। ਉਹ ਆਪਣੇ ਤੋਂ ਵੱਡੀ ਭੈਣ ਦੇ ਬੱਚਿਆਂ ਕੋਲ ਦੁਸਾਂਝ ਕਲਾਂ ਹੀ ਰਹਿਣ ਲੱਗੀ। ਦੁਸਾਂਝ ਕਲਾਂ ਦੇ ਗੁਰੂ ਹਰਿ ਰਾਇ ਗਰਲ ਸਕੂਲ ਵਿਚ ਹੀ ਉਜਲ ਨੂੰ 'ਕਮਲਾ ਜਿਹਾ' ਕਹਿਣ ਵਾਲੀ ਬੀਬੀ ਭਗਵੰਤ ਕੌਰ ਉਸਦੀ ਉਸਤਾਨੀ ਸੀ ਜਿਹੜੀ ਬੱਚਿਆਂ ਨਾਲ ਪਿਆਰ ਤੇ ਸਖਤੀ ਵਰਤਣ ਲਈ ਪ੍ਰਸਿੱਧ ਸੀ।

ਉਜਲ ਦਾ ਪਿਤਾ ਪ੍ਰੀਤਮ ਸਿੰਘ ਵੀ ਪਿੰਡ ਦੇ ਹਾਈ ਸਕੂਲ ਵਿਚ ਅਧਿਆਪਕ ਸੀ। ਪਿਤਾ ਦੀ ਜਵਾਨੀ ਦੇ ਕਾਰਜ ਕਾਲ ਵਿਚ ਕਾਂਗਰਸ ਦਾ ਬੋਲ ਬਾਲਾ ਸੀ। ਜਿੱਥੇ ਨਾਨਾ ਮੂਲਾ ਸਿੰਘ ਦੇਸ਼ ਦੀ ਸੁੰਤਤਰਤਾ ਦੇ ਘੋਲ ਵਿਚ ਗੁਰਦਵਾਰਾ ਸੁਧਾਰ ਲਹਿਰ ਦੁਆਰਾ ਆਇਆ ਸੀ, ਮਾਸਟਰ ਪ੍ਰੀਤਮ ਸਿੰਘ ਸਿੱਧਾ ਕਾਂਗਰਸ ਪਾਰਟੀ ਰਾਹੀਂ। ਉਜਲ ਦੀ ਉਮਰ ਦੇ ਵਿਕਾਸੀ ਵਰ੍ਹਿਆਂ ਵਿਚ ਉਸ ਉਤੇ ਇਨ੍ਹਾਂ ਦੋਵੇਂ ਮੁੱਖ ਧਾਰਾਵਾਂ ਦਾ ਪ੍ਰਭਾਵ ਹੋਣਾ ਕੁਦਰਤੀ ਸੀ।

ਉਜਲ ਦਾ ਪਾਲਣ ਪੋਸਣ ਤੇ ਪਿਛੋਕੜ ਪੰਜਾਬ ਵਿਚ ਸਾਂਝੀਆਂ ਪਰਿਵਾਰਕ ਤੰਦਾਂ ਦਾ ਲਖਾਇਕ ਹੈ। ਜੇ ਮਾਸੀਆਂ ਤੋਂ ਮਮਤਾ ਦੀ ਦਾਤ ਮਿਲੀ ਤਾਂ ਤਾਏ ਜੁਗਿੰਦਰ ਸਿੰਘ ਦੇ ਪਰਿਵਾਰ ਲਈ ਵੀ ਉਹ ਦੁਪਿਆਰਾ ਨਹੀਂ ਸੀ। ਪਿਤਾ ਪ੍ਰੀਤਮ ਸਿੰਘ ਤੇ ਤਾਇਆ ਜੁਗਿੰਦਰ ਸਿੰਘ ਦਾ ਵੰਡਿਆ ਹੀ ਕੀ ਸੀ? ਛੋਟਾ ਭਰਾ ਬਾਹਰਲਾ ਕੰਮ ਦੇਖਦਾ ਸੀ ਤੇ ਵੱਡਾ ਖੇਤੀ ਬਾੜੀ। ਪੰਜਾਬ ਵਿਚ ਸਾਂਝੀ ਪਰਿਵਾਰਕ ਪ੍ਰਣਾਲੀ ਵਾਲੀਆਂ ਇਹ ਤੰਦਾਂ ਹੁਣ ਟੁੱਟ ਰਹੀਆਂ ਹਨ।

ਸਮੇਂ ਨਾਲ ਉਜਲ ਦਾ ਨਾਨਕਾ ਤੇ ਦਾਦਕਾ ਪਰਿਵਾਰ ਸਾਰੇ ਦਾ ਸਾਰਾ ਇਕ ਇਕ ਕਰਕੇ ਇੰਗਲੈਂਡ, ਅਮਰੀਕਾ ਤੇ ਕੈਨੇਡਾ ਜਾ ਵਸਿਆ ਹੈ। ਉਜਲ ਦੇ ਨਾਨਕੇ ਘਰ ਕੋਈ ਹੋਰ ਰਹਿੰਦਾ ਹੈ ਤੇ ਦਾਦਕੇ ਘਰ ਇਕ ਸਲੋਤਰੀ। ਏਥੋਂ ਤਕ ਕਿ ਮਾਸੀ ਗੁਰਮੀਤ ਕੌਰ ਵੀ ਰਿਟਾਇਰਮੈਂਟ ਲੈ ਕੇ ਆਪਣੇ ਪੁੱਤਰਾਂ ਅਮਨਪਾਲ ਸਾਰਾ ਅਤੇ ਅਨੰਦਪਾਲ ਸਾਰਾ ਕੋਲ ਚਲੇ ਗਈ ਹੈ। ਭਾਵੇਂ ਹੁਸ਼ਿਆਰਪੁਰ ਦੇ ਸੈਸ਼ਨ ਚੌਕ ਵਿਚ ਉਸਦੇ ਪਤੀ ਹਰਨੌਨਿਹਾਲ ਸਿੰਘ ਦੀ ਬਹੁਤ ਵੱਡੀ ਕੋਠੀ ਹੈ ਪਰ ਇਸ ਕੋਠੀ ਨੂੰ ਇਸ ਪਰਿਵਾਰ ਦੀ ਰੌਣਕ ਕਦੇ ਕਦਾਈਂ ਹੀ ਮਿਲਦੀ ਹੈ। ਇਹ ਸਬੱਬ ਦੀ ਗੱਲ ਹੈ ਕਿ ਜਦੋਂ ਮੈਂ ਉਹਨਾਂ ਨੂੰ ਮਿਲਣ ਗਿਆ ਤਾਂ ਉਹ ਦੋਵੇਂ ਘਰ ਹੀ ਸਨ। ਇਹ ਵੀ ਸਬੱਬ ਹੀ ਸਮਝੋ ਕਿ ਮੇਰੇ ਨਾਲ ਮੇਰਾ ਮਿੱਤਰ ਨਵਜੀਤ ਜੌਹਲ ਵੀ ਸੀ। ਗੱਲਾਂ ਗੱਲਾਂ ਵਿਚ ਜਦੋਂ ਬੀਬੀ ਗੁਰਮੀਤ ਨੂੰ ਪਤਾ ਲੱਗਿਆ ਕਿ ਨਵਜੀਤ ਉਸਦੀ ਉਸਤਾਨੀ ਭਗਵੰਤ ਕੌਰ ਦਾ ਪੁੱਤਰ ਹੈ ਤਾਂ ਉਸਨੇ ਇਕ ਦਮ ਨਵਜੀਤ ਨੂੰ ਜੱਫੀ ਵਿਚ ਲੈ ਲਿਆ। ਮੈਂ ਦੇਖਿਆ ਕਿ ਬੀਬੀ ਗੁਰਮੀਤ ਕੌਰ ਦੀਆਂ ਅੱਖਾਂ ਵਿਚ ਨਮੀ ਸੀ ਜਿਵੇਂ ਨਵਜੀਤ ਦੀ ਮਾਂ ਤੋਂ ਮਿਲੇ ਪਿਆਰ ਤੇ ਸਖਤੀ ਦਾ ਰਿਣ ਚੁਕਾ ਰਹੀ ਹੋਵੇ।

ਇਹ ਸਭ ਗੱਲਾਂ ਪੰਜਾਬ ਦੀ ਪੇਂਡੂ ਜੱਟ ਪ੍ਰਣਾਲੀ ਦੇ ਉਜਲੇ ਪੱਖ ਪੇਸ਼ ਕਰਦੀਆਂ ਹਨ। ਪਰਿਵਾਰਾਂ ਦੀਆਂ ਇਹ ਤੰਦਾਂ ਅਤੇ ਮੋਹ ਮਮਤਾ ਦੇ ਇਹ ਆਧਾਰ ਪੰਜਾਬੀਆਂ ਦੀ ਸ਼ਖਸੀਅਤ ਉਸਾਰੀ ਵਿਚ ਕੀ ਹਿੱਸਾ ਪਾਉਂਦੇ ਹਨ ਇਸ ਤੱਥ ਨੂੰ ਜਾਨਣ ਲਈ ਉੱਜਲ ਦੁਸਾਂਝ ਨੂੰ ਜਾਨਣਾ ਹੋਰ ਵੀ ਜ਼ਰੂਰੀ ਹੈ।

★★★

ਬੀਬੀ ਭਗਵੰਤ ਕੌਰ ਦੇ ਸ਼ਬਦਾਂ ਵਿਚ ''ਅਹਿ ਕਰੂੰਗਾ, ਅਹੁ ਕਰੂੰਗਾ'' ਕਹਿਣ ਵਾਲਾ ''ਕਮਲਾ ਜਿਹਾ'' ਉਜਲ ਹਰ ਕੰਮ ਵਿਉਂਤਬੰਦੀ ਨਾਲ ਕਰਦਾ ਹੈ। ਉਹ ਵੈਨਕੂਵਰ ਤੋਂ ਨਵੀਂ ਦਿੱਲੀ ਨੂੰ ਫਲਾਈਟ ਲੈਣ ਤੋਂ ਹਫਤਾ ਪਹਿਲਾਂ ਆਪਣੇ ਸਭ ਦੋਸਤਾਂ ਨੂੰ ਆਪਣੇ ਹੱਥ ਨਾਲ ਚਿੱਠੀਆਂ ਲਿਖ ਕੇ ਆਪਣੀ ਆਮਦ ਦੀ ਖਬਰ ਦਿੰਦਾ ਹੈ। ਹਰ ਕਿਸੇ ਦੇ ਕੰਮ ਆਉਣ ਦੀ ਇੱਛਾ ਤੋਂ ਇਲਾਵਾ ਉਸਦੇ ਮਨ ਵਿਚ ਆਪਣੀਆਂ ਪ੍ਰਾਪਤੀਆਂ ਦਾ ਸੰਚਾਰ ਵੀ ਭਾਰੂ ਹੁੰਦਾ ਹੈ। ਹੁਣ ਉਸਦਾ ਬ੍ਰਿਟਿਸ਼ ਕੋਲੰਬੀਆ ਵਰਗੇ ਉਸ ਰਾਜ ਦਾ ਪ੍ਰਧਾਨ ਮੰਤਰੀ ਬਣਨਾ, ਜਿਥੋਂ ਦੀ ਸਰਕਾਰ ਨੇ ਇਸੇ ਸ਼ਤਾਬਦੀ ਦੇ ਸ਼ੁਰੂ ਵਿਚ ਭਾਰਤੀ ਵਸੋਂ ਦੇ ਨਾਗਰਿਕਾਂ ਨੂੰ ਦੋ ਮਹੀਨੇ ਸਮੁੰਦਰ ਵਿਚ ਹੀ ਖਲ੍ਹਿਆਰੀ ਰੱਖਿਆ ਸੀ ਅਤੇ ਉਹਨਾਂ ਦੇ ਜਹਾਜ਼ ਕਾਮਾਗਾਟਾ ਮਾਰੂ ਨੂੰ ਬੰਦਰਗਾਹ ਉਤੇ ਲਗਣ ਤਕ ਦੀ ਅਗਿਆ ਨਹੀਂ ਸੀ ਦਿੱਤੀ, ਉਸਦੀ ਜਨ ਸੰਪਰਕ ਬਿਰਤੀ ਅਤੇ ਪਹੁੰਚ ਕਾਰਨ ਵੀ ਹੈ। ਉਸਦਾ ਖਲੂਸ ਤੇ ਸਲੀਕਾ ਮੋਹਣ ਵਾਲੇ ਹਨ ਅਤੇ ਨਿਡਰਤਾ ਮਾਣ ਕਰਨ ਵਾਲੀ।

ਉਸਦੇ ਸਲੀਕੇ ਦੀ ਸਿਖਰ ਇਹ ਵੀ ਹੈ ਕਿ ਉਹ ਕਿਸੇ ਦੂਰ ਵਸੇਂਦੇ ਜਾਂ ਚਿਰੀਂ-ਮਿਲੇ ਨੂੰ ਇਹ ਯਾਦ ਕਰਾਉਣਾ ਜ਼ਰੂਰੀ ਸਮਝਦਾ ਹੈ ਕਿ ਉਹ ਉਸ ਨੂੰ ਪਹਿਲੀ ਵਾਰ ਕਿੱਥੇ ਮਿਲਿਆ ਸੀ। ਉਸਦੀ ਸੱਜਰੀ ਭਾਰਤ ਫੇਰੀ ਹੁਣ ਢਾਈ ਸਾਲ ਪੁਰਾਣੀ ਹੋ ਚੁੱਕੀ ਹੈ। ਇਸ ਫੇਰੀ ਸਮੇਂ ਉਹ ਅਪਣੀ ਸਰਕਾਰ ਦਾ ਅਟਾਰਨੀ ਜਨਰਲ ਸੀ ਤੇ ਇਸ ਤੋਂ ਪਹਿਲਾਂ ਮੈਨੂੰ ਦੋ ਵਾਰ ਮਿਲ ਚੁੱਕਾ ਸੀ। ਫੇਰ ਵੀ ਮਿਲਦੇ ਸਾਰ ਕਹਿਣ ਲੱਗਿਆ 'ਆਪਾਂ 'ਸਿਰਜਣਾ' ਵਾਲੇ ਰਘਬੀਰ ਸਿੰਘ ਦੇ ਘਰ ਮਿਲ ਚੁੱਕੇ ਹਾਂ'। ਮੈਨੂੰ, ਜਿਹੜਾ ਹਰ ਚਿਹਰੇ ਨੂੰ ਭੁੱਲ ਜਾਂਦਾ ਹੈ, ਉਸਦੀ ਇਹ ਗੱਲ ਬੜੀ ਚੰਗੀ ਲੱਗੀ ਤੇ ਮੈਂ ਵੀ ਤੁਰੰਤ ਉਤਰ ਦਿੱਤਾ, 'ਉਸ ਤੋਂ ਪਹਿਲਾਂ 'ਪੰਜਾਬੀ ਟ੍ਰਿਬਿਊਨ', ਦੇ ਦਫਤਰ ਵਿਚ ਵੀ। 'ਫੇਰ ਸਾਨੂੰ ਦੋਹਾਂ ਨੂੰ ਹਾਸਾ ਆ ਗਿਆ ਤੇ ਅਸੀਂ ਇਕ ਦੂਜੇ ਨੂੰ ਜੱਫੀ ਪਾ ਲਈ। ਆਪਣੀ ਸੱਜਰੀ ਫੇਰੀ ਸਮੇਂ ਸਰਕਾਰੀ ਡੈਲੀਗੇਸ਼ਨ ਦਾ ਮੈਂਬਰ ਸੀ ਜਿਸ ਵਿਚ ਬੀ.ਸੀ. ਦੇ ਦੂਜੇ ਪੰਜਾਬੀ ਵਿਧਾਇਕ ਮੋਅ ਸਹੋਤਾ ਅਤੇ ਹੈਰੀ ਲਾਲੀ ਵੀ ਸ਼ਾਮਲ ਸਨ। ਇਹ ਡੈਲੀਗੇਸ਼ਨ ਕਿਸੇ ਤਿਜਾਰਤੀ ਅਹਿਦਨਾਮੇ ਦੀ ਝਾਕ ਵਿਚ ਸੀ। ਭਾਵੇਂ ਅਹਿਦਨਾਮੇ ਵਿਚ



ਮੇਰਾ ਜਾਂ ਰਘਬੀਰ ਦਾ ਕੋਈ ਦਖਲ ਨਹੀਂ ਸੀ ਤੇ ਨਾ ਹੀ ਹੋ ਸਕਦਾ ਸੀ ਪਰ ਉਜਲ ਸਾਡੇ ਦੋਹਾਂ ਪਰਿਵਾਰਾਂ ਨੂੰ ਮਾਊਂਟਵੀਊ ਵਿਚ ਡੈਲੀਗੇਸ਼ਨ ਵੱਲੋਂ ਦਿੱਤੀ ਰਿਸੈਪਸ਼ਨ ਵਿਚ ਬੁਲਾਉਣਾ ਨਹੀਂ ਸੀ ਭੁੱਲਿਆ।

ਉਜਲ ਦੁਸਾਂਝ ਜਦੋਂ ਵੀ ਮਿਲਿਆ ਹੈ, ਇਕੱਲਾ ਹੀ ਮਿਲਿਆ ਹੈ। ਉਸਦੀ ਮੜੈਲ ਪਤਨੀ ਰਵਿੰਦਰ ਤੇ ਉਸਦੇ ਬੱਚੇ ਉਸਦੇ ਨਾਲ ਨਹੀਂ ਸਨ ਆਏ ਹੋਏ। ਐਪਰ ਉਸਦੇ ਖਲੂਸ ਤੇ ਸਲੀਕੇ ਦੀ ਇਕ ਮਿਸਾਲ ਇਹ ਵੀ ਹੈ ਕਿ ਜਦੋਂ 1997 ਵਿਚ ਮੇਰੀ ਪਤਨੀ ਸੁਰਜੀਤ ਵੈਨਕੂਵਰ ਗਈ ਤਾਂ ਪਤਾ ਲੱਗਣ ਉਤੇ ਉਸਨੇ ਮੇਰੀ ਪਤਨੀ ਤੇ ਵੈਨਕੂਵਰ ਵਿਚ ਹੀ ਵਿਆਹੀ ਮੇਰੀ ਭਤੀਜੀ ਨੂੰ ਆਪਣੇ ਘਰ ਸੱਦ ਕੇ ਆਪਣੀ ਪਤਨੀ ਨਾਲ ਮਿਲਾਇਆ। ਉਸਦੀ ਪਤਨੀ ਰਵਿੰਦਰ ਕੌਰ ਸੋਸ਼ਲ ਐਕਟਿਵਿਸਟ ਹੈ ਤੇ ਉਸਦਾ ਮੁੱਖ ਸਰੋਕਾਰ ਏਸ਼ੀਆਈ ਔਰਤਾਂ ਦੀਆਂ ਮੁਸ਼ਕਲਾਂ ਹੱਲ ਕਰਨਾ ਤੇ ਕਰਾਉਣਾ ਹੈ। ਮੇਰੀ ਪਤਨੀ ਨੂੰ, ਜਿਹੜੀ ਖੁਦ ਸਵੈ- ਸੇਵੀ ਸੰਸਥਾਵਾਂ ਦੇ ਕੰਮ ਤੁਰੀ ਰਹਿੰਦੀ ਹੈ, ਸ੍ਰੀਮਤੀ ਦੁਸਾਂਝ ਨੇ ਮੋਹ ਲਿਆ। ਉਹ ਏਸ਼ੀਆਈ ਕੁੜੀਆਂ ਨੂੰ ਆਪਣੇ ਮਾਪਿਆਂ ਤੇ ਸਹੁਰਿਆਂ ਤੋਂ ਆਪਣੇ ਹੱਕ ਮੰਗਣ ਦੀਆਂ ਸਲਾਹਾਂ ਵੀ ਦਿੰਦੀ ਹੈ ਜਿਹੜੀਆਂ ਪੁਰਾਣੀ ਪੀੜ੍ਹੀ ਦੇ ਮਾਪਿਆਂ/ਸਹੁਰਿਆਂ ਨੂੰ ਕੌੜੀਆਂ ਵੀ ਲਗਦੀਆਂ ਹਨ। ਇਸਦੇ ਨਾਲ ਹੀ ਉਹ ਆਪਣਾ ਘਰ ਵੀ ਸਾਂਭਦੀ ਹੈ। ਗੱਲਾਂ ਕਰਦੀ ਹੈ, ਟੈਲੀਫੋਨ ਸੁਣਦੀ ਹੈ ਤੇ ਚਾਹ ਨਾਲ ਖਾਣ ਲਈ ਪਕੌੜੇ ਖੁਦ ਬਣਾਉਂਦੀ ਹੈ। ਭਾਈਚਾਰਕ ਤੇ ਪਰਿਵਾਰਕ ਨੇੜਤਾ ਵਧਾਉਣ ਲਈ ਦੁਸਾਂਝ-ਜੋੜੀ ਨੇ ਮੇਰੀ ਪਤਨੀ ਤੇ ਭਤੀਜੀ ਨੂੰ ਉਦੋਂ ਤਕ ਨਹੀਂ ਸੀ ਵਿਦਾ ਕੀਤਾ ਜਦੋਂ ਤਕ ਬਾਹਰੋਂ ਆਉਣ ਵਾਲੇ ਆਪਣੇ ਬੱਚਿਆਂ ਨੂੰ ਨਹੀਂ ਮਿਲਾ ਦਿੱਤਾ।

ਨੌਜਵਾਨ ਉਜਲ ਨੂੰ ਅਜੋਕੀ ਮੰਜ਼ਲ ਸਿੱਧੀ ਨਹੀਂ ਮਿਲੀ। ਉਹ ਆਪਣੇ ਪਿੰਡ ਦੇ ਹਾਈ ਸਕੂਲ ਤੋਂ ਮੈਟਰਿਕ ਕਰਕੇ 1965 ਵਿਚ ਯੂ. ਕੇ. ਗਿਆ ਤੇ 1968 ਵਿਚ ਉਥੋਂ ਕੈਨੇਡਾ। ਕੈਨੇਡਾ ਦੀ ਵੀ ਉਸ ਧਰਤੀ ਉਤੇ ਜਿਸਦੇ ਨਾਲ ਲਗਦੇ ਪਾਣੀਆਂ ਵਿਚ ਕਾਮਾਗਾਟਾ ਮਾਰੂ ਦੇ ਮੁਸਾਫਰ ਆਪਣੀਆਂ ਕਾਮਨਾਵਾਂ ਡੋਲ੍ਹ ਕੇ ਵਾਪਸ ਹਿੰਦੁਸਤਾਨ ਪਰਤ ਗਏ ਸਨ। ਆਪਣੀ ਮਰਜ਼ੀ ਨਾਲ ਨਹੀਂ ਉਥੋਂ ਦੀ ਸਰਕਾਰ ਦੀਆਂ ਤਰਕਹੀਣ ਦਲੀਲਾਂ, ਬੇਰੁਖੀ ਤੇ ਜ਼ੁਲਮਾਂ ਕਾਰਨ। ਇਨ੍ਹਾਂ ਪਉਣਾਂ ਵਿਚ ਸਰਹਾਲੀ ਦੇ ਬਾਬਾ ਗੁਰਦਿੱਤ ਸਿੰਘ, ਰੱਜੇ ਪੁੱਜੇ ਜ਼ਿਮੀਦਾਰ ਜਵਾਲਾ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ ਤੇ ਲਾਲ ਹਰਦਿਆਲ ਵਰਗਿਆਂ ਦੇ ਸਾਹ ਵੀ ਘੁਲੇ ਹੋਏ ਸਨ। ਜਿਨ੍ਹਾਂ ਦੀ ਵਿਥਿਆ ਉਹ ਆਪਣੇ ਨਾਨਾ ਮੂਲਾ ਸਿੰਘ ਤੋਂ ਆਪਣੇ ਨਾਨਕੇ ਪਿੰਡ ਬਾਹੋਵਾਲ ਰਹਿੰਦਿਆਂ ਸੁਣਦਾ ਆਇਆ ਸੀ।

ਸ਼ਾਇਦ ਹੀ ਕੋਈ ਪੰਜਾਬੀ ਅਜਿਹਾ ਹੋਵੇ ਜਿਸਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਹੋਣੀ ਅਤੇ 1913 ਵਿਚ ਜਨਮੀ ਗ਼ਦਰ ਪਾਰਟੀ ਦੀ ਹੋਂਦ ਦਾ ਪਤਾ ਨਾ ਹੋਵੇ। ਸਾਕਾ ਕਾਮਾਗਾਟਾ ਮਾਰੂ ਪੰਜਾਬੀਆਂ ਦੇ ਵੱਡੇ ਵਡੇਰਿਆਂ ਨੂੰ ਜੀਵਨ ਦੇ ਨਵੇਂ ਦਿੱਸ-ਹੱਦਿਆਂ ਦੀ ਭਾਲ ਵਿਚ ਕੈਨੇਡਾ ਪਹੁੰਚਾਣ ਦਾ ਵਿਉਂਤਬਧ ਯਤਨ ਸੀ। ਕਾਮਾਗਾਟਾ ਮਾਰੂ ਉਸ ਜਹਾਜ਼ ਦਾ ਨਾਂ ਸੀ ਜਿਸ ਵਿਚ ਸਵਾਰ ਹੋ ਕੇ ਉਹ ਵੈਨਕੂਵਰ ਦੀ ਬੰਦਰਗਾਹ ਉਤੇ ਪਹੁੰਚੇ ਸਨ। ਸਰਹਾਲੀ (ਅੰਮ੍ਰਿਤਸਰ) ਦੇ ਅਮੀਰ ਪੰਜਾਬੀ, ਗੁਰਦਿੱਤ ਸਿੰਘ ਨੇ ਇਹ ਜਹਾਜ਼ ਜਾਪਾਨ ਤੋਂ ਕਿਰਾਏ ਉਤੇ ਲਿਆ ਸੀ ਤੇ ਇਸਦਾ ਖਰਚਾ-ਵਰਚਾ ਚੁੰਗੀ ਮਸੂਲ ਸਭ ਉਤਾਰੇ ਹੋਏ ਸਨ। ਕੋਈ ਕਾਨੂੰਨ ਇਸਨੂੰ ਬੰਦਰਗਾਹ ਉਤੇ ਲੱਗਣੋਂ ਰੋਕ ਨਹੀਂ ਸੀ ਸਕਦਾ। ਪਰ ਸਰਕਾਰ ਨੇ ਇਸਨੂੰ ਰੋਕਿਆ ਹੀ ਨਹੀਂ ਇਸਦੇ ਮੁਸਾਫਰਾਂ ਨੂੰ ਸਮੁੰਦਰ ਦੇ ਪਾਣੀਆਂ ਵਿਚ ਡੱਕ ਕੇ ਇਥੇ ਰਸਦ ਪਾਣੀ ਪਹੁੰਚਾਣ ਵਿਚ ਵੀ ਵਿਘਨ ਪਾਇਆ ਸੀ। ਇਸਦੇ ਮੁਸਾਫਰ ਇਥੋਂ ਦੇ ਪਾਣੀਆਂ ਵਿਚ ਹੀ ਖੱਜਲ ਨਹੀਂ ਸੀ ਹੋਏ ਉਨ੍ਹਾਂ ਨੂੰ ਵਾਪਸ ਗਿਆਂ ਨੂੰ ਕਲਕੱਤਾ ਦੀ ਬਜਬਜ ਘਾਟ ਉਤੇ ਵੀ ਸਰਕਾਰੀ ਜਬਰ ਸਹਿਣਾ ਪਿਆ ਤੇ ਅੰਤਾਂ ਦਾ ਖੁਆਰ ਹੋਣਾ ਪਿਆ ਸੀ।

ਸਾਕਾ ਕਾਮਾਗਾਟਾ ਮਾਰੂ ਤੇ 1913 ਵਿਚ ਗ਼ਦਰ ਪਾਰਟੀ ਦਾ ਹੋਂਦ ਵਿਚ ਆਉਣਾ ਭਾਰਤ ਦੀ ਸੁਤੰਤਰਤਾ ਲਹਿਰ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਘਟਨਾਵਾਂ ਹਨ। ਕਿਸੇ ਵੀ ਹੋਰ ਸਥਿਤੀ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝ ਦਾ ਅਜਿਹਾ ਮੇਲ ਤੇ ਏਕਾ ਨਹੀਂ ਹੋਇਆ। ਤੇ ਨਾ ਹੀ ਕਿਧਰੇ ਹੋਰ ਕਲਮਾਂ ਵਾਲੇ ਬੰਦੂਕਧਾਰੀਆਂ ਦੇ ਸੱਦੇ ਉਤੇ ਏਸ ਤਰ੍ਹਾਂ ਨਿੱਤਰ ਕੇ ਆਏ ਹਨ। ਲੱਖਾਂ ਦੀ ਗਿਣਤੀ ਵਿਚ ਛਪਦੇ 'ਗ਼ਦਰ' ਨਾਂ ਦੇ ਪਰਚੇ ਵਿਚ ਛਪਣ ਵਾਲੇ ਦੋਹਰੇ, ਬੈਂਤ ਤੇ ਕਬਿੱਤ ਇਸ ਗੱਲ ਦੇ ਗਵਾਹ ਹਨ।

ਇਸ ਵਿਰਸੇ ਵਾਲੇ ਤੇ ਅਧਿਆਪਨ ਵਿਚ ਰੁੱਝੇ ਨਾਨਕੇ ਦਾਦਕਿਆਂ ਵਿਚੋਂ ਉਠ ਕੇ ਗਏ ਨੌਜਵਾਨ ਉਜਲ ਦੇ ਮਨ ਵਿਚ ਵੈਨਕੂਵਰ ਦੇ ਪਉਣ ਪਾਣੀ ਤੇ ਚੌਗਿਰਦੇ ਵਿਚ ਪੈਰ ਰੱਖਣ ਸਮੇਂ ਕਿਹੋ ਜਿਹੀ ਭਾਵਨਾ ਪੈਦਾ ਹੋਈ ਹੋਵੇਗੀ ਉਸਦਾ ਸੱਚ ਤਾਂ ਉਸਨੂੰ ਦੁਬਾਰਾ ਮਿਲ ਕੇ ਹੀ ਜਾਣਿਆ ਜਾ ਸਕਦਾ ਹੈ। ਹਾਲ ਦੀ ਘੜੀ ਤਾਂ ਏਨੀ ਗੱਲ ਹੀ ਨੋਟ ਕਰਨ ਵਾਲੀ ਹੈ ਕਿ ਉਸਨੇ ਇਸ ਧਰਤੀ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਸਮੇਂ ਇਸਨੂੰ ਕਾਮਾਗਾਟਾ ਮਾਰੂ ਦੇ ਦੇਸ਼ ਭਗਤਾਂ ਪ੍ਰਤੀ ਸ਼ਰਧਾਂਜਲੀ ਕਿਹਾ ਸੀ।

ਉਜਲ ਦੁਸਾਂਝ ਦਲੇਰ ਹੀ ਨਹੀਂ, ਤਰਕ ਤੇ ਦਲੀਲ ਦਾ ਦਾਸ ਵੀ ਹੈ। ਉਹ ਅਤਿਵਾਦੀ ਅੰਸਰਾਂ ਦੇ ਕਦੀ ਵੀ ਹੱਕ ਵਿਚ ਨਹੀਂ ਸੀ। ਪਰ ਉਸਨੂੰ ਆਪਣੇ ਖ਼ੂਨ ਦੀ ਏਨੀ ਕੁ ਜਾਣਕਾਰੀ ਜ਼ਰੂਰ ਸੀ ਕਿ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਰਿਮੰਦਰ ਸਾਹਿਬ ਵਿਖੇ ਨੀਲਾ ਤਾਰਾ ਅਪ੍ਰੇਸ਼ਨ ਕਰਵਾਇਆ ਤਾਂ ਉਜਲ ਉਸਦੇ ਸੰਭਵ ਨਤੀਜਿਆਂ ਤੋਂ ਭਲੀਭਾਂਤ ਜਾਣੂ ਸੀ। ਤੇ ਜਦੋਂ ਉਸਨੇ ਇਕ ਖਤ ਰਾਹੀਂ ਇੰਦਰਾ ਗਾਂਧੀ ਨੂੰ ਇਸ ਬਾਰੇ ਲਿਖਿਆ ਤਾਂ ਉਸਦੇ ਉਤਰ ਵਿਚ ਸ੍ਰੀਮਤੀ ਗਾਂਧੀ ਨੂੰ ਪੂਰੇ ਦੋ ਸਫੇ ਦਾ ਸਪਸ਼ਟੀਕਰਨ ਦੇਣਾ ਪਿਆ ਸੀ। ਉਂਝ ਕਿਸੇ ਪੰਜਾਬੀ ਦਾ ਕੈਨੇਡਾ ਜਾਂ ਹੋਰ ਬਾਹਰਲੇ ਦੇਸ਼ਾਂ ਦੀਆਂ ਪਾਰਲੀਮੈਂਟਾਂ ਜਾਂ ਅਸੈਂਬਲੀਆਂ ਦਾ ਮੈਂਬਰ ਹੋਣਾ ਕੋਈ ਨਿਵੇਕਲੀ ਗੱਲ ਨਹੀਂ। ਕੈਨੇਡਾ ਦੀ ਫੈਡਰਲ ਪਾਰਲੀਮੈਂਟ ਵਿਚ ਬੀ. ਸੀ. ਵਿਚੋਂ ਹਰਬ ਧਾਰੀਵਾਲ ਤੇ ਗਰੇਵਾਲ ਮੈਂਬਰ ਹਨ। ਬੀ. ਸੀ. ਵਿਚ ਹੀ ਹੈਰੀ ਲਾਲੀ ਤੇ ਮੋਅ ਸਹੋਤਾ ਮੰਤਰੀ ਦੀ ਪਦਵੀ ਪ੍ਰਾਪਤ ਕਰ ਚੁੱਕੇ ਹਨ। ਐਲਬਰਟਾ ਵਿਚ ਪ੍ਰੋਫੈਸਰ ਰਾਜ ਪੰਨੂ ਅਸੈਂਬਲੀ ਦੇ ਮੈਂਬਰ ਹਨ। ਓਨਟਾਰੀਓ ਵਿਚ ਗੁਰਬਖਸ਼ ਮੱਲ੍ਹੀ ਤੇ ਰਮਿੰਦਰ ਗਿੱਲ ਨੂੰ ਪ੍ਰਸਿੱਧੀ ਮਿਲ ਚੁੱਕੀ ਹੈ। ਐਪਰ,ਉਜਲ ਦੁਸਾਂਝ ਦੀ ਪ੍ਰਾਪਤੀ ਇਨ੍ਹਾਂ ਸਭ ਤੋਂ ਵੱਖਰੀ ਹੈ। ਉਸਦੀ ਰਾਜਨੀਤਕ ਜਿਤ ਉਤੇ ਸਮੁੱਚਾ ਏਸ਼ੀਅਨ ਭਾਈਚਾਰਾ ਮਾਣ ਕਰੇ ਨਾ ਕਰੇ ਪੰਜਾਬੀਆਂ ਲਈ ਇਹ ਪ੍ਰਾਪਤੀ ਬਹੁਤ ਵੱਡੀ ਹੈ।

ਕਾਮਾਗਾਟਾ ਮਾਰੂ ਵਾਲੇ ਸਾਕੇ ਦਾ ਵਿਸਤਾਰ ਤੇ ਪਾਸਾਰ ਜਲ੍ਹਿਆਂਵਾਲਾ ਬਾਗ ਦੇ ਸਾਕੇ ਨਾਲ ਦਾ ਨਾ ਹੁੰਦਾ ਹੋਇਆ ਵੀ ਮਹੱਤਵ ਵਿਚ ਕੋਈ ਘੱਟ ਨਹੀਂ ਸੀ ਤੇ ਇਸੇ ਕਾਰਨ ਉਜਲ ਦੁਸਾਂਝ ਦੀ ਪ੍ਰਾਪਤੀ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਤੇ ਦੇਸ਼ ਭਗਤਾਂ ਪ੍ਰਤੀ ਇਕ ਅਦੁਤੀ ਤੇ ਲਾਸਾਨੀ ਸ਼ਰਧਾਂਜਲੀ ਹੈ ਜਿਹੜੀ ਉਸਦੇ ਮਨ ਵਿਚ ਅਚੇਤ ਹੀ ਵਸ ਰਹੀ ਹੈ। ਇਸ ਵਿਚ ਬੀਬੀ ਭਗਵੰਤ ਕੌਰ ਦੇ ਸ਼ਬਦਾਂ ਵਿਚ ''ਕਮਲੇ ਜਿਹੇ'' ਉਜਲ ਦਾ ''ਅਹਿ ਕਰੂੰਗਾ, ਅਹੁ ਕਰੂੰਗਾ'' ਦਾ ਸਪਸ਼ਟੀਕਰਨ ਵੀ ਸੁੱਤੇ ਸਿੱਧ ਹੀ ਹੋ ਜਾਂਦਾ ਹੈ।

ਮੈਂ ਮਨੁੱਖੀ ਪ੍ਰਾਪਤੀਆਂ ਦੇ ਤੁਲਨਾਤਮਕ ਅਧਿਐਨ ਦਾ ਮਾਹਰ ਨਹੀਂ ਪਰ ਉਜਲ ਦੁਸਾਂਝ ਦੀ ਅੱਜ ਵਾਲੀ ਪ੍ਰਾਪਤੀ ਵਿਚੋਂ ਮੈਨੂੰ ਉਸੇ ਤਰ੍ਹਾਂ ਦਾ ਮਾਣ ਤੇ ਹੌਸਲਾ ਮਿਲ ਰਿਹਾ ਹੈ ਜਿਹੋ ਜਿਹਾ ਖੁਸ਼ਵੰਤ ਸਿੰਘ ਦੀ ਪੰਜਾਹਵਿਆਂ ਵਿਚ ਛਪੀ 'ਦੀ ਸਿੱਖਸ ਟੂਡੇ' ਨਾਂ ਦੀ ਸਚਿਤਰ ਪੁਸਤਕ ਵਿਚ ਦਲੀਪ ਸਿੰਘ ਸੌਂਧ ਦੀ ਆਪਣੀ ਭੈਣ ਨੂੰ ਜੱਫੀ ਵਿਚ ਲੈ ਕੇ ਮਿਲਣ ਦੀ ਤਸਵੀਰ ਤੱਕ ਕੇ ਹੋਇਆ ਸੀ। ਖੁਸ਼ਵੰਤ ਦੀ ਪੁਸਤਕ ਵਿਚ ਛਪੀ ਭੈਣ-ਭਾਈ ਮਿਲਾਪ ਦੀ ਇਹ ਤਸਵੀਰ ਉਸ ਪੰਜਾਬੀ ਸੁਭਾਅ ਦੀ ਲਖਾਇਕ ਸੀ ਜਿਹੜਾ



ਭੈਣਾਂ ਨੂੰ ਭਰਾਵਾਂ ਦੀ ਪ੍ਰਾਪਤੀ ਉਤੇ ਹੋਇਆ ਹੀ ਕਰਦਾ ਹੈ। ਦਲੀਪ ਸਿੰਘ ਸੌਂਧ ਪੰਜਾਹਵਿਆਂ ਵਿਚ ਯੂ. ਐਸ. ਕਾਂਗਰਸ ਲਈ ਚੁਣਿਆ ਗਿਆ ਹੋਣ ਦੇ ਨਾਤੇ ਪਹਿਲਾ ਭਾਰਤੀ ਸੀ ਜਿਹੜਾ ਅਮਰੀਕਾ ਦੇ ਪ੍ਰਤੀਨਿਧ ਮੰਡਲ ਵਾਲੀ ਪਉੜੀ ਚੜ੍ਹਨ ਵਿਚ ਸਫਲ ਹੋਇਆ ਸੀ। ਸੌਂਧ ਭਰਾ ਦੀ ਉਸ ਜੱਫੀ ਵਿਚ ਕੁਝ ਏਸ ਤਰ੍ਹਾਂ ਦੀ ਮਹਿਕ ਤੇ ਨਿੱਘ ਸੀ ਕਿ ਖੁਸ਼ਵੰਤ ਦੀ ਪੁਸਤਕ ਦੇ ਪੰਨਿਆਂ ਵਿਚ ਵੀ ਭਰ ਗਿਆ ਸੀ। ਏਸੇ ਤਰ੍ਹਾਂ ਦੀ ਮਹਿਕ ਤੇ ਨਿੱਘ ਦਾ ਅਹਿਸਾਸ ਮੈਨੂੰ ਉਦੋਂ ਵੀ ਹੋਇਆ ਜਦ ਹੁਸ਼ਿਆਰਪੁਰ ਵਿਖੇ ਉਜਲ ਦੀ ਮਾਸੀ ਨੇ ਦੁਸਾਂਝਾਂ ਦੀ ਭਗਵੰਤ ਕੌਰ ਦੇ ਪੁੱਤਰ ਨਵਜੀਤ ਨੂੰ ਆਪਣੀ ਜੱਫੀ ਵਿਚ ਲਿਆ ਸੀ। ਏਥੇ ਵਡਿੱਤਣ ਤੇ ਪ੍ਰਾਪਤੀ ਦੀਆਂ ਸਿਖਰਾਂ ਇਕ ਹੋ ਜਾਂਦੀਆਂ ਹਨ।

★ ★ ★

ਉਜਲ ਦੁਸਾਂਝ ਦੋ-ਹਰਫੀ ਗੱਲ ਨਾਲ ਕੰਮ ਆਉਣ ਵਾਲਾ ਮਿੱਤਰ ਹੈ। ਕਈ ਵਾਰੀ ਉਹ ਅੱਧੀ ਗੱਲ ਸੁਣਕੇ ਹੀ ਪੂਰੀ ਗੱਲ ਸਮਝਦਾ ਹੋਇਆ ਉਸ ਬਾਰੇ ਉਪਾਅ ਦਸ ਕੇ ਅੱਗੇ ਤੁਰ ਪੈਂਦਾ ਹੈ। ਜਦੋਂ ਸੁਰਜੀਤ ਨੇ ਉਸਨੂੰ ਦੱਸਿਆ ਕਿ ਮੇਰੀ ਭਤੀਜੀ ਨਵੀਂ ਨਵੀਂ ਵਿਆਹ ਕੇ ਵੈਨਕੂਵਰ ਪਹੁੰਚੀ ਹੈ ਤਾਂ ਉਸਨੇ ਦੋ ਵਾਕਾਂ ਨਾਲ ਹੀ ਉਸਦਾ ਮਨ ਜਿੱਤ ਲਿਆ, ''ਕੋਈ ਲੋੜ ਹੋਵੇ ਤਾਂ ਦੱਸੀਂ। ਅਸੀਂ ਏਥੇ ਆਪਣਿਆਂ ਲਈ ਹੀ ਤੰਬੂ ਗੱਡੇ ਹਨ''।

ਉਜਲ ਦੁਸਾਂਝ ਦੀ ਇਸ ਪ੍ਰਾਪਤੀ ਬਾਰੇ ਦੋ ਚਿਤਵਨ ਮੇਰੇ ਮਨ ਵਿਚ ਬਾਰ ਬਾਰ ਆ ਰਹੇ ਹਨ। ਪਹਿਲਾ ਇਹ ਕਿ ਮੈਂ ਉਸਦੀ ਜਿੱਤ ਉਤੇ ਖੁਸ਼ ਵੀ ਹਾਂ ਤੇ ਨਿਰਾਸ ਵੀ। ਖੁਸ਼ ਇਸ ਲਈ ਕਿ ਉਸਨੇ ਉਸ ਮੰਜ਼ਲ ਨੂੰ ਪਾ ਲਿਆ ਹੈ ਜਿਹੜੀ ਉਸਦੀ ਆਪਣੀ ਧਰਤੀ ਦੇ ਵੱਡੇ ਵਡੇਰੇ ਪਾਉਣ ਬਾਰੇ ਸੋਚ ਵੀ ਨਹੀਂ ਸਕਦੇ। ਇਹ ਪ੍ਰਾਪਤੀ ਸੁਨਹਿਰੀ ਅੱਖਰਾਂ ਵਿਚ ਲਿਖਣ ਵਾਲੀ ਹੈ। ਮੇਰੇ ਮਨ ਦੀ ਨਿਰਾਸ਼ਾ ਪੰਜਾਬੀ ਸੁਭਾਅ ਵਿਚੋਂ ਉਪਜੀ ਹੈ। ਮੈਨੂੰ ਆਪਣੀ ਧਰਤੀ ਦੇ ਅਨੇਕ ਪਿੰਡਾਂ ਸੰਧਵਾਂ, ਫਰਾਲਾ, ਗੁਣਾਚੌਰ, ਸਮਰਾੜੀ, ਬੜਾ ਪਿੰਡ, ਅੱਪਰਾ, ਫਲਪੋਤਾ, ਔੜ, ਅੜਾਪੜ, ਜੰਡਿਆਲਾ, ਬੰਡਾਲਾ, ਤੇ ਰੁੜਕਾ ਵਿਚੋਂ ਲੰਘਣ ਦਾ ਮੌਕਾ ਮਿਲਿਆ ਹੈ। ਮੈਂ ਵਸਦੇ ਰਸਦੇ ਘਰਾਂ ਨੂੰ ਲੱਗੇ ਉਹ ਜਿੰਦਰੇ ਵੀ ਤੱਕੇ ਹਨ ਜਿਹੜੇ ਅੱਠ-ਅੱਠ ਸਾਲ ਨਹੀਂ ਖੁਲ੍ਹੇ ਤੇ ਮਹਿਲ ਨੁਮਾ ਉਹ ਘਰ ਵੀ ਜਿਹੜੇ ਬਾਹਰਲੀ ਕਮਾਈ ਦੁਆਰਾ ਮੂੰਹ ਮੰਗੀ ਮਜ਼ਦੂਰੀ ਨਾਲ ਉਸਾਰੇ ਗਏ ਸਨ ਤੇ ਜਿੱਥੇ ਹੁਣ ਬੇਘਰਿਆਂ ਨੇ ਮੱਝਾਂ ਤੇ ਬੱਕਰੀਆਂ ਬੰਨ੍ਹ ਰੱਖੀਆਂ ਹਨ। ਉਹ ਘਰ ਵੀ ਜਿਥੇ ਪਟਵਾਰੀ, ਕਾਨੂੰਗੋ ਜਾਂ ਗ੍ਰਾਮ ਸੇਵਕ ਡੇਰਾ ਲਾਈ ਬੈਠੇ ਹਨ। ਇਨ੍ਹਾਂ ਦੀ ਵਰਤੋਂ ਵੀ ਹੋ ਰਹੀ ਹੈ, ਦੁਰਵਰਤੋਂ ਵੀ। ਉਂਝ ਤਾਂ ਤੁਗ਼ਲਕਾਬਾਦ, ਫਤਿਹਪੁਰ ਸੀਕਰੀ, ਪ੍ਰੀਤਨਗਰ ਤੇ ਪੁਲ ਕੰਜਰੀ ਵਰਗੇ ਮਕਾਮ ਅਕਾਰਨ ਵੀ ਉਜੜਦੇ ਆਏ ਹਨ ਪਰ ਉਨ੍ਹਾਂ ਦਾ ਉਜਾੜਾ ਕੁਝ ਹੋਰ ਤਰ੍ਹਾਂ ਦਾ ਸੀ। ਇਤਿਹਾਸ ਨੂੰ ਏਸ ਤਰ੍ਹਾਂ ਦੇ ਉਜਾੜੇ ਪਾਉਣ ਦਾ ਹੱਕ ਵੀ ਹੈ। ਦੁਆਬੇ ਦੇ ਘਰਾਂ ਨੂੰ ਵੱਜੇ ਜਿੰਦਰਿਆਂ ਦਾ ਕਾਰਨ ਆਰਥਿਕ ਹੈ। ਚੰਗੇਰੇ ਜੀਵਨ ਦੀ ਤਾਂਘ ਹੀ ਏਸ ਤਰ੍ਹਾਂ ਦੀ ਹੈ ਕਿ ਮਨੁੱਖ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਉੜਾਈ ਫਿਰਦੀ ਹੈ। ਇਸ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਧਾਰ ਦੀ ਤਾਂਘ ਵੀ ਹੈ। ਜਿੰਦਰੇ ਵੱਜਦੇ ਹਨ। ਖੁਲ੍ਹਦੇ ਵੀ ਹਨ। ਮੁੜ ਲੱਗ ਜਾਂਦੇ ਹਨ। ਸਾਰੇ ਘਰ ਉਜਲ ਦੇ ਸਾਂਝੇ ਘਰ ਵਰਗੇ ਭਾਗਾਂ ਵਾਲੇ ਨਹੀਂ ਕਿ ਉਨ੍ਹਾਂ ਨੂੰ ਸਾਂਭਣ ਲਈ ਗੁਰਮੀਤ ਸਿੰਘ ਵਰਗੇ ਸਲੋਤਰੀ ਮਿਲ ਜਾਂਦੇ ਹੋਣ। ਉਹ ਤਾਂ ਢਹਿੰਦੇ ਢਹਿੰਦੇ ਢਹਿ ਹੀ ਜਾਂਦੇ ਹਨ।

ਘਰਾਂ ਦਾ ਢਹਿਣਾ ਤਾਂ ਅਸੀਂ ਬਰਦਾਸ਼ਤ ਕਰੀ ਬੈਠੇ ਹਾਂ। ਪਰ ਜੇ ਕਦੀ ਉਜਲ ਜਿਹੀਆਂ ਉਡਾਰੀਆਂ ਮਾਰਨ ਵਾਲਿਆਂ ਦੀ ਗਿਣਤੀ ਵਧ ਗਈ, ਜਿਸਦੀ ਕਿ ਬੜੀ ਸੰਭਾਵਨਾ ਹੈ, ਤਾਂ ਇਨ੍ਹਾਂ ਨੇ ਚੰਦ ਉਤੇ ਪਾਣੀ ਤੇ ਹਵਾ ਲੱਭ ਕੇ ਓਧਰ ਦਾ ਸਫਰ ਅਰੰਭ ਦੇਣਾ ਹੈ। ਇਹ ਵਿਧੀ ਬਣੀ ਨਹੀਂ ਤੇ ਧਰਤੀ ਉਜੜੀ ਨਹੀਂ। ਉਦੋਂ ਕਈ ਦੁਸਾਂਝਾਂ ਤੇ ਕਈ ਵੈਨਕੂਵਰ ਉਡ ਜਾਣੇ ਹਨ। ਚੰਦ ਦੀ ਚਹਿਲ ਪਹਿਲ ਨੂੰ ਕੀ

ਕਰਾਂਗੇ ਜੇ ਆਪਣੀ ਧਰਤੀ ਕੇਵਲ ਆਦਿ ਵਾਸੀਆਂ ਜੋਗੀ ਰਹਿ ਗਈ।

ਮੇਰੇ ਮਨ ਦਾ ਦੂਜਾ ਚਿਤਵਨ ਹੋਰ ਤਰ੍ਹਾਂ ਦਾ ਹੈ। ਇਸਦਾ ਸੰਬੰਧ ਮੇਰੇ ਬਾਲ ਮਨ ਦੇ ਚਿਤਵਨਾਂ ਨਾਲ ਹੈ। ਮੈਂ ਉਚੇ ਖੜ੍ਹ ਕੇ ਗੁਰਾਂ ਦੇ ਤੀਰ ਮਾਰਨ ਨੂੰ ਸੰਘੋਲ ਦੀਆਂ ਉਚਿਆਈਆਂ ਨਾਲ ਜੋੜਦਾ ਆਇਆ ਹਾਂ, ਬੰਦਾ ਬਹਾਦਰ ਵੱਲੋਂ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਨੂੰ ਫਤਿਹਗੜ੍ਹ ਸਾਹਿਬ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਤੋਂ ਸਸਕਾਰ ਵਾਲੀ ਥਾਂ ਨੂੰ ਜਾਂਦੇ ਰਾਹ ਵਿਚ ਛੋਟੀ ਇੱਟ ਦੇ ਮੁਗ਼ਲਈ ਪੁਲ ਨਾਲ ਤੇ ਜੱਗੇ ਜੱਟ ਦੀਆਂ ਲੜਾਈਆਂ ਨੂੰ ਮਾਹਿਲਪੁਰ ਤੋਂ ਬਾਹੋਵਾਲ ਦੇ ਰਾਹ ਵਿਚ ਪੈਂਦੀ ਲੋਹੇ ਦੇ ਜੰਗਲੇ ਵਾਲੀ ਪੁਲੀ ਨਾਲ। ਮੈਨੂੰ ਜੱਗੇ ਜੱਟ ਦੇ ਚੀਨੇ ਕਬੂਤਰ ਇਸੇ ਪੁਲੀ ਦੇ ਥੱਲਿਓਂ ਲੰਘਦੇ ਪਾਣੀਆਂ ਦੇ ਪਾਰ ਚੁਗਦੇ ਦਿਖਾਈ ਦਿੰਦੇ ਸਨ ਤੇ ਉਸਦੀਆਂ ਲੜਾਈਆਂ ਦਾ ਖੇਤਰ ਇਹ ਪੁਲ।

ਮੈਂ ਆਪਣੀ ਵਿਦਿਆ ਦੇ ਬਹੁਤੇ ਸਾਲ ਮਾਹਿਲਪੁਰ ਪੜ੍ਹਿਆ ਹਾਂ ਤੇ ਅਨੇਕ ਵਾਰ ਇਸ ਪੁਲੀ ਤੋਂ ਲੰਘਿਆ ਹਾਂ। ਹਰ ਵਾਰ ਲੰਘਦੇ ਵੇਲੇ ਮੇਰੇ ਮਨ ਵਿਚ ਕਿਸੇ ਲੋਕ ਬੋਲੀ ਦੇ ਇਹ ਬੋਲ ਆਉਂਦੇ ਰਹੇ ਹਨ:

ਪੱਕੇ ਪੁਲਾਂ 'ਤੇ ਲੜਾਈਆਂ ਹੋਈਆਂ
ਛਵ੍ਹੀਆਂ ਦੇ ਕਿੱਲ ਮੁੜ ਗਏ
ਜੱਗਿਆ! ਤੂੰ ਪਰਦੇਸ ਗਿਆ
ਬੂਹਾ ਵੱਜਿਆ

ਉਜਲ ਦੁਸਾਂਝ ਨੇ ਕਬੂਤਰ ਨਹੀਂ ਪਾਲੇ ਹੋਣੇ। ਉਸਨੂੰ ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਛਵ੍ਹੀਆਂ ਦੇ ਕਿੱਲ ਕਿਹੋ ਜਿਹੇ ਹੁੰਦੇ ਹਨ। ਐਸਕਾਰਟ ਰਾਈਫਲਾਂ ਦੀ ਛਾਵੇਂ ਤੁਰਨ ਤੇ ਐਟਮ ਬੰਬਾਂ ਦੀਆਂ ਗੱਲਾਂ ਕਰਨ ਵਾਲੇ ਕੀ ਜਾਨਣ ਕਿ ਛਵ੍ਹੀਆਂ ਤੇ ਗੰਡਾਸੇ ਕੀ ਹੁੰਦੇ ਹਨ। ਫੇਰ ਵੀ ਪਤਾ ਨਹੀਂ ਕਿਉਂ ਇਸ ਵਾਰੀ ਜਦੋਂ ਮੈਂ, ਨਵਜੀਤ ਤੇ ਮੇਰੀ ਪਤਨੀ ਬਾਹੋਵਾਲ ਤੋਂ ਉਜਲ ਦੇ ਨਾਨਕਾ ਘਰ, ਪ੍ਰਾਇਮਰੀ ਸਕੂਲ ਤੇ ਉਸਦੇ ਨਾਨੇ ਦੀ ਯਾਦ ਵਿਚ ਉਸਰੇ ਗੇਟ ਦੀਆਂ ਤਸਵੀਰਾਂ ਲੈ ਕੇ ਮਾਹਿਲਪੁਰ ਨੂੰ ਆ ਰਹੇ ਸਾਂ ਤਾਂ ਇਸ ਪੁਲੀ ਨੂੰ ਦੇਖ ਕੇ ਮੈਂ ਉਦਾਸ ਹੋ ਗਿਆ। ਪੁਲੀ ਤਾਂ ਭਾਵੇਂ ਕਾਇਮ ਸੀ ਪਰ ਹੁਣ ਸਾਰੀ ਟਰੈਫਿਕ ਨਵੇਂ ਪੁਲ ਉਤੋਂ ਲੰਘ ਰਹੀ ਸੀ। ਟਰੈਫਿਕ ਪੈਂਦਾ ਢੱਠੇ ਖੂਹ ਵਿਚ ਪਰ ਮੈਨੂੰ ਵੱਡਾ ਦੁੱਖ ਇਸ ਗੱਲ ਦਾ ਹੋਇਆ ਕਿ ਮੈਂ ਆਪਣੇ ਮਨ ਵਿਚ ਅਚਾਨਕ ਤੇ ਅਚੇਤ ਹੀ ਇਸ ਪੁਲ ਨਾਲ ਜੱਗੇ ਦੀ ਥਾਂ ਉਜਲ ਦਾ ਨਾਂ ਜੁੜ ਗਿਆ ਪਾਇਆ। ਸ਼ਾਇਦ ਇਸ ਲਈ ਕਿ ਸਾਡੀ ਬਾਹੋਵਾਲ ਫੇਰੀ ਸਮੇਂ ਉਜਲ ਦੁਸਾਂਝ ਦੇ ਨਾਨਕਿਆਂ ਵਿਚੋਂ ਕੋਈ ਨਹੀਂ ਸੀ ਤੇ ਪਰਦੇਸ ਗਿਆਂ ਵੱਜਿਆ ਬੂਹਾ ਇਸ ਪੁਲੀ ਨਾਲ ਆ ਜੁੜਿਆ ਸੀ। ਮੇਰੇ ਜੱਗੇ ਦੀ ਥਾਂ ਉਜਲ ਨੇ ਲੈ ਲਈ ਹੈ, ਮੈਨੂੰ ਇਸਦਾ ਬਹੁਤ ਅਫਸੋਸ ਹੈ।

ਮੈਂ ਆਪਣੇ ਮਨ ਨੂੰ ਸਮਝਾ ਰਿਹਾ ਹਾਂ ਕਿ ਉਜਲ ਦਾ ਡਾਕਾ ਜੱਗੇ ਦੇ ਡਾਕਿਆਂ ਨਾਲੋਂ ਲੱਖ ਕਰੋੜ ਗੁਣਾ ਵੱਡਾ ਹੈ। ਉਹ ਸਮਝਦਾ ਹੀ ਨਹੀਂ। ਦੇਖੋ ਕੀ ਬਣਦਾ ਹੈ।

ਮੈਂ ਇਹ ਵੀ ਜਾਣਦਾ ਹਾਂ ਕਿ ਮਿੱਥਾਂ ਨੂੰ ਦਲੀਲਾਂ ਕਾਟ ਨਹੀਂ ਕਰਿਆ ਕਰਦੀਆਂ। ਫੇਰ ਵੀ ਮੈਨੂੰ ਆਪਣੇ ਮਨ ਦਾ ਧੁੰਦਲਕਾ ਪਸੰਦ ਨਹੀਂ।

ਹਾਲ ਦੀ ਘੜੀ ਤਾਂ ਏਸੇ ਗੱਲ ਵਿਚ ਭਲਾ ਹੈ ਕਿ ਉਜਲ ਨੂੰ ਜੱਗੇ ਦੀ ਥਾਂ ਲੈਣ ਦੀ ਮੁਬਾਰਕ ਦੇ ਛੱਡਾਂ। OO

[1538, ਸੈਕਟਰ 36-ਡੀ, ਚੰਡੀਗੜ੍ਹ]



# ਕੀ ਸ਼ੰਕਰ ਅਚਾਰੀਆ ਦਾ ਅਦਵੈਤ-ਵੇਦਾਂਤ ਮਾਨਵਵਾਦੀ ਹੈ?

ਗਿਆਨ ਸਿੰਘ ਬੱਲ

(1)

ਭਾਰਤੀ ਵਿਚਾਰਵਾਦੀ ਪਰੰਪਰਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਉਪਨਿਸ਼ਦ ਗਰੰਥ ਸਾਡੇ ਵਿਚਾਰਵਾਦੀ ਦਰਸ਼ਨ ਦਾ ਮੁੱਖ ਸਰੋਤ ਹਨ, ਭਾਵੇਂ ਕਿ ਪਦਾਰਥਵਾਦੀ ਅਤੇ ਸ਼ੰਕਾਵਾਦੀ ਸੋਚ ਦੇ ਬੀਜ ਵੀ ਕਈ ਉਪਨਿਸ਼ਦਾਂ ਵਿਚ ਮੌਜੂਦ ਹਨ। ਵੇਦਾਂ ਅਤੇ ਉਪਨਿਸ਼ਦਾਂ ਦਾ ਬੋਲ-ਬਾਲਾ ਤਾਂ ਇਸ ਦੇਸ਼ ਵਿਚ ਸਦੀਆਂ ਤੋਂ ਚਲਿਆ ਆ ਹੀ ਰਿਹਾ ਹੈ। ਪਰ ਸਭ ਤੋਂ ਵਧੇਰੇ ਜੇ ਕੋਈ ਵਿਚਾਰਵਾਦੀ ਅੱਠਵੀਂ-ਨੌਂਵੀਂ ਸਦੀ ਤੋਂ ਭਾਰਤੀਆਂ ਦੇ ਮਨਾਂ ਵਿਚ ਅਹਿਮ ਥਾਂ ਬਣਾਈ ਬੈਠਾ ਹੈ, ਉਹ ਸ਼ੰਕਰ ਹੈ। ਸ਼ੰਕਰ ਨੂੰ ਜਿੰਨਾ ਆਦਰ-ਮਾਣ ਸਾਡੇ ਸ਼ਾਸਤਰੀ ਦਿੰਦੇ ਹਨ ਉਸ ਤੋਂ ਵੀ ਵਧੇਰੇ ਸਾਡੇ ਵਿਚਾਰਵਾਦੀ ਬੁੱਧੀਜੀਵੀ ਦਿੰਦੇ ਹਨ। ਕਈ ਪ੍ਰਗਤੀਸ਼ੀਲ ਬੁੱਧੀਜੀਵੀ ਵੀ ਉਸ ਦੇ ਅਦਵੈਤਵਾਦ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਸਲਾਹੁੰਦੇ ਹਨ। ਭਾਰਤ ਵਿਚ ਬੁੱਧੀਵਾਦੀ ਅਤੇ ਸ਼ੰਕਾਵਾਦੀ ਸੋਚ ਪਛੜ ਜਾਣ ਕਰਕੇ ਆਮ ਲੋਕ ਵੀ ਹਰ ਕਿਸਮ ਦੇ ਵਿਚਾਰਵਾਦੀਆਂ ਨੂੰ ਬੇਲੋੜੀ ਮਾਨਤਾ ਦੇਈ ਜਾਂਦੇ ਹਨ। ਦੇਸ਼ ਦਾ ਸਮਾਜਕ ਸੁਭਾਅ (Social Ethos) ਹੀ ਵਿਚਾਰਵਾਦ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਹੋ ਚੁੱਕਾ ਹੈ।

ਸ਼ੰਕਰ ਅਚਾਰੀਆ ਆਪਣੇ ''ਅਦਵੈਤਵਾਦ'' ਤੇ ''ਮਾਇਆਵਾਦ'' ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਉਸ ਦਾ ਵਿਚਾਰਵਾਦੀ ਫਲਸਫਾ ਉਸ ਵਲੋਂ ਉਪਨਿਸ਼ਦਾਂ, ਭਗਵਦ-ਗੀਤਾ ਅਤੇ ਬਾਦਰਾਇਣ ਸੂਤਰਾਂ ਉਤੇ ਕੀਤੇ ਟੀਕਿਆਂ (ਭਾਸ਼ਿਯਾਂ) ਵਿਚ ਅੰਕਿਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ੰਕਰ ਇਕ ਅਦਭੁਤ ਪ੍ਰਤਿਭਾ ਦਾ ਮਾਲਕ ਸੀ, ਜਿਸਨੇ ਸਿਰਫ 32 ਸਾਲ ਦੀ ਛੋਟੀ ਉਮਰ ਵਿਚ ਹੀ ਆਪਣੇ ਫਲਸਫੇ ਨੂੰ ਸਮੁੱਚੇ ਭਾਰਤ ਵਿਚ ਫੈਲਾਅ ਦਿੱਤਾ ਸੀ। ਸ਼ੰਕਰ ਅਚਾਰੀਆ ਤਰਕ ਵਿਧੀ-ਪੂਰਵਕ ਆਪਣੇ 'ਬ੍ਰਹਮਵਾਦ' ਨੂੰ ਸਥਾਪਤ ਕਰਦਾ ਹੈ, ਭਾਵ ਉਹ ਵਿਚਾਰਵਾਦ ਨੂੰ ਵਿਵੇਕਸ਼ੀਲਤਾ ਪ੍ਰਦਾਨ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਪਰ ਇਹੀ ਉਸ ਦਾ ਦੁਖਾਂਤ ਵੀ ਹੈ। ਸ਼ੰਕਰ ਦਾ ਅਦਵੈਤ ਵੇਦਾਂਤ ਭਾਰਤੀ ਵਿਚਾਰਵਾਦੀ ਪਰੰਪਰਾ ਦਾ ਸਿਖਰ ਹੈ - ਉਪਨਿਸ਼ਦਾਂ ਦਾ ਆਤਮਵਾਦ ਇਸ ਦਾ ਦਾਰਸ਼ਨਿਕ ਪਿਛੋਕੜ ਹੈ।

ਸ਼ੰਕਰ ਦਾ ਅਦਵੈਤ-ਵੇਦਾਂਤ ਕੀ ਹੈ? ਸੰਖੇਪ ਵਿਚ ਸਮੁੱਚੇ ਬ੍ਰਹਮੰਡ ਦਾ ਸਿਰਜਕ ਸਿਰਫ ਇਕੋ ਇਕ ਸ਼ਕਤੀ ਹੈ ਬ੍ਰਹਮ। ਇਹ ਬ੍ਰਹਮ ਹੀ ਅੰਤਮ ਸੱਚ ਹੈ, ਇਹ ਪਰਮ-ਸਚਾਈ ਸਵੈ ਦੇ ਰੂਪ ਵਿਚ ਸ਼ੁੱਧ ਚੇਤਨਾ (The self in the sense of pure consciousness) ਤੋਂ ਸਵਾਏ ਹੋਰ ਕੁਝ ਵੀ ਨਹੀਂ ਹੈ। ਵਾਸਤਵਿਕ ਜਗਤ ਤਾਂ ਨਿਰੀ ਕਲਪਨਾ ਹੈ, ਨਿਰੋਲ ਭਰਮ, ਇਕ ਭੁਲੇਖਾ। ਸ਼ੁੱਧ ਚੇਤਨਾ ਜਾਂ ਬ੍ਰਹਮ ਹੀ ਕੇਵਲ ਸਦੀਵੀ ਸੱਚ ਹੈ- ਭਾਵ ਬਾਹਰੀ ਜਗਤ ਯਥਾਰਥ ਨਜ਼ਰ ਆਉਣ ਦਾ ਕਾਰਨ ਮਨੁੱਖ ਦੀ ਅਗਿਆਨਤਾ ਹੈ ਜਿਸ ਨੂੰ ਸ਼ੰਕਰ ਅ-ਵਿਦਿਆ ਕਹਿੰਦੈ। ਉਸ ਅਨੁਸਾਰ ਇਹ ਅ-ਵਿਦਿਆ ਹੀ ਹੈ ਜਿਹੜੀ ਪੂਰਨ ਸਚਾਈ/ਸੱਤ ਦਾ ਅਨੁਭਵ ਨਹੀਂ ਹੋਣ ਦਿੰਦੀ। ਮਨੁੱਖ ਇਸ ਅ-ਵਿਦਿਆ ਕਾਰਨ ਹੀ ਤਾਂ ਭਟਕ ਰਿਹੈ। ਉਸਨੂੰ ਗਿਆਨ ਹੀ ਨਹੀਂ ਹੈ ਕਿ ਸਮੁੱਚੀ ਵਸਤੂਨਿਸ਼ਠ ਕਾਇਆਨਾਤ ਦੀ ਆਪਣੀ ਸੁਤੰਤਰ ਹੋਂਦ ਇਕ ਭਰਮ ਭੁਲੇਖਾ (ILLUSION) ਹੈ।

ਸ਼ੰਕਰ ਇਸ ਜਗਤ ਦੀ ਤੁਲਨਾ ਉਸ ਰੱਸੀ ਨਾਲ ਕਰਦਾ ਹੈ ਜਿਹੜੀ ਦੂਰੋਂ ਸੱਪ ਦਾ ਭੁਲੇਖਾ ਤਾਂ ਪਾਉਂਦੀ ਹੈ ਪਰ ਜਦ ਨਜ਼ਦੀਕ ਆਕੇ ਦੇਖਦੇ ਹਾਂ ਤਾਂ ਅਸਲੀਅਤ ਵਿਚ ਇਹ ਰੱਸੀ ਹੀ ਹੁੰਦੀ ਹੈ, ਬਿਲਕੁਲ ਇਸ ਤਰ੍ਹਾਂ ਬਾਹਰੀ ਜਗਤ ਸਾਨੂੰ ਯਥਾਰਥਕ ਨਜ਼ਰ ਆਉਂਦਾ ਹੈ, ਜੋ ਸੱਚ ਕਦਾਚਿੱਤ ਨਹੀਂ ਹੈ। ਜਦ ਹੋਰ ਕੋਈ ਵਸਤੂ ਸੱਚ ਹੀ ਨਹੀਂ ਹੈ ਤਾਂ ਦਵੈਤ ਦਾ ਵਿਚਾਰ ਥੋਥਾ ਹੈ। ਭਾਵ ਕਿ ਬ੍ਰਹਮ ਅਤੇ ਸ੍ਰਿਸ਼ਟੀ ਅਲੱਗ

ਅਲੱਗ ਨਹੀਂ ਹਨ, ਸ੍ਰਿਸ਼ਟੀ ਬ੍ਰਹਮ ਦੀ ਮਾਇਆ (ਸ਼ਕਤੀ) ਦਾ ਹੀ ਪ੍ਰਗਟਾਅ ਹੈ, ਉਸੇ ਦਾ ਹੀ ਹਰ ਪਾਸੇ ਪਸਾਰਾ ਹੈ, ਹਰ ਜਗ੍ਹਾ ਉਹੀ ਹੈ, ਬਾਕੀ ਹਰ ਚੀਜ਼ (ਸਮੇਤ ਮਨੁੱਖ ਦੇ) ਛੱਲ ਹੈ, ਮ੍ਰਿਗ ਤ੍ਰਿਸ਼ਨਾ ਵਾਂਗ ਮਿਥਿਆ ਹੈ। ਸ਼ੰਕਰ ਅਨੁਸਾਰ ਮਨੁੱਖ ਕਿਉਂਕਿ ਆਪਣੇ ਆਪ ਨੂੰ ਅਤੇ ਬਾਹਰੀ ਸਚਾਈ ਨੂੰ ਹੀ ਪਰਮ-ਸੱਤ ਮੰਨੀ ਬੈਠਾ ਹੈ, ਇਸੇ ਲਈ ਉਹ ਭਟਕ ਰਿਹਾ, ਜੂੰਨੀ ਪਿਆ ਹੋਇਆ, ਦਵੈਤ ਕੋਰਾ ਝੂਠ ਹੈ (Nothing else being real, any sense of duality is bound to be false)

(2)

ਸ਼ੰਕਰ ਦੇ ਦਰਸ਼ਨ ਅਨੁਸਾਰ ਬਾਹਰੀ ਸੰਸਾਰ ਬ੍ਰਹਮ ਵਿਚ ਨਿਹਿਤ ਸਿਰਜਣਾਤਮਕ ਸ਼ਕਤੀ ਸਦਕਾ ਹੋਂਦ ਵਿਚ ਆਉਂਦਾ ਹੈ। ਇਹ ਸ਼ਕਤੀ ਹੈ, 'ਮਾਇਆ'। ਇਹ ਦੋ ਪੱਖੀ ਹੈ। ਇਕ, ਇਹ ਸੰਸਾਰ ਦੀ ਸਿਰਜਕ ਹੈ ਤੇ ਇਸ ਰੂਪ ਵਿਚ ਮਾਇਆ ਮੂਲ-ਤੱਤ ਹੈ ਜਿਸ ਵਿਚੋਂ ਸੰਸਾਰ ਸਿਰਜਦਾ ਹੈ ਬ੍ਰਹਮ। ਦੂਜੀ ਇਹ ਮਨੁੱਖ ਦੀ ਬੁੱਧੀ 'ਤੇ ਪੜਦਾ ਪਾਕੇ ਉਸ ਨੂੰ ਇਹ ਸੋਝੀ ਨਹੀਂ ਹੋਣ ਦਿੰਦੀ ਕਿ ਬਾਹਰੀ ਜਗਤ ਇਕ ਭੁਲੇਖਾ ਹੈ, ਛੱਲ ਹੈ, ਭਾਵ ਇਹ ਅ-ਵਿਦਿਆ ਨੂੰ ਜਨਮ ਦਿੰਦੀ ਹੈ। ਇਸ ਕਾਰਨ ਬੰਦਾ ਇਸ ਭਵਜਲੀ ਸੰਸਾਰ ਵਿਚ ਫਸਿਆ ਹੋਇਆ ਹੈ ਅਤੇ ਇਸ ਨੂੰ ਬ੍ਰਹਮ-ਰੂਪ ਸਮਝ ਇਸ ਵਿਚ ਕੈਦ ਹੋ ਬੈਠਦਾ ਹੈ। ਸ਼ੰਕਰ ਦੇ ਮਾਇਆ ਦੇ ਸੰਕਲਪ ਨੂੰ ਕਈ ਵਾਰ ਸਾਂਖ ਦਰਸ਼ਨ ਦੀ 'ਪ੍ਰਕ੍ਰਿਤੀ' ਦੇ ਸੰਕਲਪ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਪਰ ਅਸਲ ਵਿਚ ਅਜਿਹਾ ਨਹੀਂ ਹੈ। ਸ਼ੰਕਰ ਮਾਇਆ ਨੂੰ 'ਬ੍ਰਹਮ' ਦੀ ਹੀ ਅਪਾਰ-ਸ਼ਕਤੀ ਕਹਿੰਦਾ ਹੈ, ਇਸ ਲਈ ਇਹ 'ਬ੍ਰਹਮ' ਉਤੇ ਨਿਰਭਰ ਹੈ ਜਦ ਕਿ ਸਾਂਖ ਦਰਸ਼ਨ ਦੀ ਪ੍ਰਕ੍ਰਿਤੀ (PRAKRITI) ਪੁਰਸ਼ (PURUS) ਤੋਂ ਅਲੱਗ ਹੈ। ਸਿਰਜਣਾਤਮਕ ਰੂਪ ਵਿਚ ਮਾਇਆ ਹੀ ਉਹ ਮੂਲ-ਤੱਤ ਹੈ ਜਿਸ ਵਿਚੋਂ ਬ੍ਰਹਮ ਬ੍ਰਹਮੰਡੀ-ਜਗਤ ਨੂੰ ਸਿਰਜਦਾ ਹੈ। ਇਹਨਾਂ ਸਿਰਜਣਾ ਦੇ ਪਲਾਂ ਦੌਰਾਨ ਬ੍ਰਹਮ ਈਸ਼ਵਰ ਰੂਪੀ ਹੁੰਦਾ ਹੈ ਪਰ ਆਪਣੇ ਮੂਲ-ਤੱਤ ਵਿਚ ਮਾਇਆ ਅਲੱਗ ਪਦਾਰਥ ਨਹੀਂ ਹੈ, ਸਗੋਂ ਈਸ਼ਵਰ ਦਾ ਇਕ ਪਹਿਲੂ ਹੈ ਉਸੇ ਤਰ੍ਹਾਂ ਜਿਵੇਂ ਤਾਪ ਅਗਨੀ ਦਾ ਅਟੁੱਟ ਪਹਿਲੂ ਹੈ। ਈਸ਼ਵਰ ਸਰਬ ਸ਼ਕਤੀਮਾਨ ਹੋਣ ਸਦਕਾ ਸ੍ਰਿਸ਼ਟੀ ਨੂੰ ਜਦ ਚਾਹੇ ਆਪਣੇ ਵਿਚ ਸਮੋ ਲੈਂਦਾ ਹੈ ਅਤੇ ਜਦ ਇੱਛਾ ਹੋਵੇ ਤਾਂ ਫਿਰ ਪ੍ਰਗਟ ਕਰ ਲੈਂਦਾ ਹੈ। ਇੰਝ ਈਸ਼ਵਰ ਰਚਣਹਾਰ ਹੋਣ ਦੇ ਨਾਲ ਨਾਲ ਪਾਲਣਹਾਰ ਤੇ ਵਿਨਾਸ਼ਕ ਵੀ ਹੈ। ਪਰੰਤੂ ਸ੍ਰਿਸ਼ਟੀ ਨੂੰ ਭਸਮ ਕਰਨਾ ਤੇ ਮੁੜ ਸੁਰਜੀਤ ਕਰਨਾ ਬ੍ਰਹਮ ਦੀ ਇੱਛਾ ਉਤੇ ਹੀ ਨਿਰਭਰ ਕਰਦਾ ਹੈ- ਭਾਵ ਅੰਤਮ ਨਿਰਣਾ ਉਸੇ ਪਾਰ-ਬ੍ਰਹਮ ਸ਼ਕਤੀ ਦਾ ਹੈ।

ਸਮੁੱਚਾ ਬ੍ਰਹਮੰਡ ਪੰਜ ਤੱਤਾਂ ਦਾ ਸੁਮੇਲ ਹੈ, ਸ਼ੰਕਰ ਮੁਤਾਬਕ। ਇਹ ਹਨ- ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ। ਸਭ ਤੋਂ ਪਹਿਲਾਂ ਆਕਾਸ਼ ਦੀ ਉਤਪਤੀ ਹੁੰਦੀ ਹੈ। ਇਹ ਸਭ ਤੋਂ ਵਧੇਰੇ ਸੂਖਮ ਤੱਤ ਹੈ ਜਿਹੜਾ ਵਿਸਤ੍ਰਤ ਪਦਾਰਥ ਨਾਲ ਭਰਪੂਰ ਹੈ। ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਉਤਪੰਨ ਹੁੰਦੀ ਹੈ। ਸ਼ੰਕਰ ਅਨੁਸਾਰ ਜਦ ਬ੍ਰਹਮ ਨੇ ਸ੍ਰਿਸ਼ਟੀ ਨੂੰ ਭਸਮ ਕਰਨਾ ਭਾਵ ਸਮੋ ਲੈਣਾ ਹੋਵੇ ਤਾਂ ਈਸ਼ਵਰ ਉਲਟੇ ਪਰਿਵਰਤਣ ਰਾਹੀਂ ਆਪਣੇ ਵਿਚ ਲੀਨ ਕਰ ਲੈਂਦਾ ਹੈ। ਇਹ ਸਮੁੱਚਾ ਵਰਤਾਰਾ ਉਸੇ ਦੀ ਹੀ ਲੀਲ੍ਹਾ ਹੈ।

ਸ਼ੰਕਰ ਮੁਤਾਬਕ 'ਬ੍ਰਹਮ' ਅਤੇ 'ਈਸ਼ਵਰ' ਅਲੱਗ ਨਹੀਂ ਹਨ। ਬ੍ਰਹਮ ਹੀ ਸੱਤ ਹੈ, ਈਸ਼ਵਰ ਦੂਸਰੇ ਰੂਪ ਵਿਚ ਬ੍ਰਹਮ ਹੀ ਹੈ ਜੋ ਮਾਇਆ ਰਾਹੀਂ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈ। ਸ਼ੰਕਰ ਅਨੁਸਾਰ ਈਸ਼ਵਰ ਸਿਰਜਣਹਾਰ ਹੋ ਕੇ ਵੀ ਸ੍ਰਿਸ਼ਟੀ ਤੋਂ ਅਭਿੱਜ ਤੇ ਅਲੱਗ ਰਹਿੰਦਾ ਹੈ, ਉਸ ਦਾ ਦੁਨਿਆਵੀ ਸੁੱਖਾਂ-ਦੁੱਖਾਂ ਨਾਲ ਕੋਈ ਸਰੋਕਾਰ ਨਹੀਂ ਹੈ, ਉਹ ਸ੍ਰਿਸ਼ਟੀ ਦੀ ਸਾਜਨਾ ਕਿਸੇ ਮੰਤਵ ਤਹਿਤ ਨਹੀਂ ਕਰਦਾ, ਇਹ ਤਾਂ ਉਸ ਦਾ ਸੁਭਾਅ ਹੈ। ਦਰਅਸਲ ਈਸ਼ਵਰ ਚੁੰਬਕ ਵਾਂਗ ਹੈ। ਈਸ਼ਵਰ ਕਾਰਨ-ਕਾਰਜ ਦੇ ਸਿਧਾਂਤ ਤੋਂ ਵੀ ਨਿਰਲੇਪ ਹੈ। ਈਸ਼ਵਰ ਸ੍ਰਿਸ਼ਟੀ (ਕਾਰਜ) ਈਸ਼ਵਰ (ਕਾਰਨ) ਨੂੰ ਕਿਸੇ ਤਰ੍ਹਾਂ ਵੀ ਪ੍ਰਭਾਵਤ ਨਹੀਂ



ਕਰਦੀ, ਨਾ ਹੀ ਈਸ਼ਵਰ ਸ੍ਰਿਸ਼ਟੀ ਤੋਂ ਪ੍ਰਭਾਵਤ ਹੁੰਦਾ ਹੈ। ਸ੍ਰਿਸ਼ਟੀ ਈਸ਼ਵਰ ਦਾ ਰੂਪ-ਭੇਦ ਨਹੀਂ ਹੈ, ਇਸੇ ਲਈ ਈਸ਼ਵਰ ਦੁਨਿਆਵੀ ਕਾਰ-ਵਿਹਾਰ ਤੋਂ ਮੁਕਤ ਹੈ। ਸ਼ੰਕਰ ਆਪਣੇ ਅਦਵੈਤ ਵੇਦਾਂਤ ਨੂੰ ਪੂਰੀ ਲਗਨ ਤੇ ਤਰਕ ਨਾਲ ਸਥਾਪਤ ਕਰਦਾ ਹੈ। ਚੰਦੋਗਯਾ ਉਪਨਿਸ਼ਦ ਉਤੇ ਟੇਕ ਰੱਖਦਿਆਂ ਸ਼ੰਕਰ ਕਹਿੰਦਾ ਹੈ ਕਿ ਜਿਵੇਂ ਮਿੱਟੀ ਦੇ ਬਰਤਣ ਮਿੱਟੀ ਦਾ ਹੀ ਰੂਪ-ਭੇਦ ਹਨ, ਕੋਈ ਅਸਲ ਪਰਿਵਰਤਣ ਨਹੀਂ, ਅਸਲ ਵਿਚ ਤਾਂ ਇਹ ਮਿੱਟੀ ਹੀ ਹਨ, ਇਸੇ ਤਰ੍ਹਾਂ ਪੂਰਨ ਸੱਤ ਤਾਂ ਬ੍ਰਹਮ ਹੀ ਹੈ, ਬਾਹਰੀ ਜਗਤ ਨਹੀਂ। ਇਕ ਹੋਰ ਉਦਾਹਰਣ ਦੇਖੋ, ਜਿਵੇਂ ਵਿਅਕਤੀ ਜਨਮ ਤੋਂ ਮੌਤ ਤਕ ਬਚਪਨ, ਜਵਾਨੀ ਬੁਢਾਪਾ ਆਦਿ ਅਵਸਥਾਵਾਂ ਰਾਹੀਂ ਗੁਜ਼ਰਦਾ ਮਨੁੱਖ/ਵਿਅਕਤੀ ਹੀ ਰਹਿੰਦਾ ਹੈ (ਭਾਵ ਇਹ ਅਵਸਥਾਵਾਂ ਕੋਈ ਤਬਦੀਲੀ ਦਾ ਸੰਕੇਤ ਨਹੀਂ ਹਨ) ਇਸੇ ਤਰ੍ਹਾਂ ਸਚਾਈ ਤਾਂ ਬ੍ਰਹਮ ਹੀ ਹੈ ਭਾਵੇਂ ਕਿ ਉਹ ਜਾਦੂਮਈ ਸ਼ਕਤੀ ਮਾਇਆ ਰਾਹੀਂ ਵੱਖਰੇ ਵੱਖਰੇ ਦਿਲ ਖਿਚ ਦੁਨਿਆਵੀ ਦ੍ਰਿਸ਼ ਪੈਦਾ ਕਰਦਾ ਹੈ ਭਾਵ ਕਿ ਜੋ ਸਾਨੂੰ ਨਜ਼ਰ ਆਉਂਦਾ ਹੈ। ਇਹ ਮਿਥਿਆ (Delusion) ਹੀ ਤਾਂ ਹੈ, ਉਸੇ ਦੀ ਲੀਲ੍ਹਾ ਹੈ ਅਰਥਾਤ ਮਾਇਆ ਹੈ।

ਉਪਰ ਦੱਸ ਆਏ ਹਾਂ ਕਿ ਬ੍ਰਹਮ 'ਸਵੈ' (Self) ਦੇ ਰੂਪ ਵਿਚ ਸ਼ੁੱਧ-ਚੇਤਨਾ ਹੈ। ਭਾਵ ਕਿ ਸਵੈ ਭੌਤਿਕ ਸਰੀਰ ਨਹੀਂ ਹੈ, ਨਾ ਹੀ ਇਹ ਹਓਮੈ (Ego) ਹੈ। ਇਹ ਆਤਮਾ (Soul) ਵੀ ਨਹੀਂ, ਨਾ ਹੀ ਇਹ ਬੋਧੀ ਮਹਾਂਯਾਨੀਆਂ ਦੀਆਂ ਮਾਨਸਿਕ ਅਵਸਥਾਵਾਂ (Streams of Mental Status) ਦੀ ਲੜੀ ਹੈ ਅਤੇ ਨਾ ਹੀ ਤਰਕਾਤਮਕ ਪੂਰਵ ਅਨੁਮਾਨ (Logical Postulate) ਹੈ। ਫਿਰ ਕੀ ਹੈ ਇਹ ? ਸ਼ੰਕਰ ਕਹਿੰਦਾ ਕਿ ਇਸ ਦੀ ਵਿਆਖਿਆ ਕਰਨਾ ਸੰਭਵ ਨਹੀਂ, ਕਿਉਂਕਿ ਇਸ ਦੇ ਕੋਈ ਪ੍ਰਤੱਖ ਗੁਣ ਨਹੀਂ ਹਨ, ਇਸ ਸਭ ਕੁਝ ਦੇ ਬਾਵਜੂਦ ਸਵੈ ਦੀ ਹੋਂਦ ਤੋਂ ਇਨਕਾਰੀ ਹੋਣਾ ਵੀ ਅਸੰਭਵ ਹੈ, ਕਿਉਂਕਿ ਇਹ ਉਸ ਵਿਚ ਵੀ ਹਾਜ਼ਰ-ਨਾਜ਼ਰ ਹੈ ਜਿਹੜਾ ਇਸ ਦੀ ਹੋਂਦ ਤੋਂ ਇਨਕਾਰੀ ਹੋਵੇ। ਇਸ ਲਈ ਸ਼ੰਕਰ ਕਹਿੰਦੇ ਕਿ ਸਵੈ ਨੂੰ ਚੇਤਨਤਾ ਹੀ ਕਿਹਾ ਜਾ ਸਕਦਾ ਹੈ, ਇਹ ਚੇਤਨਤਾ ਹੀ ਹੈ। ਇਹ ਵਿਚਾਰਾਂ ਦੀ ਪਕੜ ਵਿਚ ਨਹੀਂ ਆ ਸਕਦੀ, ਪਰੰਤੂ ਫਿਰ ਵੀ ਇਹ ਸਮੁੱਚੇ ਗਿਆਨ ਦਾ ਆਧਾਰ ਹੈ।

ਸਵੈ ਨੂੰ ਅਸਲ ਸ਼ਬਦਾਂ ਵਿਚ, ਸੱਤ, ਚਿੱਤ, ਆਨੰਦ ਕਿਹਾ ਜਾ ਸਕਦਾ ਹੈ, ਜਿਸ ਤੋਂ ਭਾਵ ਪਰਮ ਅਸਤਿਤਵ (Absolute Existence) ਪਰਮ-ਚੇਤਨਤਾ (Absolute Consciousness) ਅਤੇ ਪਰਮ-ਆਨੰਦ (Absolute Bliss) ਹੈ।ਭਾਵ ਸਿਰਫ ਸਵੈ ਹੈ, ਸਰਬ-ਵਿਆਪਕ ਹੈ, ਇਸ ਦਾ ਅਨੁਭਵ ਹੀ ਪੂਰਨ ਆਨੰਦ ਦੀ ਪ੍ਰਾਪਤੀ ਹੈ। ਇਸ ਆਨੰਦ ਦੀ ਪ੍ਰਾਪਤੀ ਉਦੋਂ ਹੀ ਸੰਭਵ ਹੈ ਜਦੋਂ ਮਨੁੱਖ ਅਗਿਆਨਤਾ ਤੋਂ ਪੱਲਾ ਛੁਡਾ ਲੈਂਦਾ ਹੈ ਜਿਸ ਨੂੰ ਸ਼ੰਕਰ ਵਿਦਿਆ ਕਹਿੰਦਾ ਹੈ, ਜਿਵੇਂ ਉਪਰ ਉਲੇਖਿਆ ਜਾ ਚੁੱਕਾ ਹੈ। ਆਨੰਦ-ਪ੍ਰਾਪਤੀ ਤਰਕਵਿਧੀ ਰਾਹੀਂ ਨਹੀਂ ਬਲਕਿ ਅੰਤਰ-ਧਿਆਨ ਰਾਹੀਂ ਹੀ ਸੰਭਵ ਹੈ। ਸੋ ਸਵੈ ਦਾ ਅਨੁਭਵ ਅੰਤਰ-ਗਿਆਨ ਰਾਹੀਂ ਹੁੰਦਾ ਹੈ, ਪ੍ਰਤੱਖ ਗਿਆਨ ਰਾਹੀਂ ਨਹੀਂ। ਸੋ ਸਵੈ ਅਗੰਮੀ-ਸ਼ਕਤੀ ਹੈ। ਇਹ ਅਦੁਤੀ ਪ੍ਰਕਾਸ਼ ਹੈ ਜੋ ਭੌਤਿਕ ਸਰੀਰ ਵਿਚ ਵੀ ਵਿਦਮਾਨ ਹੈ ਅਤੇ ਸਰੀਰ ਤੋਂ ਬਾਹਰ ਖਿਲਾਅ ਵਿਚ ਵੀ। ਇਹ ਰਹੱਸਮਈ ਸ਼ਕਤੀ ਹੈ।

ਸੰਖੇਪ ਵਿਚ ਸ਼ੰਕਰ ਅਨੁਸਾਰ ਬ੍ਰਹਮ/ਪਾਰਬ੍ਰਹਮ ਦੇ ਤਿੰਨ ਸਰੂਪ ਹਨ, ਪਹਿਲਾ ਸਿਰਜਣਾਤਮਕ ਮਾਇਆ ਸ਼ਕਤੀ ਨਿਹਿਤ 'ਈਸ਼ਵਰ' ਕਹਾਉਂਦਾ ਹੈ। ਇਹ ਡੂੰਘੀ ਨੀਂਦ (Deep Slumber) ਦੀ ਅਵਸਥਾ ਹੈ। ਇਸ ਅਵਸਥਾ ਵਿਚ ਬ੍ਰਹਮ ਸਰਬਸ਼ਕਤੀਮਾਨ ਹੈ। ਦੂਸਰੇ, ਸੂਖਮ ਤੱਤਾਂ ਦੀ ਸਿਰਜਣਾ ਕਰਦੇ ਸਮੇਂ ਉਹ ਹਿਰਨਿਆਗਰਭ (Hiranyagraba) ਕਹਾਉਂਦਾ ਹੈ। ਇਹ ਉਸ ਦੀ ਸੁਪਨ ਅਵਸਥਾ (Dream Slumber) ਕਹਾਉਂਦੀ ਹੈ। ਤੀਸਰਾ ਪ੍ਰਤੱਖ/ਸਥੂਲ ਵਸਤਾਂ ਜਾਂ ਦ੍ਰਿਸ਼ਾਂ ਦੀ ਉਤਪਤੀ ਸਮੇਂ ਉਹ ਵਿਰਾਟ (Virat) ਰੂਪ ਧਾਰਨ ਕਰਦਾ ਹੈ, ਹੁਣ ਉਹ ਪੂਰਨ-ਸੁਚੇਤ (Fully Awake) ਰੂਪ ਵਿਚ ਹੁੰਦਾ ਹੈ। ਲੇਕਿਨ ਕਮਾਲ ਇਹ ਹੈ ਕਿ ਸ਼ੁਧ-ਚੇਤਨਾ ਦੇ ਤੌਰ 'ਤੇ ਉਹ ਆਪਣੇ ਹਰ ਸਰੂਪ ਵਿਚ

ਹਾਜ਼ਰ-ਨਾਜ਼ਰ ਹੁੰਦਾ ਹੈ- ਭਾਵ ਸਰਬ-ਵਿਆਪਕ ਅਤੇ ਸ਼ੰਕਰ ਦੇ ਸ਼ਬਦਾਂ ਵਿਚ 'ਪਾਰਬ੍ਰਹਮ'।

(3)

ਮਨੋ-ਵਿਗਿਆਨ ਪੱਖੋਂ ਸ਼ੰਕਰ ਹਿੰਦੂ ਵਿਚਾਰਵਾਦੀ ਪਰਪੰਰਾ ਨੂੰ ਕਾਇਮ ਰਖਦੇ ਹੋਏ ਵਿਅਕਤੀ ਦੀਆਂ ਤਿੰਨ ਮਨੋ-ਵਿਗਿਆਨਕ ਅਵਸਥਾਵਾਂ ਨੂੰ ਸਿਰਫ ਮਾਨਤਾ ਹੀ ਨਹੀਂ ਦਿੰਦਾ ਸਗੋਂ ਹੋਰ ਵੀ ਵਿਸਥਾਰਦਾ ਚਲਾ ਜਾਂਦਾ ਹੈ। ਪੱਛਮੀ ਮਨੋ-ਵਿਗਿਆਨਕ ਪਰੰਪਰਾ ਅਨੁਸਾਰ ਚੇਤਨਤਾ ਦੀ ਸਿਰਫ ਇਕ ਹੀ ਅਵਸਥਾ ਨੂੰ ਸਵੀਕਾਰਿਆ ਗਿਆ ਹੈ, ਜਿਸ ਨੂੰ ਚੇਤੰਨ ਅਵਸਥਾ ਕਿਹਾ ਗਿਆ ਹੈ। ਇਸ ਮੁਤਾਬਕ ਮਨੁੱਖ ਗੂੜ੍ਹੀ ਨੀਂਦ ਤੇ ਸੁਪਨ ਅਵਸਥਾਵਾਂ ਦੇ ਸਮੇਂ ਵੀ ਵਸਤੂਪਰਕ ਅਵਸਥਾ ਵਿਚ ਹੀ ਹੁੰਦਾ ਹੈ, ਭਾਵ ਉਹ ਵਾਸਤਵਿਕ ਜਗਤ ਦਾ ਹਿੱਸਾ ਹੀ ਹੁੰਦਾ ਹੈ ਅਤੇ ਇਹ ਅਵਸਥਾਵਾਂ ਵੀ ਮਨੋ-ਵਿਗਿਆਨਕ ਵਰਤਾਰੇ ਦਾ ਹੀ ਵਿਸਥਾਰ ਹਨ, ਕੋਈ ਅਲੱਗ ਵਰਤਾਰਾ ਨਹੀਂ। ਸ਼ੰਕਰ ਤਾਂ ਚੇਤੰਨ ਅਵਸਥਾ ਨੂੰ ਗੋਚਰ ਜਗਤ (Phenomonal World) ਦਾ ਹਿੱਸਾ ਹੀ ਨਹੀਂ ਮੰਨਦਾ, ਕਿਉਂਕਿ ਉਸ ਲਈ ਤਾਂ ਗੋਚਰ ਜਗਤ ਵੀ ਆਪਣੀ ਹੋਂਦ ਲਈ ਈਸ਼ਵਰ ਉਤੇ ਹੀ ਨਿਰਭਰ ਹੈ। ਇਹ ਅ-ਵਿਦਿਆ ਹੀ ਹੈ ਕਿ ਉਸ ਨੂੰ ਗੋਚਰ ਜਗਤ ਦੇ ਸੱਤ ਹੋਣ ਦਾ ਭੁਲੇਖਾ ਪਾਈ ਰਖਦੀ ਹੈ।

(4)

ਫਿਰ ਇਸ ਅ-ਵਿਦਿਆ ਤੋਂ ਮੁਕਤੀ ਕਿਵੇਂ ਮਿਲੇ ? ਉਸ ਨੂੰ ਕਿਵੇਂ ਇਹ ਸੋਝੀ ਆਵੇ ਕਿ ਸੰਸਾਰ ਤਾਂ ਸਿਰਫ ਮਾਇਆ ਜਾਲ ਹੈ। ਉਹ ਦਵੈਤ ਦੇ ਭੁਲੇਖੇ ਤੋਂ ਕਿਵੇਂ ਛੁਟਕਾਰਾ ਪਾਵੇ ? ਸ਼ੰਕਰ ਦਾ ਬਹੁਤੇ ਵਿਚਾਰਵਾਦੀਆਂ ਵਾਂਗ ਜਵਾਬ ਹੈ ਮੁਕਤੀ ਰਾਹੀਂ। ਤੇ ਮੁਕਤੀ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? ਸ਼ੰਕਰ ਦੱਸਦਾ ਹੈ ਕਿ ਮੁਕਤੀ ਉਦੋਂ ਹੀ ਸੰਭਵ ਹੈ ਜਦੋਂ ਸਵੈ ਅਤੇ ਆਤਮਾ ਦਾ ਦਵੈਤ ਦੂਰ ਹੋ ਜਾਵੇ, ਭਾਵ ਜਦ ਮਨੁੱਖ ਨੂੰ ਅਹਿਸਾਸ ਹੋ ਜਾਵੇ ਕਿ ਉਸ ਦੀ ਆਤਮਾ (Soul) ਅਤੇ ਸਵੈ (Self) ਵਿਚਕਾਰ ਕੋਈ ਅੰਤਰ ਨਹੀਂ ਹੈ। ਇਹ ਇਕ ਹੀ ਹਨ ਜਿਵੇਂ ਉਪਨਿਸ਼ਦਾਂ ਵਿਚ ਬਾਰ ਬਾਰ ਕਿਹਾ ਗਿਆ ਹੈ। ਮੁੱਖ ਤੌਰ 'ਤੇ ਭੌਤਿਕ ਸਰੀਰ (Body) ਅਤੇ ਆਤਮਾ (Soul) ਦੇ ਸੁਮੇਲ ਦਾ ਪੁਤਲਾ ਹੈ ਮਨੁੱਖ। ਭੌਤਿਕ ਸਰੀਰ ਦੀ ਦਿੱਖ ਤਾਂ ਸਿਰਫ ਭਰਮਕ ਹੀ ਹੈ, ਇਸ ਲਈ ਬਾਕੀ ਸਿਰਫ ਆਤਮਾ (Soul) ਹੀ ਰਹਿ ਜਾਂਦੀ ਹੈ, ਜੋ ਅਸਲ ਰੂਪ ਵਿਚ ਬ੍ਰਹਮ ਹੀ ਹੈ। ਸ਼ੰਕਰ ਇਸ ਨੂੰ ਹੋਰ ਢੰਗ ਰਾਹੀਂ ਵੀ ਬਿਆਨ ਕਰਦਾ ਹੈ। ਭੌਤਿਕ ਸਰੀਰ ਸਿਰਫ ਪ੍ਰਤੱਖ-ਵਸਤੂ ਹੀ ਨਹੀਂ ਹੈ। ਇਸ ਦਾ ਦੂਸਰਾ ਹਿੱਸਾ ਇੰਦਰੀਆਂ (Senses), ਪ੍ਰਾਣ (Vital Elements) ਅਤੇ ਅੰਤਹਕਰਣ (Internal Mechanism of Knowledge) ਹਨ। ਇਹ ਤਿੰਨੇ ਹਿੱਸੇ ਸੂਖਮ ਤੱਤ ਕਹਿਲਾਉਂਦੇ ਹਨ। ਸ਼ੰਕਰ ਅਨੁਸਾਰ ਭੌਤਿਕ ਸਰੀਰ (Gross Body) ਤਾਂ ਨਾਸ਼ਵਾਨ ਹੈ ਪਰ ਸੂਖਮ ਤੱਤ ਆਤਮਾ ਦੇ ਨਾਲ ਹੀ ਨਵੇਂ ਸਰੀਰ ਵਿਚ ਪ੍ਰਵੇਸ਼ ਕਰਦੇ ਹਨ। ਇਸ ਅੰਤਰ ਨੂੰ ਅਤੇ ਇਸ ਸਚਾਈ ਨੂੰ ਜਾਣ ਲੈਣਾ ਕਿ ਸਰੀਰ ਅਤੇ ਆਤਮਾ ਅਲੱਗ ਹਨ, ਆਤਮਾ ਦਾ ਰੂਹਾਨੀਅਤ ਰਿਸ਼ਤਾ ਬ੍ਰਹਮ ਨਾਲ ਹੈ ਨਾ ਕਿ ਭੌਤਿਕ ਸਰੀਰ ਨਾਲ, ਇਹੀ ਅਵਸਥਾ ਦੁਨਿਆਵੀ ਬੰਧਨਾਂ ਤੋਂ ਮੁਕਤੀ ਪ੍ਰਾਪਤੀ ਦਾ ਸਾਧਨ ਬਣਦੀ ਹੈ।

ਬ੍ਰਹਮ-ਸੂਤਰਾਂ ਉਤੇ ਟਿੱਪਣੀਆਂ ਕਰਦਾ ਸ਼ੰਕਰ ਇਕ ਵੇਦਾਂਤੀ ਲਈ ਚਾਰ ਮੁਢਲੀਆਂ ਸ਼ਰਤਾਂ ਦੀ ਪੂਰਤੀ ਉਤੇ ਜ਼ੋਰ ਦਿੰਦਾ ਹੈ। ਪਹਿਲੀ, ਸੱਤ ਅਤੇ ਅ-ਸੱਤ ਦਾ ਭੇਦ ਸਮਝਣਾ (ਨਿਤਯ ਅਨਿਤਯ-ਵਸਤੂ ਵਿਵੇਕ) ਦੂਜੀ, ਦੁਨਿਆਵੀ ਇਛਾਵਾਂ ਦੀ ਪੂਰਤੀ ਦਾ ਤਿਆਗ (ਇਹਮ ਉਤਰਾਥ ਭੋਗ-ਵੈਰਾਗਯ), ਤੀਸਰੀ, ਮਨ ਤੇ ਇੰਦਰੀਆਂ ਉਤੇ ਪੂਰਨ ਕੰਟਰੋਲ ਅਤੇ ਸਬਰ ਸੰਤੋਖ, ਇਕਾਗਰਤਾ ਦਾ ਧਾਰਨੀ ਹੋਣਾ (ਸਮਾਧਿ-ਸਾਧਨਾ ਸੰਪਟ) ਅਤੇ ਚੌਥੀ, ਮੁਕਤੀ ਦੀ ਤੀਬਰ ਇੱਛਾ ਰੱਖਣਾ (ਮੁਮਕਸਤਵ)। ਸ਼ੰਕਰ ਅੱਗੇ ਕਹਿੰਦਾ ਹੈ ਕਿ ਵੇਦਾਂਤੀ ਨੂੰ ਵੇਦਾਂਤ ਦਾ ਗਿਆਨ ਉਸ ਗੁਰੂ ਤੋਂ ਪ੍ਰਾਪਤ ਕਰਨਾ ਚਾਹੀਦਾ ਹੈ ਜਿਹੜਾ ਖੁਦ



ਬ੍ਰਹਮ ਦੀ ਪ੍ਰਾਪਤੀ ਕਰ ਚੁੱਕਾ ਹੋਵੇ ਕਿਉਂਕਿ ਉਹੀ ਉਸਦੇ ਮਨ ਦੀਆਂ ਸ਼ੰਕਾਂਵਾਂ ਨੂੰ ਦੂਰ ਕਰ ਸਕਣ ਦੀ ਸਮਰਥਾ ਰੱਖਦਾ ਹੈ। ਸ਼ੰਕਰ ਅਨੁਸਾਰ ਪਿਛਲੇ ਜਨਮ-ਜਨਮੰਤਰਾਂ ਦੇ ਵਿਸ਼ਵਾਸ਼/ਸੰਸਕਾਰ ਮੁਸ਼ਕਿਲ ਨਾਲ ਧੋਤੇ ਜਾਂਦੇ ਹਨ। ਅਜਿਹਾ ਕਰਨ ਬਗੈਰ ਵੇਦਾਂਤੀ ਲਈ ਸੱਚ ਦੀ ਪ੍ਰਾਪਤੀ ਕਠਿਨ ਹੈ। ਇਸ ਪਿੱਛੋਂ ਹੀ ਗੁਰੂ ਵੇਦਾਂਤੀ ਨੂੰ ਕਹਿ ਸਕਦਾ ਹੈ 'ਤੂੰ ਹੀ ਬ੍ਰਹਮਾ (Thou Art Brahm) ਹੈ।' ਪਰ ਇਸ ਸਥਿਤੀ 'ਤੇ ਪਹੁੰਚਣ ਲਈ ਹਿੰਦੂ ਧਰਮ ਦੇ ਸਾਰੇ ਹੀ ਸਿਮਰਤੀਆਂ ਅਤੇ ਵੇਦਾਂ-ਉਪਨਿਸ਼ਦਾਂ ਦਾ ਅਧਿਐਨ ਹੀ ਜ਼ਰੂਰੀ ਨਹੀਂ ਬਲਕਿ ਇਨ੍ਹਾਂ ਨੂੰ ਦੋਸ਼-ਰਹਿਤ, ਅਨਾਦਿ ਮੰਨਣਾ ਵੀ ਉਨਾਂ ਹੀ ਜ਼ਰੂਰੀ ਹੈ। ਇਸ ਵਿਸ਼ਵਾਸ ਦਾ ਹੀ ਸਿੱਟਾ ਸੀ ਕਿ ਸ਼ੰਕਰ ਨੂੰ ਨਿਰਗੁਣ ਬ੍ਰਹਮ ਦੇ ਨਾਲ ਨਾਲ ਸਰਗੁਣ ਬ੍ਰਹਮ ਦੀ ਵੀ ਜ਼ਰੂਰਤ ਮਹਿਸੂਸ ਹੋਈ। ਪ੍ਰਭੂ-ਭਗਤੀ ਮੁਕਤੀ ਲਈ ਅਤੀ ਜ਼ਰੂਰੀ ਹੈ, ਸ਼ੰਕਰ ਦਾ ਇਸ ਵਿਚ ਵੀ ਦ੍ਰਿੜ ਵਿਸ਼ਵਾਸ ਸੀ। ਧਰਮ-ਸ਼ਾਸਤਰੀ ਵੀ ਪਰਮਾਤਮਾ ਦੀ ਭਗਤੀ ਉਤੇ ਬਹੁਤ ਜ਼ੋਰ ਦਿੰਦੇ ਹਨ। ਇਸ ਦੇ ਪਿਛੋਕੜ ਵਿਚ ਸ਼ੰਕਰ ਕਿਵੇਂ ਇਕੱਲੇ ਨਿਰਗੁਣ ਬ੍ਰਹਮਵਾਦੀ ਦੀ ਹੀ ਗੱਲ ਕਰ ਸਕਦਾ ਸੀ ? ਉਸ ਦਾ 'ਈਸ਼ਵਰ' ਦਾ ਸੰਕਲਪ ਇਸੇ ਲੋੜ ਦੀ ਕਾਢ ਹੈ। ਸ਼ੰਕਰ ਕਹਿੰਦੈ ਕਿ ਜਿੰਨੀ ਦੇਰ ਤਕ ਮਨੁੱਖ ਵਾਸਤਵਿਕ ਪੱਧਰ ਉਤੇ ਸਥੂਲ ਰੂਪੀ ਰੱਬ ਦੀ ਭਗਤੀ ਵਿਚ ਲੀਨ ਨਹੀਂ ਹੋ ਜਾਂਦਾ ਉਨੀ ਦੇਰ ਨਿਰਗੁਣ, ਬ੍ਰਹਮਾ ਦਾ ਅਨੁਭਵ ਉਸ ਨੂੰ ਹੋਣਾ ਸੰਭਵ ਨਹੀਂ, ਦੂਸਰੇ ਸ਼ਬਦਾਂ ਵਿਚ ਆਤਮਾ (Soul) ਬ੍ਰਹਮ (Absolute) ਦੀ ਅਭੇਦਤਾ (ਮੁਕਤੀ) ਦਾ ਅਨੁਭਵ ਸਥੂਲ ਰੂਪ ਈਸ਼ਵਰ ਦੀ ਪੂਜਾ ਬਗੈਰ ਅਸੰਭਵ ਹੈ। ਇਥੋਂ ਤਕ ਕਿ ਵੈਦਿਕ ਕਰਮ-ਕਾਂਡ, ਜਿਸ ਨੂੰ ਸ਼ੰਕਰ ''ਨੀਵੇਂ ਦਰਜੇ'' ਦਾ ਗਿਆਨ ਕਹਿੰਦੈ, ਵੀ ਮੁਕਤੀ ਲਈ ਜ਼ਰੂਰੀ ਹੈ ਅਤੇ ਇਸ ਫਾਨੀ ਸੰਸਾਰ ਵਿਚ ਮਨੁੱਖ ਦਾ ਪਰਮ ਮਨੋਰਥ ਭਗਤੀ ਵਿਚ ਲੀਨ ਹੋ ਕੇ ਬ੍ਰਹਮ ਨਾਲ ਲਿਵ ਲਾਉਣਾ ਹੀ ਹੈ। ਸ਼ੰਕਰ ਤੋਂ ਬਾਅਦ ਮੂਰਤੀ ਪੂਜਾ ਪ੍ਰਤੀ ਭਾਰਤੀਆਂ ਦਾ ਜਿਹੜਾ ਮੋਹ ਵਧਿਆ, ਉਹ ਸ਼ੰਕਰ ਦੇ 'ਬ੍ਰਹਮ-ਵਾਦ' ਦਾ ਹੀ ਸਿੱਟਾ ਹੈ।

(5)

ਸ਼ੰਕਰ ਆਚਾਰੀਆ ਦੇ ਅਦਵੈਤਵਾਦ ਦਾ ਗਿਆਨ-ਪ੍ਰਾਪਤੀ (ਗਿਆਨ-ਮੀਮਾਂਸਾ) ਦਾ ਸੰਕਲਪ ਵੀ ਦੂਸਰੇ ਹਿੰਦੂ ਵਿਚਾਰਵਾਦੀ ਦਰਸ਼ਨਾਂ ਤੋਂ ਅਲੱਗ ਨਹੀਂ ਹੈ। ਭਾਵ ਕਿ ਉਹ ਵਿਵੇਕਸ਼ੀਲਤਾ ਨੂੰ ਗਿਆਨ-ਪ੍ਰਾਪਤੀ ਦੇ ਸਰੋਤ ਵਜੋਂ ਮਾਨਤਾ ਤਾਂ ਦਿੰਦਾ ਹੈ ਪਰ ਇਹ ਵੀ ਦਾਅਵਾ ਕਰਦਾ ਹੈ ਕਿ ਵਿਵੇਕਸ਼ੀਲਤਾ ਨਾ ਹੀ ਭਰੋਸੇਯੋਗ ਸਰੋਤ ਹੈ ਅਤੇ ਨਾ ਹੀ ਇਸ ਰਾਹੀਂ ਬ੍ਰਹਮ-ਗਿਆਨ ਦੀ ਪ੍ਰਾਪਤੀ ਸੰਭਵ ਹੈ। ਸੱਚਾ ਗਿਆਨ (Right Knowledge) ਤਾਂ ਵਿਅਕਤੀਗਤ ਅੰਤਰ-ਦ੍ਰਿਸ਼ਟੀ (Intuition) ਰਾਹੀਂ ਹੀ ਸੰਭਵ ਹੈ। ਅੰਤਰ-ਗਿਆਨ ਪ੍ਰਾਪਤੀ ਲਈ ਹਿੰਦੂ ਧਰਮ-ਗ੍ਰੰਥਾਂ ਦਾ ਸ਼ਰਧਾਪੂਰਬਕ ਅਧਿਐਨ ਤੇ ਕਰਮ-ਕਾਂਡ ਦੀ ਮਾਨਤਾ ਜ਼ਰੂਰੀ ਹਨ ਅਤੇ ਨਾਲ ਨਾਲ ਇਹ ਵਿਸ਼ਵਾਸ ਕਰਨਾ ਵੀ ਜ਼ਰੂਰੀ ਹੈ ਕਿ ਜੋ ਕੁਝ ਵੀ ਗ੍ਰੰਥ ਕਹਿੰਦੇ ਹਨ, ਉਸਦੀ ਪੁਸ਼ਟੀ ਜੁਗਾਂ-ਜੁਗਾਂਤਰਾਂ ਤੋਂ ਹੁੰਦੀ ਆਈ ਹੈ, ਤੇ ਇਸ ਲਈ ਇਹ ਗ੍ਰੰਥ ਅਨਾਦਿ ਹਨ। ਇਹਨਾਂ ਦਾ ਗਿਆਨ ਪਰਮ-ਗਿਆਨ ਹੈ, ਕਿਉਂਕਿ ਇਹ ਪਾਰਬ੍ਰਹਮ ਦੀ ਅਭਿਵਿਅਕਤੀ ਹੀ ਹਨ। ਇਸੇ ਲਈ ਇਹ ਅੰਤਮ ਅਤੇ ਦੋਸ਼ ਰਹਿਤ ਹਨ।

ਦਰਅਸਲ ਸ਼ੰਕਰ ਹਿੰਦੂ ਗ੍ਰੰਥਾਂ (ਸ਼ੁਤਿ-ਸਿਮਰਤੀ ਆਦਿ) 'ਤੇ ਆਧਾਰਤ ਵਿਚਾਰਧਾਰਾ ਨੂੰ ਗਿਆਨ-ਪ੍ਰਾਪਤੀ ਲਈ ਮੁਢਲੀ ਸ਼ਰਤ ਸਮਝਦਾ ਹੈ, ਤਾਂ ਹੀ ਤਾਂ ਸ਼ੰਕਰ ਚਾਰੇ ਆਸ਼ਰਮਾਂ, ਚਾਰੇ ਵਰਣ, ਸਹਿਜ ਤ੍ਰੈਗੱਣ ਸਿਧਾਂਤ (ਸਦੋ-ਗੁਣ, ਰਜੋ-ਗੁਣ ਤੇ ਤਮੋ-ਗੁਣ), ਪੂਜਾ-ਪਾਠ, ਕਰਮ-ਕਾਂਡੀ ਗਿਆਨ ਨੂੰ ਬਗੈਰ ਕਿੰਤੂ ਕੀਤਿਆਂ ਮੰਨਣਾ ਲਾਜ਼ਮੀ ਸਮਝਦਾ ਹੈ। ਭਾਵੇਂ ਕਿ ਬ੍ਰਹਮ-ਪ੍ਰਾਪਤੀ ਪਿੱਛੋਂ ਵਿਅਕਤੀ ਇਹਨਾਂ ਬੰਧਨਾਂ, ਸੰਸਕਾਰਾਂ ਤੋਂ ਉਪਰ ਉਠ ਜਾਂਦਾ ਹੈ ਅਤੇ ਉਸ ਲਈ ਕੋਈ ਉਚ-ਨੀਚ, ਵੱਡਾ-ਛੋਟਾ, ਅਮੀਰ-ਗਰੀਬ ਨਹੀਂ ਰਹਿ ਜਾਂਦਾ ਕਿਉਂਕਿ ਉਸਨੂੰ ਹਰ ਪਾਸੇ ਬ੍ਰਹਮ ਹੀ ਨਜ਼ਰ ਆਉਂਦਾ ਹੈ, ਇਥੋਂ ਤਕ ਕਿ ਸਮੁੱਚਾ ਬ੍ਰਹਮੰਡ ਹੀ ਬ੍ਰਹਮ ਦਾ ਵਿਰਾਟ ਰੂਪ ਨਜ਼ਰ ਆਉਣ ਲੱਗ ਪੈਂਦਾ ਹੈ। ਸ਼ੰਕਰ ਇਸ ਅਵਸਥਾ ਨੂੰ ਹੀ ਆਦਰਸ਼-ਅਵਸਥਾ ਮੰਨਦਾ ਹੈ।

ਉਂਞ ਭਾਵੇਂ ਇਹ ਮਾਨਸਿਕ ਅਵਸਥਾ ਬਹੁਤ ਕ੍ਰਾਂਤੀਕਾਰੀ ਜਾਪਦੀ ਹੈ ਪਰੰਤੂ ਇਸਦਾ ਦੂਸਰਾ ਪਹਿਲੂ ਵੀ ਹੈ ਜਿਹੜਾ ਜਗਤ ਗੁਰੂ ਸ਼ੰਕਰ ਦੇ ਵਿਰਸੇ ਦੇ ਰੂਪ ਵਿਚ ਅੱਜ ਵੀ ਸਾਡਾ ਸਾਹਮਣਾ ਕਰ ਰਿਹਾ ਹੈ। ਇਹ ਪਹਿਲੂ ਹੈ ਸਮਾਜਕ ਅਵਸਥਾ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਣਾ। ਸ਼ੰਕਰ ਦਾ ਅਦਵੈਤ-ਸਿਧਾਂਤ ਕ੍ਰਾਂਤੀਕਾਰੀ ਤਾਂ ਹੋਣਾ ਸੀ ਜੇ ਉਹ ਸਿਰਫ ਤੇ ਸਿਰਫ ਇਹੀ ਵਿਸਵਾਸ਼ ਸਥਾਪਤ ਕਰਦਾ ਕਿ ਇਸ ਸੰਸਾਰ ਦੇ ਹਰ ਸਮੇਂ ਅਤੇ ਵਰਤਾਰੇ ਵਿਚ 'ਬ੍ਰਹਮ' ਹੀ 'ਬ੍ਰਹਮ' ਵਿਦਮਾਨ ਹੈ। ਹਰ ਪਾਸੇ ਉਹੀ ਉਹ ਹੈ; ਦਰਅਸਲ ਦਰਸ਼ਨ ਦੇ ਇਤਿਹਾਸ ਵਿਚ ਅਦਵੈਤਵਾਦ ਦੀ ਮਨੁੱਖੀ ਬਰਾਬਰਤਾ ਸਥਾਪਤ ਕਰਨ ਹਿਤ ਇਹੀ ਸਾਰਥਕ ਭੂਮਿਕਾ ਰਹੀ ਹੈ ਅਤੇ ਰਹੇਗੀ ਵੀ। ਇੰਞ ਘੱਟੋ-ਘੱਟ ਜਾਤੀ ਅਤੇ ਲਿੰਗਕ ਵਿਤਕਰੇ ਤਾਂ ਘਟਦੇ, ਲੋਕ ਕਰਮ-ਕਾਂਡੀ ਸੰਸਕਾਰਾਂ ਤੋਂ ਮੁਕਤ ਹੁੰਦੇ, ਜਿਸ ਦੇ ਸਿੱਟੇ ਸੱਚੀਂ ਮੁੱਚੀਂ ਬੜੇ ਹੀ ਸਾਰਥਕ ਨਿਕਲਦੇ। ਇਹੀ ਕਾਰਨ ਹੈ ਕਿ ਸ਼ੁਰੂ ਵਿਚ ਸ਼ੰਕਰ ਦਾ ਵਿਰੋਧ ਵੇਦਾਂਤੀਆਂ ਵਲੋਂ ਹੋਇਆ ਪਰ ਜਾਪਦੈ ਜਲਦੀ ਹੀ ਉਹਨਾਂ ਨੂੰ ਸਮਝ ਆ ਗਈ ਕਿ ਸ਼ੰਕਰ ਅਸਲ ਵਿਚ ਵਿਵਸਥਾ ਜਿਉਂ ਦੀ ਤਿਉਂ ਹੀ ਬਰਕਰਾਰ ਰੱਖਣ ਦਾ ਹਾਮੀ ਹੈ। ਮੁਕਤੀ-ਪ੍ਰਾਪਤੀ ਤੋਂ ਬਾਅਦ ਕੋਈ ਵਿਅਕਤੀ ਕੀ ਅਜਿਹਾ ਕਹੇਗਾ ਕਿ ਵਾਸਤਵਿਕ ਜੀਵਨ ਅਸਲ ਜੀਵਨ ਹੈ, ਵਸਤੂ ਗੋਚਰ ਬ੍ਰਹਮੰਡ ਹੀ ਅਸਲ ਸਚਾਈ ਹੈ, ਜਾਂ ਉਹ ਇਹ ਕਹੇਗਾ ਕਿ ਸਮਾਜ ਵਿਚ ਜਾਤ-ਪਾਤ, ਉਚ-ਨੀਚ, ਗਰੀਬੀ-ਅਮੀਰੀ ਨਹੀਂ ਚਾਹੀਦੀ। ਅਜਿਹਾ ਸਵੀਕਾਰਨਾ ਮੁਕਤੀ ਪ੍ਰਾਪਤ-ਵਿਅਕਤੀ ਲਈ ਸੰਭਵ ਨਹੀਂ ਹੋਏਗਾ, ਕਿਉਂਕਿ ਅਜਿਹਾ ਕਰਨਾ ਸ਼ੰਕਰ ਦੇ ਮੂਲ ਸਿਧਾਂਤ ਦਾ ਵਿਰੋਧ ਹੋ ਨਿਬੜੇਗਾ। ਮੁਕਤੀ-ਪ੍ਰਾਪਤ ਵਿਅਕਤੀ ਉਹੀ ਪ੍ਰਚਾਰ ਕਰੇਗਾ ਜਿਹੜਾ ਸ਼ੰਕਰ ਖੁਦ ਕਰਦਾ ਰਿਹਾ, ਭਾਵ ਕਿ ਵਾਸਤਵਿਕ ਜਗਤ ਸੱਚ ਨਹੀਂ ਹੈ, ਬ੍ਰਹਮ ਤੋਂ ਸਿਵਾਏ ਕੁਝ ਵੀ ਨਹੀਂ ਹੈ, ਜੀਵਨ ਤੇ ਵਸਤੂ-ਜਗਤ ਕੁਝ ਵੀ ਨਹੀਂ ਹਨ। ਜਵਾਬ ਨਾਂਹ ਵਿਚ ਹੋਏਗਾ। ਸਵਾਲ ਇਹ ਰਹਿ ਜਾਂਦਾ ਹੈ ਕਿ ਫਿਰ ਮਨੁੱਖ ਕਿਰਿਆਸ਼ੀਲ ਕਿਸ ਮੰਤਵ ਲਈ ਹੋਏਗਾ? ਇਹ ਸਵਾਲ ਬਣਿਆ ਰਹੇਗਾ।

(6)

ਇਸ ਪਿਛੋਕੜ ਵਿਚ ਜਗਤ ਗੁਰੂ ਸ਼ੰਕਰ ਦੇ 'ਬ੍ਰਹਮਵਾਦ' ਦਾ ਅਸਲ ਮਨੋਰਥ ਕੀ ਹੋ ਸਕਦਾ ਹੈ? ਇਸ ਦਾ ਜਵਾਬ ਵੀ ਇਹਿਤਾਸਕ ਪਿਛੋਕੜ ਵਿਚ ਹੀ ਦਿੱਤਾ ਜਾ ਸਕਦਾ ਹੈ। ਸ਼ੰਕਰ ਤੋਂ ਬਹੁਤ ਅਰਸਾ ਪਹਿਲਾਂ ਤਥਾਗਤ ਬੁੱਧ ਦੀ ਬੌਧਿਕ ਤੇ ਸਮਾਜਕ ਕ੍ਰਾਂਤੀ ਨੇ ਸਮਾਜਕ ਉਥਲ-ਪੁੱਥਲ ਦੀ ਨੀਂਹ ਰੱਖੀ ਸੀ। ਭਾਵੇਂ ਨਿਆਏ- ਵਿਸ਼ੇਸ਼ਕ ਦਰਸ਼ਨ ਤੇ ਸਾਂਖ ਦਰਸ਼ਨ ਆਸਤਕ ਦਰਸ਼ਨ ਸਨ ਪਰੰਤੂ ਇਹਨਾਂ ਦੇ 'ਆਰੰਭਵਾਦ' ਅਤੇ 'ਪਰਿਣਾਮਵਾਦ' ਦੇ ਸਿਧਾਂਤ ਦਾਰਸ਼ਨਿਕ ਪੱਖੋਂ ਸਲਾਹੁਣਯੋਗ ਸਨ। ਇਹਨਾਂ ਪਿੱਛੋਂ ਲੋਕਾਇਤ ਦਰਸ਼ਨ ਨੇ ਬ੍ਰਾਹਮਣਵਾਦੀ ਪਰੰਪਰਾਵਾਂ ਦੀਆਂ ਦਾਰਸ਼ਨਿਕ ਜੜ੍ਹਾਂ ਹਿਲਾਈਆਂ ਸਨ। ਦਰਅਸਲ ਬੋਧੀ ਲਹਿਰ ਤੇ ਲੋਕਾਇਤ ਦਰਸ਼ਨਾਂ ਵਿਚ ਬੌਧਕ ਤੇ ਸਮਾਜਕ ਕ੍ਰਾਂਤੀ ਦੀਆਂ ਸੰਭਾਵਨਾਵਾਂ ਨਿਹਿਤ ਸਨ। ਇਹ ਹੁਣ ਮੌਜੂਦ ਹਨ ਕਿਉਂਕਿ ਦੋਨੋਂ ਦਰਸ਼ਨ ਵੈਦਿਕ ਗਿਆਨ ਤੇ ਸਿਮਰਤੀ-ਗਿਆਨ ਨੂੰ ਨਾ ਹੀ ਅੰਤਮ, ਅਨਾਦਿ ਤੇ ਨਾ ਹੀ ਸਰਬਵਿਆਪਕ ਸਵੀਕਾਰਦੇ ਹਨ। ਮਨੁੱਖੀ ਆਜ਼ਾਦੀ, ਸਮਾਜ ਤੇ ਵਿਅਕਤੀ ਦੇ ਅੰਤਰਗਤ ਸੰਬੰਧਾਂ ਅਤੇ ਬ੍ਰਹਮੰਡ ਦੀ ਉਤਪਤੀ ਤੇ ਵਿਕਾਸ ਬਾਰੇ ਇਹਨਾਂ ਦਰਸ਼ਨਾਂ ਦੀ ਪਹੁੰਚ ਵੇਦਾਂਤ ਤੋਂ ਬਿਲਕੁਲ ਵੱਖਰੀ ਸੀ ਤੇ ਹੁਣ ਵੀ ਹੈ। ਬੁੱਧ ਦਾ ਕਲਾਮ-ਸੂਤਰ ਤਾਂ ਮਨੁੱਖੀ ਆਜ਼ਾਦੀ ਦਾ ਮੈਗਨਾਕਾਰਟਾ (Magnacarta) ਹੈ। ਆਦਿ-ਸ਼ੰਕਰ ਬਦਕਿਸਮਤੀ ਨਾਲ ਇਸ ਵੱਖਰੀ ਦਾਰਸ਼ਨਿਕ - ਦ੍ਰਿਸ਼ਟੀ ਦਾ ਡਟ ਕੇ ਵਿਰੋਧ ਕਰਦਾ ਹੈ - ਇਹੀ ਉਸਦੇ ਅਦਵੈਤ-ਵੇਦਾਂਤ ਦਾ ਅਸਲ ਮਨੋਰਥ ਹੈ। ਆਓ ਦੇਖਦੇ ਹਾਂ।

ਮੀਮਾਂਸਾ ਦਰਸ਼ਨ ਤੇ ਸਾਂਖ ਦਰਸ਼ਨ ਵਾਸਤਵਿਕ ਜਗਤ ਨੂੰ ਮੁੱਢ-ਕਦੀਮੀ ਮਾਦੇ (Primeval Matter) ਦਾ ਪ੍ਰਗਟਾਅ ਰੂਪ ਹੀ ਮੰਨਦੇ ਹਨ, ਭਾਵੇਂ ਕਿ ਮੀਮਾਂਸਾ ਦਰਸ਼ਨ ਕਰਮ-ਕਾਂਡ ਦੀ ਵੀ ਪੂਰੀ ਪ੍ਰੋੜਤਾ ਕਰਦਾ ਹੈ। ਸ਼ੰਕਰ ਗੋਚਰ ਜਗਤ ਨੂੰ ਭਰਮ ਦੱਸਦਾ ਹੈ, ਭਾਵ ਕਿ ਵਾਸਤਵਿਕ ਜਗਤ



ਮਹੱਤਵਹੀਣ ਹੈ। ਇਸੇ ਤਰ੍ਹਾਂ ਸ਼ੰਕਰ ਕਰਮ ਫਿਲਾਸਫੀ ਨੂੰ ਵੀ ਰੱਦ ਕਰਦਾ ਜਾਂਦਾ ਹੈ, ਕਿਉਂਕਿ ਕਰਮ ਲਈ ਸਥੂਲ ਸਰੀਰ, ਬਾਹਰੀ ਜਗਤ ਤੇ ਸਾਰਾ ਸਮਾਜਕ ਵਰਤਾਰਾ ਜ਼ਰੂਰੀ ਹੈ, ਪਰ ਅਜਿਹਾ ਸ਼ੰਕਰ ਦਾਰਸ਼ਨਿਕ ਦ੍ਰਿਸ਼ਟੀ ਤੋਂ ਸਵੀਕਾਰ ਨਹੀਂ ਕਰਦਾ। ਕਾਰਨ ਸਪਸ਼ਟ ਹੈ। ਦੇਹ (ਸਰੀਰ), ਵਾਸਤਵਿਕ ਜਗਤ ਤੇ ਸਮਾਜਕ ਸੰਬੰਧਾਂ ਨੂੰ ਸੱਚ ਮੰਨਿਆ ਜਾਵੇ ਤਾਂ ਇਹ ਦਵੈਤ ਦੀ ਭਾਵਨਾ ਪੈਦਾ ਕਰਦੇ ਹਨ, ਜਦ ਕਿ ਸ਼ੰਕਰ ਲਈ ਦਵੈਤ ਦੀ ਭਾਵਨਾ ਜਾਂ ਵਰਤਾਰਾ ਹੈ ਹੀ ਨਹੀਂ - ਸਭ ਕੁਝ ਜੋ ਵੀ ਹੈ, ਇਹ 'ਬ੍ਰਹਮ' ਹੀ ਸਦੀਵੀ ਸੱਚ ਹੈ।

ਸ਼ੰਕਰ ਅਚਾਰੀਆ ਨਿਆਏ-ਵਿਸ਼ੇਸ਼ਕ ਦੇ ਆਰੰਭਵਾਦ ਜਾਂ ਸਾਂਖ ਦਰਸ਼ਨ ਦੇ ਪਰਿਣਾਮਵਾਦ (Prinam Vad) ਜਾਂ ਸੱਤ-ਕਿਰਿਆਵਾਦ ਦੇ ਸਿਧਾਂਤਾਂ ਨੂੰ ਵੀ ਝੁਠਲਾਉਂਦਾ ਚਲਾ ਜਾਂਦਾ ਹੈ ਤੇ ਭਾਰਤ ਵਿਚ ਵਿਗਿਆਨਕ ਸੋਚ ਉਭਰਨ ਦੀਆਂ ਸੰਭਾਵਨਾਵਾਂ ਨੂੰ ਹੀ ਖਤਮ ਕਰਦਾ ਜਾਂਦਾ ਹੈ, ਜਿਹੜੀਆਂ ਇਹਨਾਂ ਦਰਸ਼ਨ-ਸ਼ਾਸਤਰਾਂ ਵਿਚ ਨਿਹਿਤ ਸਨ (ਹਨ ਵੀ)। ਸ਼ੰਕਰ ਇਹਨਾਂ ਸਿਧਾਂਤਾਂ ਦੇ ਬਦਲੇ ਵਿਵਰਤਾਵਾਦ (Vivarata Vad) ਦਾ ਸਿਧਾਂਤ ਪੇਸ਼ ਕਰਦਾ ਹੈ ਜਿਹੜਾ ਕਾਰਨ-ਕਾਰਜ ਜਾਂ ਕਾਰਣਤਾ ਰਾਹੀਂ ਕੋਈ ਤਬਦੀਲੀ ਨੂੰ ਅਸਲ ਤਬਦੀਲੀ ਨਾ ਮੰਨ ਕੇ ਸਿਰਫ ਭਰਾਮਕ ਤਬਦੀਲੀ ਦਾ ਹੀ ਸੰਕੇਤ ਦੱਸਦਾ ਹੈ। ਵਿਵਰਤਾਵਾਦ ਅਨੁਸਾਰ ਬ੍ਰਾਹਮੰਡ ਵਿਚ ਕੋਈ ਕਿਸੇ ਤਰ੍ਹਾਂ ਦੀ ਤਬਦੀਲੀ ਵਾਪਰਦੀ ਹੀ ਨਹੀਂ, ਕਿਉਂਕਿ ਜੋ ਤਬਦੀਲੀ ਨਜ਼ਰ ਆਉਂਦੀ ਹੈ, ਉਹ ਸਿਰਫ ਭਰਮ ਹੀ ਹੈ। 'ਬ੍ਰਹਮ' ਸੱਤ ਹੈ ਭਾਵ ਸਥਾਈ ਹੈ, ਉਹ ਤਾਂ ਤਬਦੀਲ ਹੀ ਨਹੀਂ ਹੁੰਦਾ- ਜੋ ਤਬਦੀਲੀ ਨਜ਼ਰ ਆ ਰਹੀ ਹੈ, ਇਕ ਭੁਲੇਖਾ-ਮਾਤਰ ਹੀ ਹੈ। ਸ਼ੰਕਰ ਕਹਿੰਦੈ ਕਿ ਜਿਸਨੂੰ ਅਸੀਂ ਤਬਦੀਲੀ ਸਵੀਕਾਰ ਲੈਂਦੇ ਹਾਂ, ਇਹ ਸਿਰਫ ਕਾਰਜ ਦਾ ਹੀ ਰੂਪ-ਭੇਦ ਹੈ, ਕਾਰਨ (Cause) ਵਿਚ ਤਾਂ ਕੋਈ ਤਬਦੀਲੀ ਹੋ ਹੀ ਨਹੀਂ ਸਕਦੀ, ਨਾ ਹੀ ਇਹ ਤਬਦੀਲੀ ਦਾ ਕਾਰਨ ਹੈ: ਪਰ ਸ਼ੰਕਰ ਇਹ ਵੀ ਨਹੀਂ ਦੱਸਦਾ ਕਿ ਫਿਰ ਕਾਰਜ (Effect) ਦਾ ਕੀ ਸਰੋਤ ਹੈ?

ਜਦ ਕਿ ਆਰੰਭਵਾਦ (ਅ-ਸੱਤ-ਕਿਰਿਆ-ਵਾਦ) ਅਨੁਸਾਰ ਕਾਰਜ (Effect) ਅਸਲੋਂ ਹੀ ਨਵੀਂ ਵਸਤੂ ਹੁੰਦੀ ਹੈ, ਕਾਰਨ (Cause) ਦਾ ਨਿਰਾ ਰੂਪ-ਭੇਦ ਨਹੀਂ, ਜਿਵੇਂ ਦਹੀਂ, ਦੁੱਧ ਤੋਂ ਬਿਲਕੁਲ ਭਿੰਨ ਹੁੰਦਾ ਹੈ। ਇਸੇ ਤਰ੍ਹਾਂ ਪਨੀਰ, ਦੁੱਧ ਤੇ ਦਹੀਂ ਤੋਂ ਅਲੱਗ ਹੁੰਦਾ ਹੈ, ਜਿਵੇਂ ਦਰਖਤ ਕੱਟ ਕੇ ਲੱਕੜ ਬਣਦੀ ਹੈ ਜੋ ਦਰਖਤ ਤੋਂ ਅਲੱਗ ਹੈ, ਕਿਉਂਕਿ ਇਹ ਬੇਜਾਨ ਹੈ। ਲੱਕੜ ਤੋਂ ਬਣੀਆਂ ਅਲਮਾਰੀਆਂ, ਕੁਰਸੀਆਂ, ਮੇਜ਼, ਚੁਗਾਠਾਂ ਆਦਿ ਲੱਕੜ ਤੋਂ ਭਿੰਨ ਹਨ ਤੇ ਇਹ ਸਭੇ ਵਸਤੂਆਂ ਦਰਖਤ (ਲੱਕੜ) ਵਿਚ ਨਿਹਿਤ ਹਨ। ਪਰਿਣਾਮਵਾਦ (ਸੱਤ-ਕਿਰਿਆ-ਵਾਦ) ਅਨੁਸਾਰ ਕਾਰਜ ਪਹਿਲਾਂ ਹੀ ਕਾਰਨ ਵਿਚ ਮੌਜੂਦ ਹੈ, ਭਾਵ ਨਵਾਂ ਰੂਪ ਕਾਰਨ ਦੀ ਅੰਤਰ-ਨਿਹਿਤਤਾ ਦਾ ਹੀ ਪ੍ਰਗਟਾਅ ਰੂਪ ਹੁੰਦਾ ਹੈ, ਜਿਵੇਂ ਮਿੱਟੀ ਤੋਂ ਬਣਿਆ ਕਲਾਮਈ ਭਾਂਡਾ ਮਿੱਟੀ ਵਿਚ ਅੰਤਰ-ਨਿਹਿਤ ਹੈ। ਇਹ ਦੋਨੋ ਸਿਧਾਂਤ ਵਿਆਪਕ ਪਰਿਵਰਤਨ ਦੀ ਪ੍ਰੋੜਤਾ ਕਰਦੇ ਹਨ, ਕਿਉਂਕਿ ਇਹਨਾਂ ਦੀ ਧਾਰਨਾ ਹੈ ਕਿ ਅਕਾਰਨ ਕੁਝ ਵੀ ਨਹੀਂ ਵਾਪਰਦਾ, ਵਿਗਿਆਨ ਵੀ ਇਸੇ ਦੀ ਹਾਮੀ ਭਰਦਾ ਹੈ। ਲੇਕਿਨ ਸ਼ੰਕਰ ਦਾ ਵਿਵਰਤਾਵਾਦ ਉਪਰੋਕਤ ਸਿਧਾਂਤਾਂ ਦਾ ਖੰਡਨ ਕਰਕੇ ਵਿਗਿਆਨਕ ਸੋਚ ਦੀਆਂ ਸੰਭਾਵਨਾਵਾਂ ਹੀ ਖਤਮ ਕਰਦਾ ਜਾਂਦਾ ਹੈ। ਉਸ ਲਈ ਬ੍ਰਹਮ (Absolute Self) ਕਿਸੇ ਤਬਦੀਲੀ, ਪਰਿਵਰਤਣ ਦਾ ਕਾਰਨ ਹੋ ਹੀ ਨਹੀਂ ਸਕਦਾ ਕਿਉਂਕਿ ਉਹ ਪਰਮ-ਸੱਤ ਹੈ।

ਜਿਵੇਂ ਪਹਿਲਾਂ ਸੰਕੇਤ ਕੀਤਾ ਗਿਆ ਹੈ ਕਿ ਸ਼ੰਕਰ ਤੋਂ ਪਹਿਲਾਂ ਬੁੱਧਮੱਤ ਨੇ ਬੌਧਿਕ ਕ੍ਰਾਂਤੀ ਦੀ ਨੀਂਹ ਰੱਖੀ ਸੀ, ਬੁੱਧ ਨੇ ਪ੍ਰਤਿਤਯਸਮੁਤਵਾਦ (ਕਾਰਨ-ਕਾਰਜ ਦੀ ਲੜੀ) ਦੇ ਸਿਧਾਂਤ ਰਾਹੀਂ ਦਰਸਾ ਦਿੱਤਾ ਸੀ ਕਿ ਜੋ ਕੁਝ ਵੀ ਬ੍ਰਹਿਮੰਡ ਵਿਚ ਵਾਪਰਦਾ ਹੈ, ਉਸਦਾ ਕਾਰਨ ਹੈ ਅਤੇ ਜੋ ਕੁਝ ਹੋਏਗਾ, ਉਹ ਉਸ ਕਾਰਨ ਦਾ ਕਾਰਜ ਹੋਏਗਾ, ਭਾਵ ''ਇਸਦੇ ਹੋਣ 'ਤੇ ਹੀ ਇਹ ਹੁੰਦਾ ਹੈ'' ਇਸੇ ਤਰ੍ਹਾਂ ਅਨਿੱਤਯਵਾਦ ਅਤੇ ਅਨਾਤਮਵਾਦ ਬੁੱਧ ਮੱਤ ਦਾ ਵਿਸ਼ੇਸ਼ ਸਿਧਾਂਤ ਹੈ, ਭਾਵ ਕਿ ਸੰਸਾਰ ਦੀਆਂ ਸੱਭੇ ਵਸਤੂਆਂ ਪਰਿਵਰਤਨਸ਼ੀਲ ਹਨ, ਸਥਾਈ ਕੋਈ ਵੀ ਵਸਤੂ ਨਹੀਂ ਹੈ। ਸਾਰੇ ਧਰਮ, ਪਦਾਰਥ, ਜੀਵ ਤੇ ਜਗਤ ਅਨਾਤਮ ਹਨ। ਬੋਧੀਆਂ

ਦਾ ਮੱਤ ਹੈ ਕਿ ਈਸ਼ਵਰ (ਬ੍ਰਹਮਾ) ਦੀ ਹੋਂਦ (ਸੱਤਾ) ਪ੍ਰਤੱਖ-ਪ੍ਰਮਾਣ ਤੇ ਅਨੁਮਾਨ ਤੋਂ ਪ੍ਰਮਾਣਿਤ ਨਹੀਂ ਹੁੰਦੀ। ਪ੍ਰਤੱਖ ਪ੍ਰਮਾਣ ਤੇ ਅਨੁਮਾਨ ਈਸ਼ਵਰ ਨੂੰ ਖਪੁਸ਼ਪ (ਜਿਵੇਂ ਗਗਨ ਵਿਚ ਫੁੱਲ ਦੀ ਉਤਪਤੀ ਅਸੰਭਵ ਹੈ) ਅਤੇ ਉਸਦੀ ਹੋਂਦ ਨੂੰ ਇਕ ਬਾਂਝ ਇਸਤਰੀ ਤੋਂ ਜਨਮੀ ਲੜਕੀ ਦਾ ਸੁਹੱਪਨ ਕਲਪਨਿਕ ਮੰਨਦੇ ਹਨ। ਇੰਝ ਬੋਧੀ ਅਨੀਸ਼ਵਰਵਾਦ ਦੇ ਹਾਮੀ ਸਨ (ਹਨ ਵੀ)। ਦੂਜੇ ਧਰਮਾਂ ਵਿਚ ਜੋ ਸਥਾਨ ਈਸ਼ਵਰ ਨੂੰ ਦਿੱਤਾ ਗਿਆ ਹੈ, ਬੁੱਧ-ਮੱਤ ਵਿਚ ਸਦਾਚਾਰ ਨੂੰ ਦਿੱਤਾ ਗਿਆ ਹੈ। ਸੋ ਜ਼ਾਹਰ ਹੈ ਕਿ ਸ਼ੰਕਰ ਭਾਰਤੀ ਦਰਸ਼ਨ ਦੀ ਬੁੱਧੀਵਾਦੀ ਧਾਰਾ ਨੂੰ ਨਜ਼ਰਅੰਦਾਜ ਕਰਕੇ ਵੇਦਾਂਤ ਦੇ ਹੱਕ ਵਿਚ ਭੁਗਤ ਜਾਂਦਾ ਹੈ, ਜਿਸ ਦਾ ਮਕਸਦ ਵਰਣ-ਆਸ਼ਰਮ ਵਿਵਸਥਾ ਅਤੇ ਕਰਮ-ਕਾਂਡ ਭਰਪੂਰ ਰਹੱਸਵਾਦ ਦੀ ਸਰਬ-ਉਚਤਾ ਨੂੰ ਹਰ ਹੀਲੇ ਬਰਕਰਾਰ ਰੱਖਣਾ ਹੈ। ਆਓ ਜ਼ਰਾ ਅੱਗੇ ਵੇਖਦੇ ਹਾਂ।

ਡੀ ਪੀ ਚਟੋਪਾਧਿਆਇ ਅਨੁਸਾਰ ਭਾਰਤੀ ਵਿਚਾਰਵਾਦ ਦਾ ਇਕ ਸ਼ਕਤੀਸ਼ਾਲੀ ਪੱਖ ਤਰਕਵਿਧੀ (Reasoning) ਨੂੰ ਲੋਕਾਈ ਵਿਚ ਹਰਮਨਪਿਆਰਾ ਹੋਣ ਤੋਂ ਰੋਕਣਾ ਸੀ। ਸ਼ੰਕਰ ਇਹੀ ਕੰਮ ਅੱਠਵੀਂ ਸਦੀ ਵਿਚ ਆ ਕੇ ਕਰਦਾ ਹੈ। ਸ਼ੰਕਰ ਪਹਿਲਾਂ ਤਾਂ ਤਰਕ ਵਿਧੀ ਨੂੰ ਗਿਆਨ ਪ੍ਰਾਪਤੀ ਦੀ ਕਿਰਿਆ ਵਿਚ (Cognitive Process) ਸਭ ਤੋਂ ਘੱਟ ਭਰੋਸੇ ਯੋਗ ਸਰੋਤ ਸਮਝਦਾ ਹੈ। ਇਸਦੇ ਦੋ ਕਾਰਨ ਹਨ : ਪਹਿਲਾ, ਕਿ ਤਰਕਵਿਧੀ ਪਵਿੱਤਰ-ਗ੍ਰੰਥਾਂ ਦੀ ਸੱਤਾਂ ਨੂੰ ਖਤਮ ਕਰਕੇ ਵਿਅਕਤੀਗਤ ਰਾਇ ਉਤੇ ਨਿਰਭਰ ਕਰਦੀ ਹੈ ਜਦ ਕਿ ਸ਼ੰਕਰ ਲਈ ਪਵਿੱਤਰ-ਗ੍ਰੰਥ (Holy Texts) ਅਨਾਦਿ ਹਨ ਅਤੇ ਪਰਮਾਰਥ ਸੱਤ ਨੂੰ ਬਿਆਨਦੇ ਹਨ : ਦੂਜਾ, ਕਿ ਤਰਕਵਿਧੀ ਦੇ ਸਮਰਥਕ ਆਪ ਕਦੇ ਵੀ ਇਕ ਰਾਇ ਨਹੀਂ ਬਣਾਉਂਦੇ, ਹਰ ਤਰਕ ਸ਼ਾਸਤਰੀ ਕਿਸੇ ਮਸਲੇ ਬਾਰੇ ਦੂਸਰੇ ਦੇ ਟਾਕਰੇ ਆਪਣੀ ਨਿਜੀ ਰਾਇ ਰੱਖਦਾ ਹੈ, ਦੋ ਤਰਕ- ਸ਼ਾਸਤਰੀ ਕਿਸੇ ਮਸਲੇ ਬਾਰੇ ਕਦੇ ਵੀ ਇਕ ਸੁਰ ਨਹੀਂ ਹੁੰਦੇ। ਇਹੀ ਨਹੀਂ ਆਦਿ ਸ਼ੰਕਰ ਤਰਕ ਸ਼ਾਸਤਰੀਆਂ ਦੀ ਘੋਰ ਨਿੰਦਾ ਕਰਦਾ ਹੈ। ਉਹ ਇਸ ਲਈ ਵੀ ਉਹਨਾਂ ਦੀ ਨਿੰਦਾ ਕਰਦਾ ਹੈ ਕਿਉਂਕਿ ਉਹ ਕਾਨੂੰਨ-ਘਾੜਿਆਂ (Law Givers) ਜਾਂ ਸਿਮਰਤੀਕਾਰਾਂ ਦੀਆਂ ਦਲੀਲਾਂ ਦਾ ਤਰਕਪੂਰਨ ਵਿਰੋਧ ਕਰਕੇ ਰੱਦ ਕਰਦੇ ਹਨ, ਖਾਸ ਕਰਕੇ ਮੰਨੂੰ ਮਹਾਰਾਜ ਦਾ। ਸ਼ੰਕਰ ਦਾ ਮੱਤ ਹੈ ਕਿ ਵੇਦ ਨਿਹਿਤ ਰਹੱਸ ਅਤਿਅੰਤ ਸੂਝਵਾਨ ਹੈ ਜੋ ਅਨਾਦਿ 'ਬ੍ਰਹਮ' ਦਾ ਸਦੀਵੀ ਗਿਆਨ ਕਰਾਉਂਦਾ ਹੈ ਜਦ ਕਿ ਤਰਕ ਵਿਧੀ/ ਵਿਵੇਕ ਪੂਰਨਤਾ ਨਾ-ਭਰੋਸੇਯੋਗ ਤੇ ਥੋੜਚਿਰਾ ਗਿਆਨ ਉਤਪੰਨ ਕਰਦੀ ਹੈ।

## (7)

ਸ਼ੰਕਰ ਦੇ ਜੀਵਨ ਵਿਚ ਕੁਝ ਘਟਨਾਵਾਂ ਬੜੀਆਂ ਦਿਲਚਸਪ ਹਨ, ਜਿਨ੍ਹਾਂ ਤੋਂ ਪ੍ਰਭਾਵ ਮਿਲਦਾ ਹੈ ਕਿ ਉਹ ਬੜਾ ਕ੍ਰਾਂਤੀਕਾਰੀ ਦਾਰਸ਼ਨਿਕ ਸੀ। ਜਿਵੇਂ ਉਸਨੇ ਬ੍ਰਹਮਚਾਰੀਆ ਆਸ਼ਰਮ ਤੋਂ ਸਿੱਧਾ ਹੀ ਸੰਨਿਆਸ ਆਸ਼ਰਮ ਵਿਚ ਪ੍ਰਵੇਸ਼ ਕੀਤਾ। ਇਹ ਬੜੀ ਮਜ਼ਬੂਤ ਪਰਪੰਰਾ ਨੂੰ ਤੋੜਨ ਵਾਲਾ ਕਦਮ ਸੀ। ਜਦੋਂ ਸ਼ੰਕਰ ਦੀ ਮਾਤਾ ਦਾ ਦੇਹਾਂਤ ਹੋਇਆ ਤਾਂ ਉਹ ਸ੍ਰੰਗੇਰੀ ਤੋਂ ਸਿੱਧਾ ਹੀ ਮਾਤਾ ਨੂੰ ਦਿੱਤੇ ਵਚਨ ਅਨੁਸਾਰ ਉਸ ਪਾਸ ਪਹੁੰਚਾ ਜਿਥੇ ਉਸਨੇ ਖੁਦ ਉਸਦਾ ਸੰਸਕਾਰ ਕੀਤਾ, ਜਦ ਕਿ ਸੰਨਿਆਸੀ ਲਈ ਅਜਿਹਾ ਵਿਵਹਾਰ ਵਰਜਿਤ ਹੈ। ਇਕ ਵਾਰ ਜਦ ਸ਼ੰਕਰ ਗੰਗਾ ਇਸ਼ਨਾਨ ਲਈ ਜਾ ਰਿਹਾ ਸੀ ਤਾਂ ਰਸਤੇ ਵਿਚ ਉਸਨੂੰ ਇਕ ਚੰਡਾਲ ਕੁੱਤਿਆਂ ਸਮੇਤ ਮਿਲਿਆ। ਸ਼ੰਕਰ ਨੇ ਜਦ ਚੰਡਾਲ ਨੂੰ ਰਸਤੇ ਤੋਂ ਇਕ ਪਾਸੇ ਹਟਣ ਲਈ ਕਿਹਾ ਤਾਂ ਕਹਿੰਦੇ ਹਨ ਕਿ ਚੰਡਾਲ ਨੇ ਮੁੜ ਸਵਾਲ ਕੀਤਾ ਕਿ ਉਹ (ਸ਼ੰਕਰ) ਕਿਸ ਨੂੰ ਪਾਸੇ ਹਟਣ ਲਈ ਕਹਿ ਰਹੇ ਹਨ, ਆਤਮਾ ਨੂੰ ਜਾਂ ਸਰੀਰ ਨੂੰ ? ਦੇਹ ਤਾਂ ਹਟ ਨਹੀਂ ਸਕਦੀ। ਫਿਰ ਆਪ ਦੀ ਦੇਹ ਤੇ ਹੋਰ ਕੋਈ ਦੇਹ ਕਿਸ ਅੰਸ ਤੋਂ ਵੱਖਰੀ ਹੈ ? ਫਿਰ ਤੱਤ-ਦ੍ਰਿਸ਼ਟੀ ਤੋਂ ਬ੍ਰਾਹਮਣ ਤੇ ਚੰਡਾਲ ਵਿਚ ਕੀ ਫਰਕ ਹੈ ? ਇਹ ਸੁਣ ਕੇ ਸ਼ੰਕਰ ਨੇ ਚੰਡਾਲ ਨੂੰ ਜੱਫੀ ਵਿਚ ਲੈ ਲਿਆ ਤੇ ਜਦ ਨਤਮਸਤਕ ਹੋਣ ਲੱਗਾ, ਉਹ ਚੰਡਾਲ ਅੰਤਰਧਿਆਨ ਹੋ ਗਿਆ। ਸ਼ੰਕਰ ਨੇ ਦੇਖਿਆ ਕਿ ਉਸ ਅੱਗੇ ਆਸ਼ੂੰਤੋਸ਼ ਮਹਾਂਦੇਵ ਚਾਰੋਂ ਵੇਦ ਲਈ ਖੜੇ



ਹਨ। ਸ਼ੰਕਰ ਨੇ ਉਹਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਮਹਾਂਦੇਵ ਨੇ ਵਰ ਦਿੱਤਾ ''ਹੇ ਵਤਸ ਤੁਸੀਂ ਜਗਤ ਵਿਚ ਵੈਦਿਕ ਧਰਮ ਦੀ ਮੁੜ ਸਥਾਪਨਾ ਕਰੋ। ਤੁਸੀਂ ਵੇਦਾਂਤ ਦੀ ਠੀਕ ਵਿਆਖਿਆ ਕਰਕੇ ਇਸ ਧਰਮ ਦਾ ਸਾਧਾਰਨ ਜਨਤਾ ਵਿਚ ਪ੍ਰਚਾਰ ਕਰੋ''। ਇਹ ਕਹਿ ਕੇ ਮਹਾਂਦੇਵ ਵੀ ਅੰਤਰਧਿਆਨ ਹੋ ਗਏ। ਇਹ ਬਿਰਤਾਂਤ ਭਲੀ ਭਾਂਤ ਸਿੱਧ ਕਰ ਦਿੰਦਾ ਹੈ ਕਿ ਸ਼ੰਕਰ ਦੇ ਅਦਵੈਤ-ਵੇਦਾਂਤ ਦਾ ਕੀ ਸਮਾਜਕ ਮੰਤਵ ਹੈ।

ਉਪਰੋਕਤ ਘਟਨਾਵਾਂ ਭਾਵੇਂ ਸ਼ੰਕਰ ਦੇ ਦ੍ਰਿਸ਼ਟੀਕੋਣ ਨੂੰ ਬੜਾ ਸਾਰਥਕ ਦਰਸਾਉਂਦੀਆਂ ਹਨ, ਪਰ ਅਸਲੀਅਤ ਇਹ ਨਹੀਂ ਹੈ। ਸ਼ੰਕਰ ਦਾ ਸਮਾਜਕ-ਦਰਸ਼ਨ ਵਰਣ-ਵਿਵਸਥਾ ਨੂੰ ਭਾਰਤੀ ਸਮਾਜਕ ਬਣਤਰ ਦਾ ਮੁਖ ਆਧਾਰ ਮੰਨਦਾ ਹੈ। ਬ੍ਰਹਮ-ਸੂਤਰਾਂ ਉਤੇ ਟਿੱਪਣੀਆਂ ਕਰਦਾ ਕਰਦਾ ਉਹ ਆਪਣਾ ਜਮਾਤੀ ਚਰਿੱਤਰ ਜ਼ਾਹਰ ਕਰ ਦਿੰਦਾ ਹੈ। ਸ਼ੰਕਰ-ਭਾਸ਼ਿਯਾਂ ਵਿਚ ਉਹ ਸਮਾਜ ਨੂੰ ਸਦੀਆਂ ਤੋਂ ਤੁਰੀ ਆ ਰਹੀ ਵੰਡ ਅਨੁਸਾਰ ਦੋ ਹਿੱਸਿਆਂ ਵਿਚ ਵੰਡ ਕੇ ਵੇਖਦਾ ਹੈ : ਦਵਿੱਜ (ਪਹਿਲੇ ਤਿੰਨ ਵਰਣ) ਅਤੇ ਸ਼ੂਦਰ (ਚੌਥਾ ਵਰਣ)। ਉਸ ਅਨੁਸਾਰ ਸ਼ੂਦਰ ਕਦੇ ਵੀ ਸੁਤੰਤਰ ਨਹੀਂ ਹੋ ਸਕਦਾ, ਕਿਉਂਕਿ ਉਹ ਦਾਰਸ਼ਨਿਕ ਗਿਆਨ (Philosophical Wisdom) ਪ੍ਰਾਪਤੀ ਦੇ ਯੋਗ ਨਹੀਂ। ਗਿਆਨ ਦੇ ਯੋਗ ਇਸ ਲਈ ਨਹੀਂ ਕਿਉਂ ਜੋ ਉਸਨੂੰ ਪਵਿੱਤਰ ਜਨੇਊ ਪਹਿਨਣ ਦਾ ਅਧਿਕਾਰ ਨਹੀਂ, ਜੇ ਅਜਿਹਾ ਹੈ ਤਾਂ ਉਹ ਵੈਦਿਕ ਗਿਆਨ ਪ੍ਰਾਪਤ ਨਹੀਂ ਕਰ ਸਕਦਾ, ਜਿਸ ਬਗੈਰ ਮੁਕਤੀ ਅਸੰਭਵ ਹੈ। ਸ਼ੰਕਰ ਕਹਿੰਦੇ ਨੇ, ''ਸ਼ੂਦਰ ਨੂੰ ਆਪਣੀ ਜਾਤ ਤੋਂ ਛੁਟਕਾਰਾ ਪਾਉਣ ਦਾ ਜੁਰਮ ਕਰਨ ਦਾ ਅਧਿਕਾਰ ਨਹੀਂ ਹੈ''। ਬ੍ਰਹਮ-ਸੂਤਰਾਂ ਉਤੇ ਸ਼ੰਕਰ ਵੱਲੋਂ ਕੀਤੀਆਂ ਟਿੱਪਣੀਆਂ (ਸ਼ੰਕਰ ਭਾਸ਼ਿਯਾਂ) ਵਿਚੋਂ ਕੁਝ ਉਦਾਹਰਣਾਂ ਦੇਖੋ : (1) ਜੋ ਸ਼ੂਦਰ ਵੇਦ ਬਾਣੀ ਸੁਣੇ ਤਾਂ ਉਸਦੇ ਕੰਨਾਂ ਵਿਚ ਸਿੱਕਾ ਅਤੇ ਲਾਖ ਢਾਲ ਕੇ ਪਾ ਦਿੱਤੀ ਜਾਵੇ। (2) ਸ਼ੂਦਰ ਸ਼ਮਸ਼ਾਨ ਘਾਟ ਵਾਂਗ ਹੈ, ਇਸ ਲਈ ਉਸਦੇ ਨਜ਼ਦੀਕ ਵੇਦ ਬਾਣੀ ਦਾ ਉਚਾਰਣ ਵਰਜਿਤ ਹੈ (3) ਜੇ ਸ਼ੂਦਰ ਵੇਦ ਰੱਖੇ ਤਾਂ ਉਸ ਦਾ ਸਰੀਰ ਕੱਟ ਦਿੱਤਾ ਜਾਵੇ। ਇਹੀ ਨਹੀਂ ਸ਼ੰਕਰ ਦੋ-ਜਨਮਿਆ ਨੂੰ (ਦਵਿਜ ਵਰਣਾਂ) ਨੂੰ ਹਦਾਇਤ ਕਰਦਾ ਹੈ ਕਿ ਉਹ ਸ਼ੂਦਰ ਨੂੰ ਵੇਦ-ਗਿਆਨ ਕਦਾਚਿਤ ਨਾ ਦੇਵੇ। ਸ਼ੰਕਰ ਮਨੂੰ-ਸਿਮਰਤੀ ਵਿਚ ਅੰਕਿਤ ਵਿਚਾਰਾਂ ਨੂੰ ਵੇਦ-ਆਧਾਰਤ ਸਵੀਕਾਰਦਾ ਹੈ। ਉਹ ਕਹਿੰਦਾ ਹੈ ਕਿ ਜੋ ਵੀ ਮਨੂੰ ਕਹਿੰਦਾ ਹੈ ਉਹ ਦਵਾਈ ਦੀ ਤਰ੍ਹਾਂ ਹੈ (What Manu Says is Medicine) ਮਨੂੰ ਸਿਮਰਤੀ ਤਾਂ ਸ਼ੂਦਰਾਂ (ਕਾਮਿਆਂ) ਨੂੰ ਨਾ ਸੰਪਤੀ ਰੱਖਣ ਦਾ ਹੱਕ ਦਿੰਦੀ ਹੈ ਅਤੇ ਨਾ ਹਥਿਆਰ ਅਤੇ ਵਿਦਿਆ ਪ੍ਰਾਪਤੀ ਦਾ। ਕੀ ਇਹ ਵਰਕਿੰਗ ਕਲਾਸ ਨੂੰ ਗੁਲਾਮ ਬਣਾਕੇ ਰੱਖਣ ਦੇ ਫਤਵੇ ਨਹੀਂ ? ਜਦੋਂ ਸ਼ੰਕਰ ਇਹਨਾਂ ਫਤਵਿਆਂ ਨੂੰ ਉਚਿਤ ਠਹਿਰਾਉਂਦਾ ਹੈ ਤਾਂ ਉਸਦੇ ਅਦਵੈਤਵਾਦ ਵਿਚ ਕਿਹੜਾ ਮਾਨਵੀ ਤੱਤ ਰਹਿ ਜਾਂਦਾ ਹੈ? ਉਂਝ, ਜੇ ਦਵਿਜ ਵਰਣ ਵੀ ਜ਼ਰਾ ਆਪਣੀ ਆਪਣੀ ਸਮਾਜਕ ਸਥਿਤੀ ਨੂੰ ਸਮਝਣ ਦਾ ਯਤਨ ਕਰਨ ਤੇ ਸੋਚਣ ਕਿ ਕੀ ਇਹ ਮਨੁੱਖੀ ਸੁਤੰਤਰਤਾ ਦੀ ਭਾਵਨਾ ਦੇ ਅਨੁਕੂਲ ਹੈ ਤਾਂ ਨਿਸਚੇ ਹੀ ਉਹਨਾਂ ਦਾ ਪ੍ਰਤੀਕਰਮ ਨੈਗੇਟਿਵ ਹੀ ਹੋਏਗਾ, ਪਰ ਜਾਤੀ ਹੰਕਾਰ ਉਹਨਾਂ ਨੂੰ ਅਜਿਹੇ ਚਿੰਤਨ ਤੋਂ ਦੂਰ ਰੱਖਦਾ ਹੈ, ਪੁਜੀਸ਼ਨ ਇਹੀ ਚਲੀ ਆ ਰਹੀ ਹੈ ਹੁਣ ਤਕ। ਵਾਸਤਵਿਕ ਸੰਸਾਰ ਤੇ ਮਾਨਵ ਨੂੰ ਛਲਾਵਾ, ਮਹੱਤਵਹੀਣ ਕਹਿਣ ਵਾਲਾ ਦਾਰਸ਼ਨਿਕ ਮਾਨਵਵਾਦੀ ਕਿਵੇਂ ਹੋ ਸਕਦਾ ਹੈ?

ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜੇ ਸੰਸਾਰ ਇਕ ਛਲਾਵਾ ਹੈ ਤਾਂ ਫਿਰ ਸੱਚ ਕੀ ਹੋਇਆ? ਸ਼ੰਕਰ ਨੇ ਕਿਹਾ ਕਿ ਸੱਚ ਕੇਵਲ 'ਬ੍ਰਹਮ' ਹੈ। ਅਤੇ ਬ੍ਰਹਮ ਦੀ ਪ੍ਰਾਪਤੀ ਜਾਂ ਪਹਿਚਾਣ ਹੀ ਮਨੁੱਖ ਦਾ ਅਸਲੀ ਕਰਤੱਵ ਹੈ। ਪਰ ਕਿਵੇਂ ? ਸ਼ੰਕਰ ਦਾ ਉਤਰ ਹੈ 'ਭਗਤੀ' ਰਾਹੀਂ। ਕਿਹਾ ਜਾਂਦਾ ਹੈ ਕਿ ਸ਼ੰਕਰ ਨੇ ਭਗਤੀ ਪ੍ਰੇਰਨਾ ਰਾਹੀਂ ਬੁੱਤ-ਪੂਜਾ ਪ੍ਰਣਾਲੀ ਨੂੰ ਪਹਿਲ ਦੇ ਕੇ, ਇਸ ਨੂੰ ਲੋਕ-ਪ੍ਰਿਯ ਬਣਾਇਆ। ਭਲਾ ਕਿਵੇਂ ? ਇਸ ਮੰਤਵ ਲਈ ਸ਼ੰਕਰ ਨੇ ਪੰਜ ਦੇਵਤਿਆਂ ਦੀ ਪੂਜਾ ਦਾ ਧਾਰਮਿਕ ਆਦੇਸ਼ ਦਿੱਤਾ। ਇਹ ਦੇਵਤੇ ਹਨ- ਸੂਰਜ, ਗਣਪਤੀ, ਸ਼ਿਵ, ਸ਼ਕਤੀ ਅਤੇ ਵਿਸ਼ਣੂ। ਇਹਨਾਂ ਦੀ ਪੂਜਾ ਨੂੰ ਪੰਚਦੇਵ ਕਿਹਾ ਜਾਂਦਾ ਹੈ। ਸ਼ੰਕਰ ਨੇ ਆਪਣੇ

ਟੀਕਿਆਂ ਵਿਚ ਇਹਨਾਂ ਦੇਵਤਿਆਂ ਦੀ ਪ੍ਰਸ਼ੰਸਾ ਤੇ ਸ਼ਰਧਾ ਵਿਚ ਸ਼ਲੋਕਾਂ ਦੀ ਰਚਨਾ ਕੀਤੀ, ਜਿਹਨਾਂ ਦਾ ਉਚਾਰਣ ਪੂਜਾ ਸਮੇਂ ਕੀਤਾ ਜਾਂਦਾ ਹੈ। ਇਸ ਪੂਜਾ-ਪਾਠ ਨੇ ਹੀ ਭਾਰਤੀ ਸਮਾਜ ਨੂੰ ਮਾਨਸਿਕ ਗੁਲਾਮ ਬਣਾਈ ਰੱਖਿਆ ਹੈ। ਇਹੀ ਨਹੀਂ ਸ਼ੰਕਰ ਉਚ ਕੋਟੀ ਦਾ ਜਥੇਬੰਦਕ ਵੀ ਸੀ। ਉਸਨੇ ਆਪਣੇ ਮਾਇਆਵਾਦ ਦੀਆਂ ਜੜ੍ਹਾਂ ਮਜ਼ਬੂਤ ਕਰਨ ਅਤੇ ਇਸ ਵਰਤਾਰੇ ਨੂੰ ਬਣਾਈ ਰੱਖਣ ਲਈ ''ਦਸਨਾਮੀ, ਸੰਪਰਦਾਇ'' ਨਾਮਕ ਪੰਥ ਕਾਇਮ ਕੀਤਾ ਜਿਸ ਵਿਚ ਦਸ ਪ੍ਰਕਾਰ ਦੇ ਸੰਨਿਆਸੀ ਸੰਤ ਸ਼ਾਮਲ ਕੀਤੇ। ਇਹ ਹਨ - ਅਰਨਯ, ਪਰਬਤ, ਸਾਗਰ, ਗਿਰੀ, ਪੁਰੀ, ਵਨ, ਭਾਰਤੀ, ਤੀਰਥੀ, ਆਸ਼ਰਮ ਅਤੇ ਸਰਸਵਤੀ। ਇਹ ਸਾਧੂ ਸ਼ੰਕਰ ਦੇ ਅਦਵੈਤਵਾਦ ਦੀ ਰੱਖਿਆ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ : ਜਿਵੇਂ 1962 ਵਿਚ ਪੁਰੀ ਦੇ ਸ਼ੰਕਰ ਆਚਾਰੀਆ ਨੇ ਗਊ ਰੱਖਿਆ ਰੈਲੀ ਕੀਤੀ ਤਾਂ ਹਜ਼ਾਰਾਂ ਹੀ ਸੰਨਿਆਸੀਆਂ ਨੇ ਹਿੱਸਾ ਲਿਆ। ਇਹ ਰੈਲੀ ਸੰਸਦ ਭਵਨ ਦੇ ਸਾਹਮਣੇ ਕੀਤੀ ਗਈ ਸੀ। ਹਿੰਦੂ ਕੋਡ ਬਿੱਲ ਦੀ ਕਰੜੀ ਵਿਰੋਧਤਾ ਕਰਨ ਵਿਚ ਇਹੀ ਸ਼ੰਕਰ ਆਚਾਰੀਆ ਮੋਹਰੀ ਸਨ। 22 ਜੂਨ 1988 ਨੂੰ ਜੈਪੁਰ ਵਿਚ ਹੋਈ ਇਕ ਜਨਤਕ ਸਭਾ ਵਿਚ ਇਹ ਘੋਸ਼ਣਾ ਕੀਤੀ ਗਈ ਕਿ ਅਛੂਤਾਂ ਨੂੰ ਮੰਦਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਦ ਇਸ ਘੋਸ਼ਣਾ ਦੀ ਸਰਬਜਨਕ ਪ੍ਰਤੀਕਿਰਿਆ ਹੋਈ ਤਾਂ ਪੁਰੀ ਦੇ ਹੀ ਸ਼ੰਕਰ ਆਚਾਰੀਆ ਨਿਰੰਜਨ ਦੇਵ ਨੇ ਇਸ ਕਥਨ ਨੂੰ ਸਹੀ ਮੰਨਦਿਆਂ ਹੋਇਆ ਆਦਿ-ਸ਼ੰਕਰ ਦੇ ਦਰਸ਼ਨ ਨੂੰ ਸਲਾਹਿਆ ਸੀ। 1955-56 ਵਿਚ ਦੱਖਣੀ ਭਾਰਤ ਵਿਖੇ ਸੰਮੇਲਨ ਕੀਤਾ ਗਿਆ ਸੀ, ਜਿਸ ਵਿਚ ਅਛੂਤਾਂ ਨੂੰ ਅਲੱਗ ਬੈਠਣ ਦੀ ਸ਼ਰਤ ਉਪਰ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ, ਇਸ ਦੀ ਵੀ ਪ੍ਰੋੜਤਾ ਸ੍ਰੰਗੇਰੀ ਦੇ ਸ਼ੰਕਰ ਅਚਾਰੀਆ ਨੇ ਕੀਤੀ ਸੀ। ਪਰਿਆਗ ਪੀਠ ਦੇ ਸ਼ੰਕਰ ਅਚਾਰੀਆ ਜਗਤ ਗੁਰੂ ਸ਼ੰਕਰ ਚੇਤੰਨਯ ਸਰਸਵਤੀ 1994 ਵਿਚ ਉਤਰੀ ਭਾਰਤ ''ਸ਼ਾਂਤੀ ਮਿਸ਼ਨ'' ਲਈ ਪਧਾਰੇ। ਉਹਨਾਂ ਪੰਚਕੂਲਾ, ਚੰਡੀਗੜ੍ਹ ਤੇ ਪੰਜਾਬ ਵਿਚ ਕਈ ਥਾਵਾਂ ਉਤੇ ਪ੍ਰਵਚਨ ਕੀਤੇ। ਪਰਿਆਗ ਪੀਠ ਦੇ ਅਚਾਰੀਆ ਕੁਝ ਉਦਾਰਵਾਦੀ ਵਿਚਾਰਾਂ ਦੇ ਮੰਨੇ ਜਾਂਦੇ ਹਨ ਪਰੰਤੂ ਉਹਨਾਂ ਵੀ ਪੰਜਾਬ ਦੀ ਇਕ ਯੂਨੀਵਰਸਿਟੀ ਵਿਚ ਪ੍ਰਵਚਨ ਕਰਦਿਆਂ ਕਿਹਾ ਕਿ ਔਰਤਾਂ ਨੂੰ ਵੇਦਾਂ ਦੇ ਕਰਮ-ਕਾਂਡ ਮੰਤਰ ਉਚਾਰਨ ਦੀ ਆਗਿਆ ਨਹੀਂ ਹੈ। ਸਤੀ ਪ੍ਰਥਾ ਉਤੇ ਪਾਬੰਦੀ ਦੇ ਉਹ ਹੱਕ ਵਿਚ ਹਨ ਪਰ ਜੇ ਕੋਈ ਔਰਤ ਖੁਸ਼ੀ ਨਾਲ ਅਜਿਹਾ ਕਰਨਾ ਚਾਹੇ ਤਾਂ ਉਸਨੂੰ ਮਨ੍ਹਾਂ ਨਹੀਂ ਕਰਨਾ ਚਾਹੀਦਾ, ਇਹ ਵੀ ਉਹਨਾਂ ਦਾ ਪ੍ਰਵਚਨ ਸੀ। ਅਯੁਧਿਆ ਵਿਖੇ ਰਾਮ ਮੰਦਰ ਮੁਸਲਮਾਨਾਂ ਦੇ ਮਿਲਵਰਤਨ ਬਗੈਰ ਬਣਾਉਣ ਦੇ ਉਹ ਹਾਮੀ ਨਹੀਂ ਪਰ 'ਗਰਭ-ਗ੍ਰਹਿ' ਇਮਾਰਤ ਤਾਂ ਹਰ ਹਾਲਤ ਉਸਾਰਨੀ ਚਾਹੀਦੀ ਹੈ। ਇਸ ਵਾਸਤੇ ਕਿਸੇ ਕਿਸਮ ਦੇ ਸਮਝੌਤੇ ਦੀ ਲੋੜ ਨਹੀਂ ਹੈ। ਕੋਈ ਕੀ ਮਤਲਬ ਕੱਢੇ ਉਪਰੋਕਤ ਕਥਨਾਂ ਦਾ ? ਇਹ ਧਾਰਮਿਕ ਤੇ ਸਭਿਆਚਾਰਕ ਵਿਰਸਾ ਹੈ ਆਦਿ-ਸ਼ੰਕਰ ਦੇ ਅਦਵੈਤ ਵੇਦਾਂਤ ਦਾ। ਕੁੰਭ ਮੇਲੇ ਨੂੰ ਜਥੇਬੰਦਕ ਢੰਗ ਨਾਲ ਮਨਾਉਣ ਦੀ ਸ਼ੁਰੂਆਤ ਦਾ ਸਿਹਰਾ ਵੀ ਸ਼ੰਕਰ ਨੂੰ ਹੀ ਜਾਂਦਾ ਹੈ। ਉਸ ਬਾਰੇ ਵਿਸਥਾਰ ਵਿਚ ਗੱਲ ਕਰਨ ਦੀ ਲੋੜ ਨਹੀਂ, ਬੱਸ ਏਨਾ ਹੀ ਵਰਨਣ ਕਾਫੀ ਹੈ ਕਿ ਉਹਨਾਂ ਇਹ ਕੁਝ ਵੈਦਿਕ ਧਰਮ ਦੀ ਮੁੜ ਸਥਾਪਨਾ ਲਈ ਕੀਤਾ ਜਿਸ ਵਿਚ ਚਾਰੋਂ ਮੱਠਾਂ ਦੀ ਸਥਾਪਨਾ ਵੀ ਸ਼ਾਮਲ ਹੈ। ਇਹਨਾਂ ਪ੍ਰਾਪਤੀਆਂ ਨੂੰ ਸ਼ੰਕਰ ਦੀ ''ਦਿੱਗ ਵਿਜੈ'' ਭਾਵ ਧਰਮ ਦੀ ਜਿੱਤ ਕਿਹਾ ਗਿਆ ਹੈ। ਪਰ ਪ੍ਰਸ਼ਨ ਇਹ ਉਠਦਾ ਹੈ ਕਿ ਕਿਸ ਧਰਮ ਉਤੇ ਜਿੱਤ ਹੈ ਇਹ ?

(8)

ਸਵਾਲ ਪੈਦਾ ਹੁੰਦਾ ਹੈ ਕਿ ਜੇ ਸ਼ੰਕਰ ਦਾ ਵਿਵਰਤਾਵਾਦ (ਬ੍ਰਹਮਵਾਦ) ਬੁੱਧ ਦੇ ਮੂਲ ਫਲਸਫੇ ਨੂੰ ਨਕਾਰਦਾ ਹੈ ਤਾਂ ਫਿਰ ਉਸਨੂੰ ਪ੍ਰਛਿੰਨ ਬੋਧ ਕਿਉਂ ਕਿਹਾ ਗਿਆ ਹੈ ? ਇਸ ਦਾ ਜਵਾਬ ਲੱਭਣ ਲਈ ਸਾਨੂੰ ਬੋਧ ਧਰਮ ਦੇ ਇਤਿਹਾਸ ਦੀ ਸੰਖੇਪ ਚਰਚਾ ਕਰਨੀ ਪਏਗੀ। ਤਥਾਗਤ ਬੁੱਧ ਤੋਂ ਬਾਅਦ ਉਸਦੇ ਪੈਰੋਕਾਰ ਦੋ ਹਿੱਸਿਆਂ ਵਿਚ ਵੰਡੇ ਗਏ। ਇਕ ਹਿੱਸਾ ਉਹ ਸੀ ਜਿਹੜਾ ਬੁੱਧ ਦੇ ਬੁੱਧੀਵਾਦ ਅਤੇ ਅਨੁਭਵਵਾਦ ਦਾ



ਹਾਮੀ ਸੀ। ਦੂਸਰਾ ਉਹ ਜਿਹੜਾ ਬੁੱਧ ਦੇ ਦਾਰਸ਼ਨਿਕ ਵਿਚਾਰਾਂ ਨੂੰ ਵਿਚਾਰਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਸੀ। ਪਹਿਲੀ ਧਾਰਾ ਦੇ ਹਾਮੀ ਥੇਰਾਵਾਦੀ ਅਤੇ ਦੂਸਰੀ ਧਾਰਾ ਦੇ ਸਮਰਥਕ ਮਹਾਂਯਾਨੀ ਕਹੇ ਜਾਣ ਲੱਗੇ। ਥੇਰਾਵਾਦੀ ਬੁੱਧ ਦੀਆਂ ਮੂਲ ਸਿਖਿਆਵਾਂ ਤੋਂ ਜ਼ਰਾ ਜਿੰਨੀ ਵੀ ਦੂਰੀ ਬਰਦਾਸ਼ਤ ਨਹੀਂ ਸੀ ਕਰਦੇ ਜਦ ਕਿ ਮਹਾਂਯਾਨੀ (ਮਹਾਂਸੰਘਿਕ) ਬੁੱਧ ਦੀਆਂ ਮੁੱਢਲੀਆਂ ਧਾਰਨਾਵਾਂ ਵਿਚ ਤਬਦੀਲੀ ਦੀ ਮੰਗ ਕਰਦੇ ਸਨ, ਭਾਵ ਕਿ ਉਹ ਬੁੱਧ ਦੇ ਮੁਢਲੇ/ਆਰੰਭਕ ਬੁੱਧੀਵਾਦ ਨੂੰ ਜਿਉਂ ਦਾ ਤਿਉਂ ਨਹੀਂ ਸੀ ਰੱਖਣਾ ਚਾਹੁੰਦੇ। ਸਿੱਟੇ ਵਜੋਂ ਦੋਨੋਂ ਧਾਰਾਵਾਂ ਅੱਲਗ ਹੋ ਗਈਆਂ। ਬਾਅਦ ਵਿਚ ਮਹਾਂਸੰਘਿਕਾਂ ਨੇ ਬੁੱਧ ਦੇ ਮੁੱਢਲੇ ਰੈਸ਼ਨਲਿਸਟ ਅਤੇ ਨੈਤਿਕ ਅਸੂਲਾਂ ਦੀ ਵਿਆਖਿਆ ਜਿਸ ਤਰੀਕੇ ਅਨੁਸਾਰ ਕੀਤੀ ਉਸ ਸਦਕਾ ਇਹਨਾਂ ਸਿਧਾਂਤਾਂ ਵਿਚ ਐਸੀਆਂ ਤਬਦੀਲੀਆਂ ਹੋ ਗਈਆਂ ਜੋ ਇਤਿਹਾਸਕ ਹੋ ਨਿਬੜੀਆਂ। ਇਹਨਾਂ ਵਿਚੋਂ ਦੋ ਬਹੁਤ ਮਹੱਤਵਪੂਰਨ ਸਨ ਜਿਨ੍ਹਾਂ ਦੇ ਸਿੱਟੇ ਦੂਰਗਾਮੀ ਨਿਕਲੇ। ਇਹਨਾਂ ਨੇ ਬੁੱਧ ਫਲਸਫੇ ਦਾ ਮੁੱਢਲਾ ਸਰੂਪ ਹੀ ਬਦਲ ਕੇ ਰੱਖ ਦਿੱਤਾ। ਪਹਿਲੀ ਤਬਦੀਲੀ ਸੀ ਬੁੱਧ ਦੇ ਫਲਸਫੇ ਦੀ ਵਿਚਾਰਵਾਦੀ ਨਜ਼ਰੀਏ ਤੋਂ ਵਿਆਖਿਆ। ਇਸ ਵਿਆਖਿਆ ਨੇ ਬੁੱਧਇਜ਼ਮ ਨੂੰ ਉਪਨਿਸ਼ਦਕ ਵਿਚਾਰਵਾਦੀ ਦਾਰਸ਼ਨਿਕ ਧਾਰਾ ਦੇ ਬਹੁਤ ਨਜ਼ਦੀਕ ਲੈ ਆਉਣ ਦੀ ਭੂਮਿਕਾ ਨਿਭਾਈ। ਇਹ ਮਹੱਤਵਪੂਰਨ ਭੂਮਿਕਾ ਨਾਗਾਰਜੁਨ ਦੇ ਸ਼ੂੰਨਯਵਾਦ ਨੇ ਨਿਭਾਈ ਜਿਸਦੀ ਚਰਚਾ ਅੱਗੇ ਜਾ ਕੇ ਜ਼ਰਾ ਵਿਸਥਾਰ ਵਿਚ ਕਰਾਂਗੇ। ਦੂਸਰੀ ਤਬਦੀਲੀ ਉਕਤ ਵਿਚਾਰਵਾਦੀ ਵਿਆਖਿਆ ਦੇ ਤਰਕ-ਪੂਰਵਕ ਸਿੱਟੇ ਵਜੋਂ ਹੋਈ, ਇਹ ਸੀ ਬੁੱਧ ਨੂੰ ਦੈਵੀ ਦਿੱਖ ਪ੍ਰਦਾਨ ਕਰਨਾ। ਹੁਣ ਬੁੱਧ ਨੂੰ ਲੋਕੋਤਰਾ ਬੁੱਧ (Lokottra Budh) ਅਰਥਾਤ ਪੂਜਣਯੋਗ ਦੇਵਤਾ ਮੰਨ ਲਿਆ ਗਿਆ। ਹੁਣ ਬੁੱਧ ਵਾਸਤਵਿਕ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਮਾਰਗ ਦੱਸਣ ਵਾਲਾ ਮਾਰਗ-ਦਾਤਾ ਨਾ ਰਹਿਕੇ ਪਰਲੋਕ ਦਾ ਵਾਸੀ ਬਣ ਗਿਆ। (ਭਾਵੇਂ ਕਿ ਇਹ ਸਥਿਤੀ ਕਾਫੀ ਲੰਬੇ ਅਰਸੇ ਬਾਅਦ ਹੋਂਦ ਵਿਚ ਆਈ)।

ਨਾਗਾਰਜੁਨ ਦੀ ਬੋਧੀ ਇਤਿਹਾਸ ਵਿਚ ਅਹਿਮ ਭੂਮਿਕਾ ਰਹੀ ਹੈ। ਉਸ ਨੇ ਬੁੱਧ ਦੇ ਮੁੱਢਲੇ ਅਸੂਲ ਪ੍ਰਤਿਤਯਸਮੁਤਵਾਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਕਿ ਇਸ ਸਿਧਾਂਤ ਦਾ ਨਿਹਿਤ ਭਾਵ ਹੀ ਵਿਚਾਰਵਾਦੀ ਹੋ ਨਿਬੜਿਆ। ਨਾਗਾਰਜੁਨ ਦੇ ਸ਼ੂੰਨਯਵਾਦ ਅਨੁਸਾਰ ਵਾਸਤਵਿਕ ਬ੍ਰਹਿਮੰਡ ਦੀ ਮੂਲ ਸਚਾਈ ਨੂੰ ਰਹੱਸਵਾਦੀ ਹੀ ਜਾਣ ਸਕਦਾ ਹੈ। ਨਾਗਾਰਜੁਨ ਕਹਿੰਦੈ ਕਿ ਕੁਦਰਤ ਖਾਲੀ ਭ੍ਰਾਂਤੀ ਜਾਂ ਛਾਇਆ/ ਛਲਾਵਾ ਮਾਤਰ ਹੈ, ਇਹ ਅਵਸਤੂਤਾ (Void/Nothingness) ਦੀ ਸਥਿਤੀ ਹੈ। ਇਹ ਸਥੂਲ ਅਵਸਥਾ ਜੋ ਨਜ਼ਰ ਆਉਂਦੀ ਹੈ, ਅਸਲ ਵਿਚ ਖਿਆਲ ਹੈ, ਦੂਸਰੇ ਸ਼ਬਦਾਂ ਵਿਚ ਨਾਗਾਰਜੁਨ ਇਹ ਕਹਿਣਾ ਚਾਹੁੰਦੈ ਕਿ ਬਾਹਰੀ ਜਗਤ ਮੂਲ ਸਚਾਈ ਜਾਂ ਪਰਮਸੱਤ ਨਹੀਂ ਹੈ। ਫਿਰ ਪਰਮ-ਸਚਾਈ (Absolute Reality) ਕੀ ਹੈ ? ਨਾਗਾਰਜੁਨ ਇਸ ਨੂੰ ਸੁੰਨਅਤ (Sunyata) ਅਵਸਥਾ ਦਾ ਨਾਮ ਦਿੰਦਾ ਹੈ। ਇਹ ਐਸੀ ਅਵਸਥਾ ਹੈ ਜਿਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਅਲੌਕਿਕ ਨਜ਼ਾਰਾ ਹੈ ਜਿਸਦਾ ਅਨੰਦ ਸਿਰਫ ਕੋਈ ਪੂਰਨ ਰਹੱਸਵਾਦੀ ਜਾਂ ਅਨੁਭਵ-ਅਤੀਤ-ਗਿਆਨੀ ਹੀ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ। ਦੁਨਿਆਵੀ ਗਿਆਨ (Mundane Knowldege) ਇਸ ਅਵਸਥਾ ਨੂੰ ਦੁਨਿਆਵੀ ਸ਼ਬਦਾਂ ਰਾਹੀਂ ਪ੍ਰਗਟ ਨਹੀਂ ਕਰ ਸਕਦਾ, ਪੂਰਨ ਸਚਾਈ ਅਕੱਥ, ਅਕਹਿ ਅਰਥਾਤ ਅਵਰਨਣੀ ਹੈ। ਇਸ ਨੂੰ ਹੋਰ ਵਿਸਥਾਰ ਦੇਣ ਲਈ ਨਾਗਾਰਜੁਨ ਦੋ ਸਚਾਈਆਂ (Two Truths) ਦੀ ਗੱਲ ਕਰਦਾ ਹੈ। ਇਹ ਹਨ, ਵਿਵਹਾਰਕ ਸਚਾਈ ਅਤੇ ਪਰਮਾਰਥਕ ਸਚਾਈ। ਵਿਵਹਾਰਕ ਜਾਂ ਸਮਵਰਤੀ ਸੱਚ ਉਹ ਹੈ ਜੋ ਸਾਨੂੰ ਸਾਡੀਆਂ ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ ਜਾਂ ਅਨੁਭਵ ਹੁੰਦਾ ਹੈ ਅਰਥਾਤ ਬਾਹਰੀ ਸਚਾਈ ਜੋ ਬ੍ਰਹਿਮੰਡੀ ਦ੍ਰਿਸ਼ਾਂ, ਵਰਤਾਰਿਆਂ, ਨਜ਼ਾਰਿਆਂ ਰਾਹੀਂ ਪ੍ਰਗਟ ਹੁੰਦੀ ਹੈ ਅਤੇ ਜਿਸਨੂੰ ਇਨਸਾਨ ਦੇਖਦਾ ਤੇ ਅਨੁਭਵ ਕਰਦਾ ਹੈ। ਨਾਗਾਰਜੁਨ ਕਹਿੰਦੈ ਕਿ ਇਸ ਬਾਹਰੀ ਸਚਾਈ ਪਿੱਛੇ ਇਕ ਹੋਰ ਸਚਾਈ ਛੁਪੀ ਹੋਈ ਹੈ ਜੋ ਪਰਮਾਰਥਕ ਹੈ, ਸਦੀਵੀ ਹੈ, ਜੋ ਸ਼ਰਤ-ਬੱਧ (Conditional) ਨਹੀਂ

ਹੈ। ਉਹ ਨਿਰਵਾਨ ਨੂੰ ਵੀ ਪਰਮਾਰਥਕ ਸਚਾਈ ਦੇ ਰੂਪ ਵਿਚ ਦੇਖਦਾ ਹੈ। ਨਾਗਾਰਜੁਨ ਕਹਿੰਦੈ ਕਿ ਜੋ ਨਿਰਵਾਨ ਹੈ ਉਹੀ ਸੱਚਾ ਸੰਸਾਰ ਹੈ। ਕਈ ਵਿਦਵਾਨ ਜਾਂ ਵਿਆਖਿਆਕਾਰ ਇਸ ਨੂੰ ਅੰਗੁਮੀ ਸ਼ੈਅ (Naumenon) ਵੀ ਕਹਿੰਦੇ ਹਨ। ਇੰਞ ਨਾਗਾਰਜੁਨ ਬੁੱਧ ਦੇ ਮੂਲ ਸਿਧਾਂਤ ਬੁੱਧੀਵਾਦ ਨੂੰ ਵਿਚਾਰਵਾਦੀ ਦਿਖ ਦੇਣ ਵਿਚ ਕਾਮਯਾਬ ਹੋ ਜਾਂਦਾ ਹੈ ਕਿਉਂਕਿ ਉਸਦਾ ਸੂੰਨਯਵਾਦ ਬੁੱਧ ਦੇ ਪ੍ਰਤਤਿਯਸਮੁਤਵਾਦ ਦੇ ਘੇਰੇ ਵਿਚੋਂ ਨਿਕਲਕੇ ਉਪਨਿਸ਼ਦਾਂ ਦੇ ਵਿਚਾਰਵਾਦ ਦੇ ਨਜ਼ਦੀਕ ਚਲਾ ਜਾਂਦਾ ਹੈ। ਇੰਞ ਨਾਗਾਰਜੁਨ ਮਨ ਜਾਂ ਚਿੱਤ (Consciousness) ਦੀ ਸਮੁੱਚੀ ਭੂਮਿਕਾ ਨੂੰ ਵੀ ਨਕਾਰ ਕੇ ਰੱਖ ਦਿੰਦਾ ਹੈ ਜਿਹੜਾ ਤਥਾਗਤ ਬੁੱਧ ਦੇ ਮੂਲ ਫਲਸਫੇ ਦਾ ਆਧਾਰ ਹੈ। ਨਾਗਾਰਜੁਨ ਦੇ ਇਸ ਸਿਧਾਂਤ ਨੂੰ ਮਾਧਿਆਮਿਕ ਧਾਰਾ ਵੀ ਕਿਹਾ ਜਾਂਦਾ ਹੈ।

ਨਾਗਾਰਜੁਨ ''ਮਹਾਂਯਾਨ ਮੱਤ ਦਾ ਸਭ ਤੋਂ ਪਹਿਲਾ ਤੇ ਵੱਡਾ ਸੰਗਠਨ ਕਰਤਾ ਹੈ''। ਮਹਾਂਯਾਨੀਆਂ ਦੇ ਹੋਰ ਵੀ ਕਈ ਮੱਤ, ਜੋ ਹੋਂਦ ਵਿਚ ਆਏ, ਉਹਨਾਂ ਨੇ ਨਾਗਾਰਜੁਨ ਦੀ ਉਪਰੋਕਤ ਵਿਚਾਰਵਾਦੀ ਪਰੰਪਰਾ ਨੂੰ ਹੀ ਅੱਗੇ ਤੋਰਿਆ ਅਤੇ ਅਖੀਰ ਵਿਚ ਇਹੀ ਮੱਤ ਬਹੁਤ ਏਸ਼ੀਆਈ ਦੇਸ਼ਾਂ ਵਿਚ ਪ੍ਰਚਲਤ ਹੋਏ।

ਇਸ ਤਰ੍ਹਾਂ ਨਾਗਾਰਜੁਨ ਦੇ ਸੂੰਨਯਵਾਦ ਅਤੇ ਸ਼ੰਕਰ ਦੇ ਬ੍ਰਹਮਵਾਦ ਵਿਚ ਸਮਰੂਪਤਾ ਹੋਣ ਕਾਰਨ ਹੀ ਸ਼ੰਕਰ ਨੂੰ ਪ੍ਰਛਿੰਨ ਬੋਧ ਕਿਹਾ ਜਾਣ ਲੱਗਾ। ਇਸਦਾ ਇਕ ਹੋਰ ਵੀ ਕਾਰਨ ਦੱਸਿਆ ਜਾਂਦਾ ਹੈ। ਸ਼ੰਕਰ ਦੇ ਗੁਰੂ ਗਾਉਡਪਾਦ ਸਨ, ਜਿਹੜੇ ਦਾਰਸ਼ਨਿਕ ਗੋਵਿੰਦਪਾਦ ਦੇ ਚੇਲੇ ਸਨ। ਗੋਵਿੰਦਪਾਦ ਇਕ ਬੋਧੀ ਵਿਦਵਾਨ ਸਨ। ਗੋਵਿੰਦਪਾਦ ਅੱਗੇ ਨਾਗਾਰਜੁਨ ਦੇ ਚੇਲੇ ਸਨ। ਇੰਜ ਸ਼ੰਕਰ ਦਾ ਅਧਿਆਤਮਕ ਸੰਬੰਧ ਬੋਧੀ ਦਾਰਸ਼ਨਿਕਾਂ ਨਾਲ ਜੋੜਿਆ ਗਿਆ ਹਾਲਾਂਕਿ ਸਮੇਂ ਦੇ ਹਿਸਾਬ ਨਾਲ ਗੋਵਿੰਦਪਾਦ ਦਾ ਗਾਉਡਪਾਦ ਨਾਲ ਕੋਈ ਸੰਬੰਧ ਸਥਾਪਤ ਨਹੀਂ ਹੁੰਦਾ। ਫਿਰ ਗਾਉਡਪਾਦ ਤਾਂ ਹੈ ਹੀ ਵੇਦਾਂਤਕ ਵਿਚਾਰਵਾਦੀ ਸੀ।

ਦਰਅਸਲ ਮਹਾਂਯਾਨੀ ਵਿਚਾਰਵਾਦੀ ਧਾਰਾਵਾਂ ਭਾਰਤੀ ਆਦਰਸ਼ਵਾਦ ਦੀ ਇਕ ਅੱਡਰੀ ਪਹਿਚਾਨ ਸਥਾਪਤ ਕਰਦੀਆਂ ਹਨ ਕਿਉਂਕਿ ਮੂਲ ਰੂਪ ਵਿਚ ਇਹ ਅਦਵੈਤ-ਵੇਦਾਂਤ ਤੋਂ ਅਲੱਗ ਹਨ। ਇਹਨਾਂ ਦਾ ਮੂਲ ਸਰੋਤ ਤਥਾਗਤ ਬੁੱਧ ਦੇ ਸਿਧਾਂਤ ਹਨ ਜੋ ਨਾ ਤਾਂ ਵੇਦਾਂ ਦੀ ਸਰਬਉਚਤਾ ਨੂੰ ਸਵੀਕਾਰਦੇ ਹਨ ਤੇ ਨਾ ਹੀ ਵੈਦਿਕ ਗਿਆਨ ਨੂੰ ਅਨਾਦਿ ਦੇ ਦੋਸ਼ ਰਹਿਤ ਮੰਨਦੇ ਹਨ। ਇਸੇ ਲਈ ਪ੍ਰਸਿੱਧ ਭਾਰਤੀ ਵਿਦਵਾਨ ਡੀ. ਪੀ. ਚੋਟੋਪਾਆਿਧਆਇ ਸ਼ੰਕਰ ਨੂੰ ਪ੍ਰਛਿੰਨ ਬੋਧ ਨਹੀਂ ਮੰਨਦੇ। ਚਟੋਪਾਧਿਆਇ ਦਾ ਮੱਤ ਹੈ ਕਿ ਸ਼ੰਕਰ ਨੇ ਸਰਬ ਸੱਤਾਵਾਦੀਆਂ ਦੇ ਸਿਧਾਂਤ ਨੂੰ ਸਹੀ ਪਰਿਪੇਖ ਵਿਚ ਨਹੀਂ ਵਿਚਾਰਿਆ। ਉਹ ਇਹ ਵੀ ਕਹਿੰਦੇ ਹਨ ਕਿ ਸਰਬ ਸੱਤਾਵਾਦੀਆਂ ਨੇ ਤਥਾਗਤ ਬੁੱਧ ਦੇ ਅਨਿਤਅਵਾਦ ਦੀ ਉਸ ਗੰਭੀਰਤਾ ਤੇ ਗਹਿਰਾਈ ਨਾਲ ਵਿਆਖਿਆ ਨਹੀਂ ਕੀਤੀ ਜਿੰਨੀ ਇਹ ਸਿਧਾਂਤ ਅਸਲ ਵਿਚ ਮੰਗ ਕਰਦਾ ਸੀ। ਅਨਿਤਅਵਾਦ ਅਨੁਸਾਰ ਇਸ ਬ੍ਰਹਿਮੰਡ ਦੀ ਹਰ ਵਸਤੂ ਪਰਿਵਰਤਨਸ਼ੀਲ ਹੈ। ਕੁਝ ਵੀ ਸਥਾਈ ਨਹੀਂ ਹੈ, ਜਦ ਕਿ ਸ਼ੰਕਰ ਦਾ 'ਬ੍ਰਹਮਵਾਦ' ਬ੍ਰਹਮਾ ਨੂੰ ਮੂਲ ਸਚਾਈ ਮੰਨਦਾ ਹੈ। ਉਸਤੋਂ ਸਿਵਾਏ ਹੋਰ ਕੁਝ ਵੀ ਸੱਤ ਨਹੀਂ ਹੈ। ਸੋ ਸ਼ੰਕਰ ਅਸਲ ਵਿਚ ਬੋਧ ਨਹੀਂ ਹੈ।

ਸਮਾਜਕ ਨਜ਼ਰੀਏ ਤੋਂ ਜੇ ਸੂੰਨਯਵਾਦ ਅਤੇ ਵਿਗਿਆਨਵਾਦ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਧਾਰਾਵਾਂ ਸ਼ੰਕਰ ਦੇ ਬ੍ਰਹਮਵਾਦ ਤੋਂ ਵੱਖਰੀਆਂ ਹਨ। ਨਾ ਹੀ ਨਾਗਾਰਜੁਨ ਅਤੇ ਨਾ ਹੀ ਵਿਗਿਆਨਵਾਦੀ ਦਾਰਸ਼ਨਿਕ ਅਸੰਗ (Asang) ਵਾਸੁਬੰਧੂ (Vasubandhu) ਅਤੇ ਦਿਗਨਾਗ (Dignag) ਆਪਣੀਆਂ ਰਚਨਾਵਾਂ ਵਿਚ ਵਰਣ-ਵਿਵਸਥਾ (ਜਾਤੀ ਪ੍ਰਣਾਲੀ) ਦੀ ਕਿਧਰੇ ਪ੍ਰੋੜ੍ਹਤਾ ਕਰਦੇ ਹਨ, ਜਿਵੇਂ ਸ਼ੰਕਰ ਕਰਦਾ ਹੈ। ਨਾ ਹੀ ਉਹ ਮਨੂੰਵਾਦ ਦੇ ਹਾਮੀ ਹਨ। ਉਹ ਤਾਂ ਵੈਦਿਕ ਗਿਆਨ ਦੀ ਸਰਬਉਚਤਾ ਤੇ ਦੋਸ਼ਹੀਣਤਾ ਨੂੰ ਵੀ ਨਹੀਂ ਸਵੀਕਾਰਦੇ। ਪਰੰਤੂ ਸ਼ੰਕਰ ਲਈ ਮਨੂੰਵਾਦ ਤੇ ਵੈਦਿਕ ਗਿਆਨ ਸਰਬ ਸ੍ਰੇਸ਼ਟ ਅਤੇ ਸਰਬ ਪ੍ਰਮਾਣਕ ਦਰਸ਼ਨ ਹਨ। ਨਾਗਾਰਜੁਨ ਦਾ ਨੀਤੀਸ਼ਾਸਤਰ ਅਤੇ ਰਾਜਨੀਤੀ ਸਿਧਾਂਤ ਹੋਰ ਵੀ



ਮਹੱਤਵਪੂਰਨ ਹਨ ਅਤੇ ਸ਼ੰਕਰ ਦੀ ਸਮਾਜਕ ਨੈਤਿਕਤਾ ਤੋਂ ਵੱਖਰੇ ਹਨ। ਨਾਗਰਜੁਨ ਵਿਸ਼ਵਾਸ ਰੱਖਦੇ ਹਨ ਕਿ ਸਮਾਜਕ ਅਚਾਰ-ਵਿਹਾਰ ਦੀ ਪੇਰਨਾ ਕਰੁਣਾ ਅਤੇ ਸੱਚ ਤੋਂ ਮਿਲਣੀ ਚਾਹੀਦੀ ਹੈ ਅਤੇ ਸੱਚ ਉਹ ਹੈ ਜੋ ਦੂਜਿਆਂ ਵਾਸਤੇ ਮੂਲੋਂ ਹੀ ਚੰਗਾ ਹੋਵੇ। ਹਿੰਦੂ ਸ਼ਾਸਤਰਾਂ ਦੇ ਉਲਟ ਨਾਗਾਰਜੁਨ ਸਦਾਚਾਰ ਉਤੇ ਆਧਾਰਤ ਰਾਜਨੀਤੀ ਅਤੇ ਕਰੁਣਾ ਉਤੇ ਆਧਾਰਤ ਨਿਆਂ ਦੀ ਵਕਾਲਤ ਕਰਦਾ ਹੈ। ਕਾਨੂੰਨ ਤੋੜਨ ਵਾਲੇ ਦਾ, ਕਸੂਰਵਾਰ ਅਤੇ ਗੁਨਾਹਗਾਰ ਦਾ ਹਰ ਸਾਧਨ ਵਰਤਕੇ ਸੁਧਾਰ ਹੋਣਾ ਚਾਹੀਦਾ ਹੈ ਕਿਉਂਕਿ ਉਧਾਰ ਤੋਂ ਪਾਰ ਕੋਈ ਨਹੀਂ ਹੈ। ਢੰਡ ਕਦੇ ਵੀ ਕਠੋਰ ਤੇ ਅਮਾਨਵੀ ਨਹੀਂ ਹੋਣਾ ਚਾਹੀਦਾ ਹੈ। ਜਿਸ ਹੱਦ ਤਕ ਹੋ ਸਕੇ ਬੰਦੇ ਨੂੰ ਸਦਾਚਾਰਕ ਨੇਮਾਂ ਦਾ ਸੱਚੇ ਦਿਲੋਂ ਪਾਲਣ ਕਰਨਾ ਚਾਹੀਦਾ ਹੈ। ਦੂਜਿਆਂ ਦੀ ਨੇਕੀ ਤੇ ਸਦਗੁਣਾਂ ਉਤੇ ਖੁਸ਼ ਹੋਣਾ ਚਾਹੀਦਾ ਹੈ। ਇਸ ਪਿਛੋਕੜ ਵਿਚ ਸ਼ੰਕਰ ਨੂੰ 'ਪ੍ਰਛਿੰਨ ਬੋਧ' ਦਾ ਰੁਤਬਾ ਦੇਣ ਪਿੱਛੇ ਦਾਰਸ਼ਨਿਕ ਸ਼ਰਾਰਤ ਜਾਪਦੀ ਹੈ ਤਾਂ ਕਿ ਮਹਾਂਯਾਨੀਆਂ ਦਾ ਸੂੰਨਯਵਾਦ, ਵਿਗਿਆਨਵਾਦ ਤੇ ਸਰਬ-ਸੱਤਾਵਾਦ ਮਹਿਜ਼ ਸ਼ੰਕਰ ਦੇ ਬ੍ਰਹਮਵਾਦ ਦਾ ਰੂਪ ਬਣਕੇ ਹੀ ਰਹਿ ਜਾਵੇ ਅਤੇ ਹੋਇਆ ਵੀ ਇੰਞ ਹੀ ਹੈ। ਭਾਰਤੀ ਲੋਕ ਅਤੇ ਬੁੱਧੀਜੀਵੀਆਂ ਨੇ ਮਹਾਂਯਾਨੀਆਂ ਦੇ ਆਦਰਸ਼ਵਾਦ ਨੂੰ ਸ਼ੰਕਰ ਦੇ ਬ੍ਰਹਮਵਾਦ ਤੇ ਮਾਇਆਵਾਦ ਰਾਹੀਂ ਹੀ ਦੇਖਿਆ ਤੇ ਸਮਝਿਆ ਹੈ, ਇੰਞ ਇਕ ਬਹੁਤ ਮਹੱਤਵਪੂਰਨ ਗੈਰ-ਵੈਦਿਕ ਆਦਰਸ਼ਵਾਦ ਦੀ ਲਹਿਰ ਦਾ ਵਿਕਾਸ ਰੁਕ ਗਿਆ ਜਿਸਦੇ ਸਿੱਟੇ ਅੱਜ ਭਾਰਤੀ ਲੋਕ ਭੁਗਤ ਰਹੇ ਹਨ। ਅਗਾਂਹਵਧੂ ਭਾਰਤੀ ਬੁੱਧੀਜੀਵੀਆਂ ਨੂੰ ਗੈਰ-ਵੈਦਿਕ ਆਦਰਸ਼ਵਾਦੀ ਦਰਸ਼ਨ ਦੀਆਂ ਜੜ੍ਹਾਂ ਲਭ ਕੇ ਇਕ ਸੂਤਰ ਵਿਚ ਪਰੋਣ ਵਲ ਕੋਸ਼ਿਸ਼ ਸੇਧਿਤ ਕਰਨ ਦੀ ਅੱਜ ਮਹੱਤਵਪੂਰਨ ਲੋੜ ਹੈ।

(9)

ਪ੍ਰਮਾਣਕਤਾ ਦੀ ਦ੍ਰਿਸ਼ਟੀ ਤੋਂ ਵਿਚਾਰ ਕਰਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ਼ੰਕਰ ਅਨੁਸਾਰ ਜਦ ਵਸਤੂ-ਜਗਤ ਦੀ ਹੋਂਦ ਹੀ ਨਹੀਂ ਤਾਂ ਇਹ ਦਿਖਾਈ ਕਿਉਂ ਦੇ ਰਿਹਾ ਹੈ? ਸ਼ੰਕਰ ਕਹਿੰਦੈ ਇਹੀ ਤਾਂ ਮਾਇਆ ਹੈ। ਰਾਹੁਲ ਸ਼ੰਕਰਤਿਆਨ ਇਸ ਮਾਇਆਵਾਦ ਦੇ ਸਮਾਜਕ ਸਰੋਕਾਰਾਂ ਬਾਰੇ ਇੰਜ ਪ੍ਰਤੀਕਰਮ ਕਰਦੇ ਹਨ ''ਮਦਾਰੀ ਢੇਰਾਂ ਦੇ ਢੇਰ ਰੁਪਏ ਕਮਾਉਂਦਾ ਹੈ ਪਰੰਤੂ ਕੀ ਇਹ ਅਸਲ ਰੁਪਏ ਹਨ? ਜੇ ਅਜਿਹਾ ਹੁੰਦਾ ਤਾਂ ਉਸਨੂੰ ਤਮਾਸ਼ਾ ਕਰਕੇ ਇਕ ਦੋ ਰੁਪਏ ਮੰਗਣ ਦੀ ਜ਼ਰੂਰਤ ਨਾ ਹੁੰਦੀ। ਇਹ ਰੁਪਏ ਕੀ ਹਨ? ਮਾਇਆ, ਭਰਮ ਤੋਂ ਸਿਵਾਏ ਹੋਰ ਕੁਝ ਵੀ ਨਹੀਂ। ਜਗਤ ਵੀ ਮਾਇਆ ਹੈ, ਮਾਂ ਵੀ ਮਾਇਆ, ਬਾਪ ਵੀ ਮਾਇਆ, ਪਤਨੀ ਵੀ ਮਾਇਆ, ਪਤੀ ਵੀ ਮਾਇਆ, ਪਰਉਪਕਾਰ ਵੀ ਮਾਇਆ, ਗਰੀਬ ਦੀ ਭੁੱਖ ਵੀ ਮਾਇਆ, ਭੁੱਖ ਨਾਲ ਤੜਪਦੀਆਂ ਉਸਦੀਆਂ ਅੰਤੜੀਆਂ ਵੀ ਮਾਇਆ, ਨਿਕੰਮੇ ਅਮੀਰ ਦੀ ਤੋਂਦ ਅਤੇ ਖੜ੍ਹੀਆਂ ਮੁੱਛਾਂ ਵੀ ਮਾਇਆ, ਕੋੜੇ ਖਾ ਰਿਹਾ ਗੁਲਾਮ ਵੀ ਮਾਇਆ, ਜ਼ਾਲਮ ਮਾਲਕ ਵੀ ਮਾਇਆ, ਚੋਰ ਵੀ ਮਾਇਆ, ਸ਼ਾਹੂਕਾਰ ਵੀ ਮਾਇਆ, ਗੁਲਾਮ ਹਿੰਦੁਸਤਾਨ ਵੀ ਮਾਇਆ, ਹਿਟਲਰ ਦੀ ਹਿੰਸਾ ਵੀ ਮਾਇਆ, ਗਾਂਧੀ ਦੀ ਅਹਿੰਸਾ ਵੀ ਮਾਇਆ, ਸਵਰਗ ਵੀ ਮਾਇਆ, ਨਰਕ ਵੀ ਮਾਇਆ, ਧਰਮ ਵੀ ਮਾਇਆ, ਅਧਰਮ ਵੀ ਮਾਇਆ, ਜਗਤ ਜਾਦੂ ਹੈ, ਮਾਇਆ (ਭਰਮ) ਦੇ ਸਿਵਾਏ ਕੁਝ ਨਹੀਂ''। ਜ਼ਰਾ ਕੁ ਹੋਰ ਡੂੰਘਾਈ ਨਾਲ ਸੋਚੀਏ ਤਾਂ ਕਹਿ ਸਕਦੇ ਹਾਂ ਕਿ ਮਨੁੱਖ ਵੀ (ਸਮੇਤ ਸ਼ੰਕਰ) ਮਾਇਆ ਹੀ ਹੈ, ਸਮੁੱਚੀ ਸਭਿਅਤਾ ਵੀ ਮਾਇਆ ਹੈ। ਰਾਹੁਲ ਨਿਚੋੜ ਕਢਦੇ ਹਨ ਕਿ ਸ਼ੰਕਰ ਦਾ ਮਾਇਆਵਾਦ ਸਮਾਜ ਦੀ ਹਰ ਕਿਸਮ ਦੀ ਅਸਮਾਨਤਾ, ਹਰ ਸਮਾਜਕ ਅਤਿਆਚਾਰ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਲਈ ਜ਼ਬਰਦਸਤ ਹਥਿਆਰ ਦਾ ਕੰਮ ਕਰਦਾ ਆ ਰਿਹਾ ਹੈ। ਕੀ ਸ਼ੰਕਰ ਦੇ ਇਸ ਮਾਇਆਵਾਦ ਅਤੇ ਬ੍ਰਹਮਵਾਦ ਵਿਚ ਅਜੇ ਵੀ ਕੋਈ ਮਾਨਵਵਾਦੀ ਤੱਤ ਰਹਿ ਜਾਂਦਾ ਹੈ? ਭਾਰਤੀ ਦਰਸ਼ਨ ਦੀਆਂ ਦੂਸਰੀਆਂ ਵਿਚਾਰਵਾਦੀ ਧਾਰਾਵਾਂ ਨੂੰ ਵੀ ਇਸੇ ਕਸੌਟੀ 'ਤੇ ਪਰਖਣ ਦੀ ਲੋੜ ਹੈ। ○○

[14-ਬੀ ਬੀ ਪੁਰਾਣੀ ਬਾਰਾਂਦਰੀ ਨੇੜੇ ਸਰਕਟ ਹਾਊਸ, ਜਲੰਧਰ]

# ਵੀਹਵੀਂ ਸਦੀ ਦਾ ਅੰਤਲਾ ਪੜਾ : ਪੰਜਾਬੀ ਸਾਹਿਤ ਅਤੇ ਪ੍ਰਗਤੀਵਾਦ ਸਥਿਤੀ ਅਤੇ ਸੰਭਾਵਨਾਵਾਂ

**ਪ੍ਰੀਤਮ ਸਿੰਘ**

ਵੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਅਤੇ ਵਿਸ਼ੇਸ਼ ਤੌਰ 'ਤੇ ਪਿਛਲੇ ਦੋ ਦਹਾਕਿਆਂ ਵਿਚ ਸਾਇੰਸ ਅਤੇ ਤਕਨਾਲੋਜੀ ਵਿਚ ਅਜਿਹੇ ਵਿਕਾਸ ਹੋਏ ਜਿਨ੍ਹਾਂ ਨੇ ਚਿੰਤਨ ਦੇ ਹਰ ਖੇਤਰ ਨੂੰ ਪ੍ਰਭਾਵਤ ਕੀਤਾ। ਸਮਾਜਕ ਵਿਵਸਥਾ ਵਿਚ ਬੁਨਿਆਦੀ ਤਬਦੀਲੀਆਂ ਵਾਪਰੀਆਂ ਹਨ। ਅਰਥ ਸ਼ਾਸਤਰ, ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਦਰਸ਼ਨ, ਕਲਾ ਅਤੇ ਸਾਹਿਤ ਦੀ ਨੁਹਾਰ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਉਹ ਸਿਧਾਂਤ ਜਿਨ੍ਹਾਂ ਦਾ ਕੱਲ੍ਹ ਤਕ ਬੋਲ ਬਾਲਾ ਸੀ ਅਤੇ ਜੋ ਪ੍ਰਚਲਤ ਸਮਾਜਕ ਵਿਵਸਥਾ ਦੀਆਂ ਊਣਤਾਈਆਂ ਤੋਂ ਮੁਕਤੀ ਦਾ ਮਾਰਗ ਦਰਸ਼ਕ ਸਮਝੇ ਜਾਂਦੇ ਸਨ, ਥੋਥੇ ਸਿੱਧ ਹੋਏ ਹਨ। ਉਹ ਸਮਾਜਕ ਨਿਜ਼ਾਮ ਜੋ ਵਿਕਲਪਤ ਮਾਡਲ ਵਜੋਂ ਪ੍ਰਸਤੁਤ ਕੀਤਾ ਜਾ ਰਿਹਾ ਸੀ, ਢਹਿ ਢੇਰੀ ਹੋ ਗਿਆ ਹੈ ਅਤੇ ਉਸ ਨਾਲ ਜੁੜੀਆਂ ਸਾਰੀਆਂ ਆਸਾਂ ਉਮੀਦਾਂ ਖੇਰੂੰ ਖੇਰੂੰ ਹੋ ਗਈਆਂ ਹਨ। ਇਨ੍ਹਾਂ ਹਾਲਾਤ ਦੇ ਸਨਮੁਖ ਆਉਣ ਵਾਲੇ ਸਮੇਂ ਵਿਚ, ਪੰਜਾਬੀ ਸਾਹਿਤ ਵਿਚ ਵੀ ਕੁਝ ਬੁਨਿਆਦੀ ਤਬਦੀਲੀਆਂ ਵਾਪਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਪਰ ਜੇਕਰ ਸਮਾਜਕ ਵਿਵਸਥਾ ਵਿਚ ਆਈ ਤਬਦੀਲੀ ਅਤੇ ਚਿੰਤਨ ਦੇ ਖੇਤਰ ਵਿਚ ਆਏ ਨਵੇਂ ਰੁਝਾਨਾਂ ਨੂੰ ਅਣਡਿੱਠ ਕੀਤਾ ਗਿਆ ਤਾਂ ਉਸ ਨਾਲ ਸਾਹਿਤ ਦੇ ਪਛੜੇਵੇਂ ਲਈ ਜ਼ਮੀਨ ਤਿਆਰ ਹੋ ਜਾਵੇਗੀ। ਸਰੋਕਾਰਾਂ ਅਤੇ ਨਵੇਂ ਪਾਸਾਰਾਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਸਾਂਝ ਭਿਆਲੀ ਪਾਏ ਬਗੈਰ ਕੋਈ ਵਿਕਾਸ ਸੰਭਵ ਨਹੀਂ ਜਾਪਦਾ।

1935-36 ਵਿਚ ਜਨਮੀ ਪ੍ਰਗਤੀਵਾਦੀ ਸਾਹਿਤ ਦੀ ਲਹਿਰ ਸ਼ੁਰੂ ਸ਼ੁਰੂ ਵਿਚ ਇਕ ਸਾਂਝਾ ਸਾਹਿਤਕ ਮੋਰਚਾ ਸੀ ਜਿਸ ਵਿਚ ਹਰ ਵਿਚਾਰ ਦੇ ਲੇਖਕ ਸ਼ਾਮਲ ਹੋਏ। ਪਰ ਕੁਛ ਸਮੇਂ ਬਾਅਦ ਹੀ ਇਸ ਲਹਿਰ ਦੇ ਦੋ ਸਿਧਾਂਤਕ ਗੁਰੂ, ਮਾਰਕਸ ਅਤੇ ਫਰਾਇਡ ਬਣ ਗਏ। ਸਮੇਂ ਦੇ ਲਾਂਘੇ ਨਾਲ ਫਰਾਇਡਵਾਦੀ ਲੇਖਕ ਵੀ ਲਾਂਭੇ ਹੋ ਗਏ ਜਾਂ ਇਹ ਕਹਿ ਲਵੋ ਕਿ ਪ੍ਰਗਤੀਵਾਦੀ ਲੇਖਕਾਂ ਦਾ ਫਰਾਇਡ ਪ੍ਰਤਿ ਮੋਹ ਭੰਗ ਹੋ ਗਿਆ ਅਤੇ ਇਸ ਸਾਹਿਤਕ ਲਹਿਰ ਦਾ ਇਕੋ ਸਿਧਾਂਤਕਾਰ ਕਾਰਲ ਮਾਰਕਸ ਹੋ ਨਿਬੜਿਆ। ਭਾਵੇਂ ਆਰੰਭ ਵਿਚ ਇਹ ਸਾਹਿਤਕ ਲਹਿਰ ਇਕ ਸਾਂਝਾ ਸਾਹਿਤਕ ਮੋਰਚਾ ਸੀ, ਪਰ ਇਹ ਨੀਤੀ ਇਕ ਪੈਂਤੜੇ ਵਜੋਂ ਹੀ ਅਪਨਾਈ ਗਈ ਸੀ। ਇਸ ਲਹਿਰ ਨੂੰ ਸੰਗਠਿਤ ਰੂਪ ਵਿਚ ਚਲਾਉਣ ਵਾਲੇ ਮਾਰਕਸਵਾਦੀ ਹੀ ਸਨ। ਇਸ ਲਹਿਰ ਦਾ ਨਾਮਕਰਨ ਵੀ ਮਾਰਕਸ ਦੀ ਇਸ ਧਾਰਨਾ 'ਤੇ ਆਧਾਰਤ ਸੀ ਕਿ ਮਨੁੱਖੀ ਸਮਾਜ ਗੁਲਾਮੀ, ਜਾਗੀਰਦਾਰੀ ਵਿਵਸਥਾ ਤੋਂ ਤਰੱਕੀ ਕਰਕੇ ਪੂੰਜੀਵਾਦ ਵੱਲ ਵਧਿਆ ਹੈ (ਜਾਂ ਵਧੇਗਾ) ਅਤੇ ਇਸ ਸਮਾਜਕ ਪ੍ਰਗਤੀ ਦਾ ਅਗਲਾ ਪੜਾਅ ਸਮਾਜਵਾਦ ਹੋਵੇਗਾ। ਸਮਾਜਕ ਤਰੱਕੀ ਲਈ ਯਤਨਸ਼ੀਲ ਸਾਰੀਆਂ ਸ਼ਕਤੀਆਂ ਨੂੰ ਸਮਾਜਕ ਤਰੱਕੀ ਦੇ ਅਗਲੇ ਪੜਾਅ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਸਾਹਿਤਕਾਰ ਆਪਣੀਆਂ ਲਿਖਤਾਂ ਰਾਹੀਂ ਸਮਾਜਕ ਤਰੱਕੀ ਦੇ ਅਗਲੇ ਪੜਾਅ ਲਈ ਯੋਗਦਾਨ ਪਾ ਸਕਦੇ ਹਨ। ਇਸ ਲਈ ਇਸ ਮਾਰਗ ਨੂੰ ਅਪਨਾਉਣ ਵਾਲੇ ਲੇਖਕ ਪ੍ਰਗਤੀਵਾਦੀ ਅਤੇ ਇਸ ਲਹਿਰ ਨੂੰ ਸਾਹਿਤ ਦੀ ਪ੍ਰਗਤੀਵਾਦੀ ਲਹਿਰ ਆਖਿਆ ਗਿਆ। ਮਾਰਕਸਵਾਦੀ ਸਿਆਸਤ ਇਸ ਲਹਿਰ 'ਤੇ ਛਾਈ ਰਹੀ ਭਾਵੇਂ ਕਿ ਸਮੇਂ ਸਮੇਂ ਇਸ ਤੱਥ ਦੀ ਪਰਦਾਪੋਸ਼ੀ ਹੁੰਦੀ ਰਹੀ ਹੈ। ਜਦੋਂ ਪ੍ਰਗਤੀਵਾਦੀ ਸਾਹਿਤ ਦੀ ਲਹਿਰ ਮੱਠੀ ਪੈ ਗਈ ਤਾਂ ਇਸ ਦੀ ਪੁਨਰ-ਸੁਰਜੀਤੀ ਲਈ ਸੰਤ ਸਿੰਘ ਸੇਖੋਂ ਵੱਲੋਂ ਜੋ ਗੁਰਮੰਤਰ ਪ੍ਰਸਤੁਤ ਕੀਤਾ ਗਿਆ, ਉਸ ਤੋਂ ਵੀ ਇਹ ਤੱਥ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਪ੍ਰਗਤੀਵਾਦੀ ਸਾਹਿਤਕ ਲਹਿਰ ਦਾ ਪ੍ਰੇਰਨਾ ਸਰੋਤ ਮਾਰਕਸਵਾਦ ਹੈ। ਸੰਤ ਸਿੰਘ ਸੇਖੋਂ ਨੇ ਵਿਚਾਰ ਪ੍ਰਗਟ ਕੀਤਾ :

''ਲੋੜ ਹੈ ਇਕ ਨਵ ਪ੍ਰਗਤੀਵਾਦੀ ਸੰਗਠਨ ਬਨਾਣ ਦੀ, ਜਿਸ ਦਾ ਮੁੱਖ ਕਰਮ ਸਮਾਜਵਾਦੀ



ਸੰਘਰਸ਼ ਹੋਵੇ, ਜਿਸ ਵਿਚ ਸਮਾਜਵਾਦੀ ਆਲੋਚਨਾ ਨੂੰ ਵੀ ਸਵੀਕਾਰ ਕਰ ਲਿਆ ਜਾਵੇ। ਅਰਥਾਤ ਸਾਡਾ ਪ੍ਰਗਤੀਵਾਦੀ ਸਾਹਿਤ ਸਮਾਜਵਾਦੀ, ਸੰਘਰਸ਼ਵਾਦੀ ਜਾਂ ਘੱਟੋ ਘੱਟ ਸਮਾਜਵਾਦੀ ਆਲੋਚਨਾਤਮਕ ਹੋਵੇ। ਇਸ ਉਦੇਸ਼ ਵਾਲੇ ਸਾਹਿਤ ਨੂੰ ਭਾਰਤ ਦੀ ਵਰਤਮਾਨ ਸਥਿਤੀ ਵਿਚ, ਜਿਹੜੀ ਸਮਾਜਵਾਦੀ ਨਹੀਂ, ਸਮਾਜਵਾਦੀ ਯਥਾਰਥਵਾਦੀ ਨਹੀਂ ਕਿਹਾ ਜਾ ਸਕਦਾ। ਇਸ ਨੂੰ ਸਮਾਜਵਾਦੀ ਆਲੋਚਨਾਤਮਕ, ਜਾਂ ਸਮਾਜਵਾਦੀ ਸੰਘਰਸ਼ਵਾਦੀ ਆਖਿਆ ਜਾ ਸਕਦਾ ਹੈ ਅਤੇ ਇਹਨਾਂ ਦੋਹਾਂ ਰੁਚੀਆਂ ਨੂੰ ਉਦੇਸ਼ ਬਨਾਣ ਵਾਲੇ ਸਾਹਿਤ ਨੂੰ ਨਵ ਪ੍ਰਗਤੀਵਾਦੀ ਕਹਿਣਾ ਹੋਵੇਗਾ।''

ਸੰਤ ਸਿੰਘ ਸੇਖੋਂ ਨੇ ਉਕਤ ਵਿਚਾਰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਕਰਵਾਈ ਗਈ ਗੋਸ਼ਟੀ 'ਪ੍ਰਗਤੀਵਾਦੀ ਪੰਜਾਬੀ ਸਾਹਿਤ ਦੇ ਪੰਜਾਹ ਸਾਲ- ਇਕ ਪੁਨਰ ਮੁਲਾਂਕਣ' (ਅਕਤੂਬਰ 1986) ਵਿਚ ਪ੍ਰਸਤੁਤ ਕੀਤੇ ਸਨ। 1990 ਵਿਚ, ਸੋਵੀਅਤ ਯੂਨੀਅਨ ਦਾ ਵਿਗਠਨ ਹੋ ਗਿਆ। ਇਹ ਵਿਗਠਨ ਕਿਸੇ ਪੂੰਜੀਪਤੀ ਦੇਸ਼ ਦੇ ਸੋਵੀਅਤ ਉੱਤੇ ਹਮਲੇ ਕਾਰਨ ਨਹੀਂ ਸੀ ਹੋਇਆ। ਉਨ੍ਹਾਂ ਸ਼ਕਤੀਆਂ ਕਾਰਨ ਹੋਇਆ, ਜਿਨ੍ਹਾਂ ਨੂੰ ਸਾਇੰਸ ਅਤੇ ਤਕਨਾਲੋਜੀ ਨੇ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਬਾਅਦ ਜਨਮ ਦਿੱਤਾ ਸੀ ਅਤੇ ਜਿਨ੍ਹਾਂ ਦੀ ਸਮਾਜਵਾਦੀ ਅਤੇ ਵਿਸ਼ੇਸ਼ ਤੌਰ 'ਤੇ ਸੋਵੀਅਤ ਪੱਖੀ ਚਿੰਤਕਾਂ ਨੇ ਅਣਦੇਖੀ ਕੀਤੀ ਰੱਖੀ। ਮਾਰਕਸ ਦਾ ਸਾਰਾ ਚਿੰਤਨ ਉਨੀਵੀਂ ਸਦੀ ਤਕ ਸਾਇੰਸ, ਤਕਨਾਲੋਜੀ, ਅਰਥ ਸ਼ਾਸਤਰ, ਦਰਸ਼ਨ ਸ਼ਾਸਤਰ ਆਦਿ ਵਿਚ ਹੋਏ ਵਿਕਾਸ 'ਤੇ ਆਧਾਰਤ ਸੀ। ਪਰ ਮਾਰਕਸ ਦੀ ਮਿਰਤੂ ਤੋਂ ਬਾਅਦ ਸਮਾਜਕ ਵਿਵਸਥਾ ਵਿਚ ਤਬਦੀਲੀਆਂ ਹੁੰਦੀਆਂ ਰਹੀਆਂ ਅਤੇ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਬਾਅਦ ਇਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੋ ਗਈ। ਇਸ ਨਾਲ ਸਮਾਜਕ ਵਰਤਾਰੇ ਵਿਚ ਹੈਰਾਨੀ ਜਨਕ ਤਬਦਲੀਆਂ ਵਾਪਰੀਆਂ। ਮਾਰਕਸ ਦੀ ਇਹ ਧਾਰਨਾ ਸੀ ਕਿ ਸਰਮਾਏਦਾਰੀ ਆਰਥਿਕ ਵਿਵਸਥਾ ਨੇ ਪ੍ਰੋਲਤਾਰੀਆ ਨੂੰ ਜਨਮ ਦਿੱਤਾ ਹੈ ਅਤੇ ਇਹ ਪ੍ਰੋਲਤਾਰੀਆ ਹੀ ਇਸ ਨਿਜ਼ਾਮ ਦੀ ਕਬਰ ਪੁੱਟ ਕੇ ਇਸ ਨੂੰ ਦਫਨ ਕਰਕੇ ਸਮਾਜਵਾਦ ਸਥਾਪਤ ਕਰੇਗਾ। ਪੂੰਜੀਪਤੀ ਆਰਥਿਕ ਵਿਵਸਥਾ ਨੇ ਉਤਪਾਦਨ ਸ਼ਕਤੀਆਂ 'ਤੇ ਜੋ ਬੰਧਿਜ ਆਇਦ ਕੀਤੇ ਹੋਏ ਹਨ, ਉਹ ਤਹਿਸ ਨਹਿਸ ਹੋ ਜਾਣਗੇ। ਪੈਦਾਵਾਰੀ ਸ਼ਕਤੀਆਂ ਵਿਚ ਬੇਮਿਸਾਲ ਵਾਧਾ ਹੋਵੇਗਾ ਜਿਸ ਨਾਲ ਹਰ ਇਕ ਦਾ ਜੀਵਨ ਪੱਧਰ ਉਚਾ ਹੋ ਜਾਵੇਗਾ ਕਿਉਂਕਿ ਪੈਦਾਵਾਰ ਕਿਸੇ ਦੇ ਨਿੱਜੀ ਹਿਤ ਲਈ ਨਹੀਂ ਬਲਕਿ ਜਨ ਸਮੂਹ ਦੇ ਹਿਤ ਲਈ ਹੋਵੇਗੀ। ਉਤਪਾਦਨ ਦਾ ਸਾਰਾ ਪ੍ਰਬੰਧ ਸਮਾਜ ਦੇ ਹੱਥ ਵੱਸ ਹੋਣ ਕਰਕੇ ਆਰਥਿਕ ਨਿਜ਼ਾਮ ਨਾ ਤੇ ਜਮੂਦ ਦਾ ਸ਼ਿਕਾਰ ਹੋਵੇਗਾ ਅਤੇ ਨਾ ਹੀ ਇਸ ਵਿਚ ਉਸ ਤਰ੍ਹਾਂ ਦਾ ਸੰਕਟ ਉਤਪੰਨ ਹੋਵੇਗਾ, ਜੋ ਸਮੇਂ ਸਮੇਂ ਬੇਰੋਜ਼ਗਾਰੀ ਅਤੇ ਗਰੀਬੀ ਦਾ ਕਾਰਨ ਬਣਦਾ ਹੈ ਅਤੇ ਇਹ ਧਾਰਨਾ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਸਹੀ ਵੀ ਲਗਦੀ ਸੀ। ਉਦਯੋਗੀਕਰਨ ਦੇ ਮੁੱਢਲੇ ਪੜਾਅ ਵਿਚ ਸੋਵੀਅਤ ਤਜਰਬਾ ਕਾਫੀ ਸਫਲ ਰਿਹਾ। 1928 ਤੋਂ 1955 ਦੌਰਾਨ ਸੋਵੀਅਤ ਯੂਨੀਅਨ ਦੇ ਆਰਥਿਕ ਵਿਕਾਸ ਦੀ ਦਰ 4.4 ਅਤੇ 6.6 ਫੀਸਦੀ ਪ੍ਰਤੀ ਵਰਸ਼ ਸੀ। ਇਹ ਇਕ ਮਾਅਰਕੇ ਦੀ ਆਰਥਿਕ ਸਫਲਤਾ ਸੀ। ਇਹ ਕਾਮਯਾਬੀ ਹੋਰ ਵੀ ਆਬਦਾਰ ਲਗਦੀ ਸੀ ਜਦੋਂ ਇਹ ਦ੍ਰਿਸ਼ਟੀ ਗੋਚਰ ਹੁੰਦਾ ਸੀ ਕਿ ਇਸ ਸਮੇਂ ਦੌਰਾਨ ਹੀ ਜ਼ਰਾਇਤ ਦਾ ਸਮੂਹੀਕਰਨ ਕੀਤਾ ਗਿਆ ਸੀ ਜਿਸ ਨਾਲ ਪੇਂਡੂ ਇਲਾਕੇ ਵਿਚ ਬਹੁਤ ਹੀ ਉਥਲ ਪੁਥਲ ਹੋਈ ਸੀ ਅਤੇ ਇਸੇ ਦੌਰ ਵਿਚ ਦੂਜਾ ਸੰਸਾਰ ਯੁੱਧ ਹੋਇਆ ਸੀ ਜਿਸ ਨੇ ਬੇਮਿਸਾਲ ਤਬਾਹੀ ਮਚਾਈ ਸੀ। ਆਰਥਿਕ ਵਿਕਾਸ ਦੀ ਇਹ ਦਰ ਅਮਰੀਕਾ ਨਾਲੋਂ ਇਸੇ ਸਮੇਂ ਦੌਰਾਨ 50 ਫੀਸਦੀ ਤੋਂ ਵੱਧ ਸੀ। ਇਕ ਪਛੜੇ ਹੋਏ ਕ੍ਰਿਸ਼ੀ ਪ੍ਰਧਾਨ ਦੇਸ਼ ਨੂੰ ਸਮਾਜਵਾਦੀ ਆਰਥਿਕ ਵਿਵਸਥਾ ਨੇ ਸੰਸਾਰ ਦੇ ਮੁਹਰਲੀ ਕਤਾਰ ਦੇ ਉਦਯੋਗਕ ਦੇਸ਼ਾਂ ਦੀ ਪਾਲ ਵਿਚ ਲਿਆ ਖੜ੍ਹਾ ਕੀਤਾ ਸੀ।

ਫੇਰ ਤਕਨਾਲੋਜੀ ਵਿਚ ਇਕ ਕ੍ਰਾਂਤੀ ਆ ਗਈ ਜਿਸ ਨੇ ''ਸੂਚਨਾ ਸਮਾਜ'' ਨੂੰ ਜਨਮ ਦਿੱਤਾ। ਕੇਂਦਰ ਯੁਕਤ ਪਲਾਨਿੰਗ ਜੋ ਸਮਾਜਵਾਦੀ ਆਰਥਿਕ ਵਿਵਸਥਾ ਦਾ ਧੁਰਾ ਸੀ, ''ਸੂਚਨਾ ਯੁਗ'' ਨੇ ਉਸਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਸ ਯੁਗ ਵਿਚ ''ਜਸਟ ਇਨ ਟਾਈਮ ਪ੍ਰੋਡਕਸ਼ਨ'' ਦੀ ਵਿਧੀ ਚਾਲੂ ਹੋ ਗਈ ਹੈ

ਜਿਸ ਨਾਲ ਇਕ ਪਾਸੇ ਤਾਂ ਉਤਪਾਦਕਤਾ ਵਿਚ ਬੇ-ਮਿਸਾਲ ਵਾਧਾ ਹੋਇਆ ਹੈ, ਉਤਪਾਦਨ ਦੀ ਲਾਗਤ ਘਟਣ ਨਾਲ ਵਸਤਾਂ ਸਸਤੀਆਂ ਹੋ ਗਈਆਂ ਹਨ, ਦੂਸਰੇ ਪਾਸੇ ਪੂੰਜੀਪਤੀ ਆਰਥਿਕ ਨਿਜ਼ਾਮ ਵਿਚ ਬਹੁਤ ਲਚਕ ਪੈਦਾ ਹੋ ਗਈ ਹੈ ਜਿਸ ਨਾਲ ਇਸ ਵਿਚ ਆਰਥਿਕ ਸੰਕਟ ਉੱਤੇ ਕਾਬੂ ਪਾਉਣ ਦੀ ਸਮਰੱਥਾ ਬਹੁਤ ਵਧ ਗਈ ਹੈ। ਸਮਾਜਵਾਦੀ ਅਰਥ ਸ਼ਾਸਤਰ ਦੀ ਕੇਂਦਰ ਯੁਕਤ ਪਾਲਨਿੰਗ ਨਾਲ ਕ੍ਰਿਸ਼ੀ ਪ੍ਰਧਾਨ ਅਰਥਚਾਰੇ ਦਾ ਉਦਯੋਗੀਕਰਨ ਤਾਂ ਹੋ ਗਿਆ ਪਰ ਨਵੇਂ ਤਕਨਾਲੋਜੀਕਲ ਇਨਕਲਾਬ ਨੇ ਜਿਸ ''ਉਤਰ ਉਦਯੋਗਕ'' ਆਰਥਿਕ ਵਿਵਸਥਾ ਨੂੰ ਜਨਮ ਦਿੱਤਾ ਹੈ ਉਹ ਸੰਭਵ ਨਹੀਂ। ਕੇਂਦਰ ਯੁਕਤ ਪਲਾਨਿੰਗ ਵਿਚ ਸਾਧਨਾਂ ਦੀ ਸਹੀ ਵਰਤੋਂ ਇਕ ਬਹੁਤ ਵੱਡੀ ਸਮੱਸਿਆ ਹੈ। ਉਤਰ ਉਦਯੋਗਕ ਆਰਥਿਕ ਵਿਵਸਥਾ ਬੜੀ ਜਟਿਲ ਅਤੇ ਗੁੰਝਲਦਾਰ ਹੈ। ਇਹ ਕੇਂਦਰ ਯੁਕਤ ਪਲਾਨਿੰਗ ਦੇ ਵੱਸ ਦਾ ਰੋਗ ਨਹੀਂ। ਇਹ ਵਿਕੇਂਦਰੀਕਰਨ ਦੀ ਮੰਗ ਕਰਦੀ ਹੈ। ਸਾਧਨਾਂ ਦੀ ਉਤਪਾਦਨ ਵਿਚ ਕਿਫਾਇਤ ਯੁਕਤ ਵਰਤੋਂ ਖੁੱਲ੍ਹੀ ਮੰਡੀ ਵਿਚ ਮਾਰਕਿਟ ਦੀਆਂ ਮੰਗ ਅਤੇ ਮੰਗ ਪੂਰਤੀ ਦੀਆਂ ਸ਼ਕਤੀਆਂ ਆਪਣੇ ਆਪ ਕਰ ਦੇਂਦੀਆਂ ਹਨ ਪਰ ਇਹ ਸਮਾਜਵਾਦੀ ਆਰਥਿਕ ਵਿਵਸਥਾ ਵਿਚ ਸੰਭਵ ਨਹੀਂ ਜਿਸ ਵਿਚ ਮਾਰਕਿਟ ਦੀ ਹਸਤੀ ਮਿਟ ਜਾਂਦੀ ਹੈ। ਇਸ ਨੁਕਤੇ ਨੂੰ ਸਮਝਣ ਲਈ ਇਕ ਮਿਸਾਲ ਹੀ ਕਾਫੀ ਹੋਵੇਗੀ। ਸੋਵੀਅਤ ਯੂਨੀਅਨ ਵਿਚ ਕੀਮਤਾਂ ਨਿਸ਼ਚਤ ਕਰਨ ਦਾ ਇਕ ਅਦਾਰਾ ਸੀ, ''ਗੋਸਕੋਮੈਤਸਨ''। ਇਹ ਅਦਾਰਾ ਹਰ ਸਾਲ ਦੋ ਲੱਖ ਵਸਤਾਂ ਦੀਆਂ ਕੀਮਤਾਂ ਨਿਰਧਾਰਤ ਕਰਦਾ ਸੀ। ਅਜਿਹਾ ਪ੍ਰਬੰਧ 1920 ਵਿਚ ਤਾਂ ਚਲ ਸਕਦਾ ਸੀ ਜਦੋਂ ਮਾਰਕਿਟ ਵਿਚ ਖਰੀਦੋ ਫਰੋਖਤ ਲਈ ਪ੍ਰਸਤੁਤ ਕੀਤੀਆਂ ਗਈਆਂ ਵਸਤਾਂ ਦੀ ਗਿਣਤੀ ਏਨੀ ਨਹੀਂ ਹੁੰਦੀ ਸੀ। ਪਰ ਹੁਣ ਇਕ ਹਵਾਈ ਜਹਾਜ਼ ਦੇ ਦਸ ਲੱਖ ਤੋਂ ਵੱਧ ਕਲਪੁਰਜ਼ੇ ਹੁੰਦੇ ਸਨ। ਸੋਵੀਅਤ ਯੂਨੀਅਨ ਵਿਚ ਦੁਕਾਨਾਂ ਦੇ ਸ਼ੈਲਫਾਂ 'ਤੇ ਵਿਕਣ ਯੋਗ ਵਸਤਾਂ ਨਹੀਂ ਹੁੰਦੀਆਂ ਸਨ ਕਿਉਂਕਿ ਉਤਪਾਦਨ ਢਾਂਚਾ ਹੀ ਏਨਾ ਅਕੁਸ਼ਲ ਸੀ ਕਿ ਉਹ ਮੰਗ ਅਨੁਸਾਰ ਉਤਪਾਦਨ ਨਹੀਂ ਕਰ ਸਕਦਾ ਸੀ ਪਰ ਜੇਕਰ ਵਸਤਾਂ ਹੁੰਦੀਆਂ ਸਨ ਤਾਂ ਬਹੁਤ ਵਾਰੀ ਉਨ੍ਹਾਂ ਦੀ ਕੀਮਤ ਨਿਰਧਾਰਤ ਨਾ ਹੋਣ ਕਰਕੇ ਉਹ ਗਾਹਕਾਂ ਦੀ ਮੰਗ ਲਈ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ ਸਨ। ਸਮਾਜਵਾਦੀ ਚਿੰਤਕਾਂ ਨੇ ਸਮਾਜਵਾਦੀ ਆਰਥਿਕ ਵਿਵਸਥਾ ਨੂੰ ਸਰਮਾਏਦਾਰੀ ਨਿਜ਼ਾਮ ਦੇ ਮੁਕਾਬਲੇ ਵਿਚ ਇਕ ਵਿਕਲਪ ਵਜੋਂ ਖੜ੍ਹਾ ਕਰਨ ਦਾ ਜੋ ਸੁਪਨਾ ਲਿਆ ਸੀ, ਉਹ ਸਾਕਾਰ ਨਹੀਂ ਹੋ ਸਕਿਆ।

ਉਤਰ ਉਦਯੋਗਕ ਯੁਗ ਵਿਚ ''ਗਿਆਨ'' ਇਕ ਮਹੱਤਵ ਪੂਰਨ ਸਾਧਨ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਹੁਣ ਅਸੀਂ ''ਸੂਚਨਾ ਯੁਗ'' ਤੋਂ ਅੱਗੇ ਵਧ ਕੇ ''ਗਿਆਨ ਯੁਗ'' ਵਿਚ ਦਾਖਲ ਹੋ ਗਏ ਹਾਂ। ਇੱਥੇ ਸੂਚਨਾ ਅਤੇ ਗਿਆਨ ਵਿਚਲੇ ਬੁਨਿਆਦੀ ਫਰਕ ਨੂੰ ਸਮਝਣਾ ਜ਼ਰੂਰੀ ਹੈ। ਸੂਚਨਾ, ਮੂਲ ਗੁਣ ਯੁਕਤ ਡਾਟਾ 'ਤੇ ਆਧਾਰਤ ਹੁੰਦੀ ਹੈ। ਜਿਵੇਂ ਜਨ ਗਣਨਾ, ਮਾਰਕਿਟ ਰੀਸਰਚ ਸੰਬੰਧੀ ਆਂਕੜੇ, ਬੈਂਕ ਖਾਤਿਆਂ ਦੇ ਭੁਗਤਾਨ ਸੰਬੰਧੀ ਆਂਕੜੇ। ਇਸ ਦੀ ਤੁਲਨਾ ਵਿਚ ''ਗਿਆਨ'' ਦਾ ਆਧਾਰ ਤਰਕਸ਼ੀਲ ਨਿਰਣਾ ਹੁੰਦਾ ਹੈ ਜਿਵੇਂ ਕਿਸੇ ਪ੍ਰਯੋਗ ਤੋਂ ਪ੍ਰਾਪਤ ਸਿੱਟੇ ਜਿਨ੍ਹਾਂ ਨੂੰ ਕਿਸੇ ਵਿਧੀ ਵਿਧਾਨ ਅਨੁਸਾਰ ਕਿਸੇ ਸਿਰੇ ਤਕ ਪੁੱਜਦਾ ਕੀਤਾ ਜਾਂਦਾ ਹੈ। ਇਹ ਗੱਲ ਸਵੀਕਾਰ ਕਰ ਲੈਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਹੁਣ ਤਕ ਹਰ ਇਕ ਸਮਾਜਕ ਵਿਵਸਥਾ ''ਗਿਆਨ'' ਦੇ ਆਸਰੇ ਹੀ ਅੱਗੇ ਵਧੀ ਹੈ ਪਰ ਅੱਜੋਕੀ ਪ੍ਰਾਪਤ ਸਥਿਤੀ ਦਾ ਫਰਕ ਇਹ ਹੈ ਕਿ ਹੁਣ ਗਿਆਨ ਅਤੇ ਪਦਾਰਥਕ ਵਿਗਿਆਨ ਦੇ ਸੰਜੋਗ ਨਾਲ ਨਵੀਆਂ ਘਾੜਤਾਂ ਵਜੂਦ ਵਿਚ ਆ ਰਹੀਆਂ ਹਨ। ਇਸ ਦਾ ਪ੍ਰਤੱਖ ਪ੍ਰਮਾਣ ਸਾਨੂੰ ਵਿਗਿਆਨ ਆਧਾਰਤ ਉਦਯੋਗਾਂ, ਜਿਵੇਂ ਕੰਪਿਊਟਰ, ਇਲੈਕਟਰਾਨਿਕਸ, ਔਪਟਿਕਸ ਆਦਿ ਤੋਂ ਮਿਲ ਜਾਂਦਾ ਹੈ। ਇਸ ਨੁਕਤੇ ਨੂੰ ਸਮਝਣ ਲਈ ਥੋੜ੍ਹਾ ਹੋਰ ਵਿਸਥਾਰ ਵਿਚ ਜਾਣ ਦੀ ਲੋੜ ਹੈ।

ਉਦਯੋਗੀਕਰਨ ਦੇ ਮੁਢਲੇ ਪੜਾਅ ਵਿਚ ਗਿਆਨ ਦਾ ਪ੍ਰਯੋਗ ਸੰਦਾਂ, ਉਦਯੋਗਕ ਪ੍ਰਕ੍ਰਿਆ ਅਤੇ ਉਤਪਤੀ ਲਈ ਹੁੰਦਾ ਸੀ। ਇਸ ਸਦਕਾ ਉਦਯੋਗਕ ਕ੍ਰਾਂਤੀ ਸੰਭਵ ਹੋਈ। ਪਰ ਇਸਦੇ ਨਾਲ ਹੀ ਸਮਾਜ



ਵਿਚ ਵਿਯੋਗੀਕਰਨ ਦਾ ਅਮਲ ਸ਼ੁਰੂ ਹੋਇਆ। ਸਮਾਜ ਵਿਚ ਨਵੀਆਂ ਸ਼੍ਰੇਣੀਆਂ ਮਜ਼ਦੂਰ ਅਤੇ ਪੂੰਜੀਪਤੀ ਹੋਂਦ ਵਿਚ ਆਈਆਂ। ਇਕ ਦੂਜੇ ਦੀਆਂ ਮੁਖਾਲਫ ਹੋਣ ਕਰਕੇ ਇਨ੍ਹਾਂ ਵਿਚ ਸ਼੍ਰੇਣੀ ਸੰਘਰਸ਼ ਦਾ ਅਮਲ ਆਰੰਭ ਹੋਇਆ। ਉਦਯੋਗਕ ਵਿਕਾਸ ਦੇ ਦੂਜੇ ਪੜਾਅ ਵਿਚ ਗਿਆਨ ਦਾ ਪ੍ਰਯੋਗ ਕਿਰਤਫਲ ਨੂੰ ਕੁਸ਼ਲਤਾ ਪੂਰਵਕ ਸਿਰੇ ਚਾੜ੍ਹਨ ਲਈ ਅਮਲ ਵਿਚ ਲਿਆਂਦਾ ਗਿਆ। ਇਸ ਨਾਲ ਉਦਯੋਗਕ ਖੇਤਰ ਵਿਚ ''ਉਤਪਾਦਕ ਕ੍ਰਾਂਤੀ'' ਨੇ ਜਨਮ ਲਿਆ। ਇਸ ਦੇ ਫਲ ਸਰੂਪ ਕਿਰਤੀ ਸ਼੍ਰੇਣੀ ਦੀ ਆਰਥਿਕ ਹਾਲਤ ਵਿਚ ਸੁਧਾਰ ਆਇਆ ਅਤੇ ਕਿਰਤੀ ਸ਼੍ਰੇਣੀ ਦੇ ਮੱਧ ਵਰਗ ਵਿਚ ਸ਼ਾਮਲ ਹੋਣ ਦੀ ਪ੍ਰਕ੍ਰਿਆ ਸ਼ੁਰੂ ਹੋਈ। ਇਸੇ ਸਦਕਾ ਹੀ ਸ਼੍ਰੇਣੀ ਸੰਘਰਸ਼ ਤਿੱਖਾ ਹੋਣ ਦੀ ਥਾਂ, ਜਿਵੇਂ ਕਿ ਮਾਰਕਸ ਨੇ ਪੇਸ਼ੀਨਗੋਈ ਕੀਤੀ ਸੀ, ਮੱਠਾ ਪੈ ਗਿਆ। ਇਹ ਇਕ ਬਹੁਤ ਹੀ ਅਜੀਬ ਵਰਤਾਰਾ ਹੈ ਕਿ ਮਨੁੱਖੀ ਇਤਿਹਾਸ ਨੇ ਵਿਕਾਸ ਦੇ ਅਗਲੇ ਪੜਾਅ (ਮਾਰਕਸਵਾਦੀ ਸਿਧਾਂਤ ਅਨੁਸਾਰ) ਸਮਾਜਵਾਦ ਦੇ ਹੱਕ ਵਿਚ ਫੈਸਲਾ ਨਹੀਂ ਦਿੱਤਾ। ਪੂਰਬੀ ਜਰਮਨੀ ਅਤੇ ਉਤਰੀ ਕੋਰੀਆ ਵਿਚ ਸਮਾਜਵਾਦੀ ਆਰਥਿਕ ਨਿਜ਼ਾਮ ਸਥਾਪਤ ਹੋਇਆ ਅਤੇ ਪੱਛਮੀ ਜਰਮਨੀ ਅਤੇ ਦੱਖਣੀ ਕੋਰੀਆ ਵਿਚ ਗੈਰ ਸਮਾਜਵਾਦੀ ਆਰਥਿਕਤਾ। ਪੱਛਮੀ ਜਰਮਨੀ ਅਤੇ ਦੱਖਣੀ ਕੋਰੀਆ ਨੇ ਪੂਰਬੀ ਜਰਮਨੀ ਅਤੇ ਉਤਰੀ ਕੋਰੀਆ ਦੀ ਤੁਲਨਾ ਵਿਚ ਬੇ-ਮਿਸਾਲ ਆਰਥਿਕ ਤਰੱਕੀ ਕੀਤੀ। ਲੋਕ ਭੱਜ ਭੱਜ ਕੇ ਪੱਛਮੀ ਜਰਮਨੀ ਜਾਣ ਲੱਗੇ ਅਤੇ ਇਨ੍ਹਾਂ ਨੂੰ ਰੋਕਣ ਲਈ ''ਬਰਲਿਨ ਕੰਧ'' ਉਸਾਰੀ ਗਈ ਪਰ ਲੋਕ ਫੇਰ ਵੀ ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਪੂਰਬੀ ਜਰਮਨੀ ਤੋਂ ਨੱਸ ਕੇ ਪੱਛਮੀ ਜਰਮਨੀ ਜਾਂਦੇ ਰਹੇ। ਪੂਰਬੀ ਯੂਰਪ ਦੇ ਦੇਸ਼ਾਂ ਪੋਲੈਂਡ, ਚੈਕੋਸਲੋਵਾਕੀਆ, ਯੂਗੋਸਲਾਵੀਆ, ਹੰਗਰੀ ਵਿਚ ਵੀ ਸਮਾਜਵਾਦੀ ਆਰਥਿਕ ਨਿਜ਼ਾਮ ਸਥਾਪਤ ਹੋਇਆ ਪਰ ਇੱਥੇ ਦੇ ਲੋਕਾਂ ਦੀ ਆਰਥਿਕ ਹਾਲਤ ਵਿਚ ਪੂਰਬੀ ਜਰਮਨੀ ਦੀ ਤੁਲਨਾ ਵਿਚ ਬਹੁਤ ਘੱਟ ਸੁਧਾਰ ਹੋਇਆ। ਸੋਵੀਅਤ ਯੂਨੀਅਨ ਨੇ ਵੀ ਆਪਣੇ ਲੋਕਾਂ ਨੂੰ ਸਹੀ ਹਾਲਾਤ ਤੋਂ ਬੇਖਬਰ ਰੱਖਣ ਲਈ ਆਪਣੇ ਦੁਵਾਲੇ ਇਕ ਲੋਹ ਪਰਦਾ (ਆਇਰਨ ਕਰਟਨ) ਉਸਾਰ ਲਿਆ ਸੀ ਜੋ ਸਫਲ ਨਹੀਂ ਹੋਇਆ। ਇਤਿਹਾਸ, ਸਮਾਜਵਾਦ ਤੋਂ ਅੱਗੇ ਵਧ ਕੇ ਸਾਮਵਾਦ ਸਥਾਪਤ ਕਰਨ ਦੀ ਰਾਹ 'ਤੇ ਤੁਰਨ ਦੀ ਥਾਂ, ਮੁੜ ਪੂੰਜੀਵਾਦ ਵੱਲ ਪਰਤ ਗਿਆ। ਇਹ ਕੌਤਕ ਜੱਗ ਜ਼ਾਹਿਰ ਹੈ ਪਰ ਪ੍ਰਗਤੀਵਾਦੀ ਲੇਖਕਾਂ ਨੇ ਅਜੇ ਤਕ ਇਸ ਵਰਤਾਰੇ ਦਾ ਵਿਸ਼ਲੇਸ਼ਣ ਕਰਨ ਅਤੇ ਇਸਦੀ ਉਚ-ਨੀਚ ਦਾ ਜਾਇਜ਼ਾ ਲੈਣ ਵੱਲ ਕੋਈ ਰੁਚੀ ਨਹੀਂ ਦਿਖਾਈ। ਪੱਛਮੀ ਦੇਸ਼ਾਂ ਦੇ ਮਾਰਕਸਵਾਦੀਆਂ ਨੇ ਇਸ ਪਾਸੇ ਸੋਚ-ਵਿਚਾਰ ਆਰੰਭੀ ਹੈ। ਮਜ਼ਦੂਰ ਸ਼੍ਰੇਣੀ ਦੀ ਸਮਾਜਵਾਦ ਦੀ ਸਥਾਪਨਾ ਵਿਚ ਭੂਮਿਕਾ ਸੰਬੰਧੀ ਬਹਿਸ ਚੱਲ ਰਹੀ ਹੈ। ਬਦਲੇ ਹੋਏ ਹਾਲਾਤ ਵਿਚ ਸਮਾਜਵਾਦ ਦੀ ਨਵੀਂ ਨੁਹਾਰ 'ਤੇ ਚਰਚਾ ਛਿੜੀ ਹੋਈ ਹੈ। ਇਨਕਲਾਬ ਦੀ ਸਾਰਥਕਤਾ 'ਤੇ ਵਾਦ ਵਿਵਾਦ ਚਲ ਰਿਹਾ ਹੈ। ਪਰ ਨਾ ਭਾਰਤ ਦੇ ਮਾਰਕਸਵਾਦੀਆਂ ਅਤੇ ਨਾ ਹੀ ਪ੍ਰਗਤੀਵਾਦੀ ਲੇਖਕਾਂ ਨੇ ਇਕ ਪਾਸੇ ਕੋਈ ਧਿਆਨ ਦਿੱਤਾ ਹੈ। ਉਹ ਉਹੀ ਪੁਰਾਣਾ ਰਾਗ ਅਲਾਪੀ ਜਾ ਰਹੇ ਹਨ। ਉਨ੍ਹਾਂ ਨੇ ਕਦੇ ਇਹ ਜਾਨਣ ਦਾ ਯਤਨ ਹੀ ਨਹੀਂ ਕੀਤਾ ਕਿ ਉਹ ਲਛਮਣ ਰੇਖਾ ਜੋ ਉਨ੍ਹਾਂ ਨੇ ਆਪਣੇ ਦੁਵਾਲੇ ਖਿੱਚ ਰੱਖੀ ਹੈ, ਉਸ ਤੋਂ ਪਾਰ ਜੋ ਦੁਨੀਆ ਵਸਦੀ ਹੈ, ਉਹ ਕਿਹੋ ਜਿਹੀ ਹੈ ਅਤੇ ਉਸ ਵਿਚ ਕੀ ਪਰਿਵਰਤਨ ਆ ਰਹੇ ਹਨ ਅਤੇ ਉਨ੍ਹਾਂ ਦਾ ਜਨ ਜੀਵਨ 'ਤੇ ਕੀ ਪ੍ਰਭਾਵ ਪੈ ਰਿਹਾ ਹੈ। 21 ਜੁਲਾਈ 1996 ਦੇ ''ਨਵਾਂ ਜ਼ਮਾਨਾ'' ਵਿਚ ਗਿਰੀਸ਼ ਮਿਸ਼ਰਾ ਦਾ ਇਕ ਲੇਖ ਪ੍ਰਕਾਸ਼ਤ ਹੋਇਆ 'ਮਾਰਕਸ ਦਾ ਪ੍ਰੋਲਤਾਰੀਆ ਤੇ ਹਕੀਕਤਾਂ' ਜਿਸ ਵਿਚ ਉਸਨੇ ਇਸ ਚਿੰਤਾ ਜਨਕ ਸਥਿਤੀ ਵੱਲ ਧਿਆਨ ਖਿੱਚਣ ਦਾ ਯਤਨ ਕੀਤਾ ਹੈ:

''ਅੱਜ ਜਦੋਂ ਸਾਰੀ ਦੁਨੀਆ ਵਿਚ ਕਮਿਊਨਿਸਟ ਮਾਰਕਸਵਾਦ ਦੀਆਂ ਮੂਲ ਧਾਰਨਾਵਾਂ ਦੇ ਸੰਬੰਧ ਵਿਚ ਵਿਚਾਰ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹਕੀਕਤਾਂ ਨਾਲ ਜੋੜ ਰਹੇ ਹਨ ਤਾਂ ਭਾਰਤੀ ਕਮਿਊਨਿਸਟ ਕਦੋਂ ਤਕ ਪੁਰਾਣੀ ਲਕੀਰ ਦੇ ਫਕੀਰ ਬਣੇ ਰਹਿਣਗੇ? ਅਨੇਕਾਂ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਸਰਬ-ਹਾਰੇ ਦੀ ਡਿਕਟੇਟਰਸ਼ਿਪ ਅਤੇ ਜਮਹੂਰੀ ਕੇਂਦਰੀਵਾਦ ਵਰਗੀਆਂ ਮੂਲ ਧਾਰਨਾਵਾਂ ਨੂੰ ਛੱਡ ਦਿੱਤਾ

ਹੈ। ਉਨ੍ਹਾਂ ਦੇ ਪ੍ਰੋਗਰਾਮ ਵਿਚ ਇਨ੍ਹਾਂ ਲਈ ਥਾਂ ਨਹੀਂ ਰਹਿ ਗਈ। ਹੁਣ ਮਜ਼ਦੂਰ ਜਮਾਤ ਦੀ ਭੂਮਿਕਾ ਨੂੰ ਲੈ ਕੇ ਬਹਿਸ ਛਿੜ ਪਈ ਹੈ।... ਕਹਿਣ ਦੀ ਲੋੜ ਨਹੀਂ ਕਿ ਮਾਰਕਸ ਦਾ ਪ੍ਰੋਲੇਤਾਰੀ ਉਸ ਬੀਤੇ ਯੁਗ ਵਿਚ ਸੰਭਵ ਸੀ ਜਦੋਂ ਹਾਲਤ ਅੱਜ ਵਰਗੀ ਉਦਾਰਵਾਦੀ ਨਹੀਂ ਸੀ। ਅੱਜ ਤਾਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਸਮਾਜਵਾਦ ਦਾ ਸੰਕਲਪ ਮਜ਼ਦੂਰ ਜਮਾਤ ਦੀ ਅਹਿਮ ਭੂਮਿਕਾ ਛੱਡ ਦੇਣ ਮਗਰੋਂ ਵੀ ਸੰਭਵ ਹੈ। ਇਹ ਕਿਵੇਂ ਹੋ ਸਕਦਾ ਹੈ? ਇਸ ਵਿਸ਼ੇ 'ਤੇ ਪੱਛਮੀ ਦੇਸ਼ਾਂ ਦੇ ਮਾਰਕਸਵਾਦੀਆਂ ਵਿਚ ਗੰਭੀਰ ਬਹਿਸ ਚੱਲ ਰਹੀ ਹੈ।"

ਪੰਜਾਬੀ ਦੇ ਬਹੁਤੇ ਪ੍ਰਗਤੀਵਾਦੀ ਲੇਖਕਾਂ ਨੇ ਸਮਾਜਵਾਦ ਅਤੇ ਮਾਰਕਸਵਾਦ ਸੰਬੰਧੀ ਜਾਣਕਾਰੀ ਸੋਵੀਅਤ ਯੂਨੀਅਨ ਵਿਚ ਪ੍ਰਕਾਸ਼ਤ ਪੁਸਤਕਾਂ ਤੋਂ ਪ੍ਰਾਪਤ ਕੀਤੀ ਹੋਈ ਹੈ। ਇਨ੍ਹਾਂ ਪੁਸਤਕਾਂ ਵਿਚ ਗੰਭੀਰ ਚਿੰਤਨ ਦੀ ਘਾਟ ਸੀ ਅਤੇ ਬਹੁਤੀਆਂ ਪ੍ਰਾਪੇਗੰਡੇ ਲਈ ਛਾਪੀਆਂ ਗਈਆਂ ਸਨ। ਇਨ੍ਹਾਂ ਵਿਚ ਸੰਸਾਰ ਵਿਚ ਚਿੰਤਨ ਅਤੇ ਸਾਇੰਸ-ਤਕਨਾਲੋਜੀ ਦੀਆਂ ਨਵੀਆਂ ਧਾਰਨਾਵਾਂ ਨੂੰ ਅੱਖੋਂ ਉਹਲੇ ਕੀਤਾ ਗਿਆ ਹੁੰਦਾ ਸੀ। ਇਸ ਲਈ ਜਦੋਂ ਕਿਸੇ ਨਵੇਂ ਨੁਕਤੇ ਨੂੰ ਲੈ ਕੇ ਬਹਿਸ ਛਿੜਦੀ ਹੈ ਤਾਂ ਪ੍ਰਗਤੀਵਾਦੀ ਲੇਖਕ ਪ੍ਰਾਪਤ ਨਵੀਂ ਸਥਿਤੀ ਨੂੰ ਸਹਿਜ ਭਾ ਨਾਲ ਨਜਿੱਠਣ ਦੀ ਥਾਂ ਪੁਰਾਣੀਆਂ ਧਾਰਨਾਵਾਂ ਦੁਹਰਾ ਕੇ, ਆਪਣੀ ਦਲੀਲ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਗਾਲੀ ਗਲੋਚ ਦਾ ਸਹਾਰਾ ਲੈਂਦੇ ਹਨ। ਪ੍ਰਗਤੀਵਾਦੀ ਲੇਖਕਾਂ ਸਾਹਮਣੇ ਇਸ ਵੇਲੇ ਸਭ ਤੋਂ ਵੱਡੀ ਚੁਣੌਤੀ ਹੈ, ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨਾ ਅਤੇ ਕਾਰਲ ਮਾਰਕਸ ਤੋਂ ਬਾਅਦ ਦੇ ਚਿੰਤਕਾਂ ਦੇ ਵਿਚਾਰਾਂ ਦਾ ਅਧਿਐਨ ਕਰਨਾ।

ਤਕਨਾਲੋਜੀ ਦੇ ਵਿਕਾਸ ਦੇ ਪਹਿਲੇ ਦੋ ਪੜਾਵਾਂ ਵਿਚ ਗਿਆਨ ਦੀ ਭੂਮਿਕਾ ਦਾ ਉਲੇਖ ਉਪਰ ਆ ਚੁੱਕਾ ਹੈ ਪਰ ਤੀਜਾ ਪੜਾਅ ਜਿਨ੍ਹੇ ਅਜੋਕੇ ਯੁਗ ਨੂੰ ''ਗਿਆਨ ਯੁਕਤ ਸਮਾਜ'' ਵਿਚ ਬਦਲ ਦਿੱਤਾ ਹੈ ਉਸ ਵੱਲ ਵਿਸ਼ੇਸ਼ ਧਿਆਨ ਕੇਂਦਰਤ ਕਰਨਾ ਬਹੁਤ ਜ਼ਰੂਰੀ ਹੈ। ਤਕਨਾਲੋਜੀ ਦੇ ਵਿਕਾਸ ਦੇ ਤੀਜੇ ਪੜਾਅ ਵਿਚ ਹੁਣ ''ਗਿਆਨ'' ਇਕ ਬਹੁਤ ਹੀ ਮਹੱਤਵਪੂਰਨ ਸਾਧਨ ਹੋ ਨਿੱਬੜਿਆ ਹੈ। ਉਤਪਾਦਨ ਦੇ ਰਵਾਇਤੀ ਸਾਧਨ, ਧਰਤੀ, ਕਿਰਤ ਅਤੇ ਪੂੰਜੀ, ਪੈਦਾਵਾਰ ਵਿਚ ਦੂਤਕ ਬਣ ਗਏ ਹਨ। ਇਨ੍ਹਾਂ ਦੀ ਕਦਰ ਪਹਿਲਾਂ ਜਿਹੀ ਨਹੀਂ ਰਹਿ ਗਈ। ਨਵੀਂ ਤਕਨਾਲੋਜੀ ਦੇ ਯੁਗ ਵਿਚ ਉਤਪਾਦਨ ਦਾ ਧੁਰਾ ਗਿਆਨ ਹੈ। ਇਸਰਾਈਲ ਇਕ ਰੇਗਸਤਾਨ ਹੈ ਪਰ ਫੇਰ ਵੀ ਉਹ ਮਾਈਕਰੋ ਇਲੈਕਟਰਾਨਿਕ ਯੁਕਤ ਕ੍ਰਿਸ਼ੀ ਸਦਕਾ ਯੂਰਪ ਦੀ ਕੱਟ ਫਲਾਵਰਜ਼ ਦੀ 80 ਫੀਸਦੀ ਮੰਗ ਪੂਰੀ ਕਰ ਰਿਹਾ ਹੈ। ਜਾਪਾਨ ਬੰਜਰ ਜਜ਼ੀਰਿਆਂ ਦਾ ਸਮੂਹ ਹੈ ਪਰ ਉਹ ਮਾਈਕਰੋ ਇਲੈਕਟਰਾਨਿਕ ਤਕਨਾਲੋਜੀ ਦੇ ਆਸਰੇ, ਜਿਹੜੀ ਕਿ ਗਿਆਨ ਆਧਾਰਤ ਹੈ, ਸੰਸਾਰ ਦੇ ਮੂਹਰੀ ਉਦਯੋਗਕ ਦੇਸ਼ਾਂ ਦੀ ਪਾਲ ਵਿਚ ਆ ਖਲੋਤਾ ਹੈ। ਗਿਆਨ ਨੇ ਨਵੇਂ ਅਰਥ ਗ੍ਰਹਿਣ ਕਰ ਲਏ ਹਨ। ਗਿਆਨ ਇਕ ਨਵਾਂ ਪ੍ਰਕਾਰਜ ਨਿਭਾ ਰਿਹਾ ਹੈ ਜੋ ਕਿ ਇਸਦੇ ਰਵਾਇਤੀ ਰੋਲ ਤੋਂ ਬਿਲਕੁਲ ਵੱਖਰਾ ਹੈ। ਹੁਣ ਗਿਆਨ ਇਕ ਉਪਯੋਗੀ ਸਾਧਨ ਹੈ। ਹੁਣ ਗਿਆਨ ਨੂੰ ਆਰਥਿਕ ਸਿੱਟੇ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ। ਗਿਆਨ, ਉਦਯੋਗਕ ਪ੍ਰਕ੍ਰਿਆ ਦੀ ਕੁਸ਼ਲਤਾ ਵਧਾਉਣ ਲਈ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਨਵੇਂ ਹਾਲਾਤ ਵਿਚ ਗਿਆਨ ਦਾ ਗਿਆਨ ਨਾਲ ਸੰਜੋਗ ਹੋ ਰਿਹਾ ਹੈ। ਵਰਲਡ ਡਿਵੈਲਪਮੈਂਟ ਰਿਪੋਰਟ 1999, ਅਨੁਸਾਰ ਹੁਣ ਜੀਵਨ ਪੱਧਰ ਨੂੰ ਨਿਰਧਾਰਤ ਕਰਨ ਲਈ ''ਗਿਆਨ'' ਸੰਭਵਤਾ ਸਭ ਤੋਂ ਮਹੱਤਵਪੂਰਨ ਸਾਧਨ ਹੋ ਨਿਬੜਿਆ ਹੈ। ਇਸਦੀ ਮਹੱਤਤਾ ਅੱਜੋਕੇ ਉਤਪਾਦਕ ਢਾਂਚੇ ਵਿਚ ਸੰਦਾਂ, ਭੋਂ ਅਤੇ ਕਿਰਤ ਨਾਲੋਂ ਕਿਤੇ ਵੱਧ ਹੈ। ਕਾਰਲ ਮਾਰਕਸ ਨੇ ਉਦਯੋਗਕ ਯੁਗ ਦੀ ਗਤੀਸ਼ੀਲਤਾ ਦਾ ਵਿਸ਼ਲੇਸ਼ਣ ਕਰਨ ਲਈ 'ਲੇਬਰ ਥਿਊਰੀ ਆਫ ਵੈਲਿਊ' ਦੀ ਘਾੜਤ ਘੜੀ ਸੀ ਪਰ ਉਤਰ ਉਦਯੋਗਕ ਯੁਗ ਦੀ ਵਿਆਖਿਆ ''ਨਾਲਜ ਥਿਊਰੀ ਆਫ ਵੈਲਿਊ'' ਰਾਹੀਂ ਹੋ ਸਕਦੀ ਹੈ ਕਿਉਂਕਿ ਕਿਸੇ ਵਸਤੂ ਦੀ ਕਦਰ ਵਿਚ ਹੁਣ ਸਭ ਤੋਂ ਮਹੱਤਵਪੂਰਨ ਭਾਗ ਗਿਆਨ ਅਤੇ ਬੁੱਧ ਵਿਵੇਕ ਦਾ ਹੈ। ਇਲੈਕਟਰਾਨਿਕ ਉਦਯੋਗ ਵਿਚ ਜੋ ਮਾਈਕਰੋ ਚਿਪ ਜਾਂ ਟਰਾਂਜਿਸਟਰ ਵਰਤੇ ਜਾਂਦੇ ਹਨ, ਉਹ ਸਿਲੀਕੌਨ



ਕਰਿਸਟਲ ਦੇ ਬਣੇ ਹੁੰਦੇ ਹਨ। ਸਿਲੀਕੌਨ ਕੱਚ ਅਤੇ ਰੇਤ ਵਿਚੋਂ ਹਾਸਲ ਕੀਤੀ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਸਿਲੀਕੌਨ ਨੂੰ ਨਿਰਮਤ ਕਰਨ ਲਈ ਜੋ ਕੱਚਾ ਮਾਲ ਵਰਤਿਆ ਜਾਂਦਾ ਹੈ ਉਸ ਦੀ ਕਦਰ ਕੀਮਤ ਬੜੀ ਨਿਗੂਣੀ ਹੈ। ਕੰਪਿਊਟਰ ਵਿਚ ਜੋ ਮੀਕਰੋ ਚਿਪ ਵਰਤੇ ਜਾਂਦੇ ਹਨ, ਉਨ੍ਹਾਂ ਦੀ ਕਦਰ ਕੀਮਤ, ਉਨ੍ਹਾਂ 'ਤੇ ਖਰਚ ਕੀਤੀ ਗਈ ਬੁੱਧ ਵਿਵੇਕ ਤੋਂ ਨਿਸ਼ਚਤ ਹੁੰਦੀ ਹੈ। ਫਲੌਪੀ ਡਿਸਕ ਦੀ ਕੀਮਤ ਉਸ ਵਿਚ ਦਿੱਤੇ ਪ੍ਰੋਗਰਾਮ ਤੋਂ ਨਿਸ਼ਚਿਤ ਹੁੰਦੀ ਹੈ। ਉਤਰ ਉਦਯੋਗਕ ਯੁਗ ਵਿਚ ਵਰਕਰ ਦੀ ਥਾਂ 'ਨਾਲਜ ਵਰਕਰ' ਦੀ ਚੜ੍ਹਤ ਹੋਵੇਗੀ ਜਿਸਦਾ ਕਿਰਦਾਰ ਉਦਯੋਗਕ ਯੁਗ ਦੇ ਕਾਮੇ ਤੋਂ ਬਿਲਕੁਲ ਵੱਖਰਾ ਹੋਵੇਗਾ (ਹੈ)। ਮਾਰਕਸ ਦੇ ਸਮੇਂ ਤੋਂ ਬਾਅਦ ਉਦਯੋਗਕ ਕ੍ਰਾਂਤੀ ਦੇ ਨਵੇਂ ਪੜਾਵਾਂ ਦੇ ਵਜੂਦ ਵਿਚ ਆ ਜਾਣ ਨਾਲ, ਕਿਰਤੀ ਸ਼੍ਰੇਣੀ ਦੇ ਸੁਭਾਓ ਵਿਚ ਕਾਫੀ ਫਰਕ ਆ ਗਿਆ ਹੈ। ਹੁਣ ਕਿਰਤੀ ਸ਼੍ਰੇਣੀ ਦਾ ਕਿਰਦਾਰ ਉਸ ਤਰ੍ਹਾਂ ਦਾ ਕ੍ਰਾਂਤੀਕਾਰੀ ਨਹੀਂ ਰਿਹਾ ਜਿਸ ਤਰ੍ਹਾਂ ਦਾ ਕਿ ਉਦਯੋਗਕ ਕ੍ਰਾਂਤੀ ਦੇ ਮੁਢਲੇ ਪੜਾਅ ਵਿਚ ਮਾਰਕਸ ਦੇ ਸਮੇਂ ਸੀ। ਇਥੇ ਫੇਰ ਗਿਰੀਸ਼ ਮਿਸ਼ਰਾ ਦੇ ਉਕਤ ਲੇਖ ਵਿਚੋਂ ਹਵਾਲਾ ਦੇਣਾ ਉਚਿਤ ਜਾਪਦਾ ਹੈ:

''ਥੌਰਸਟੀਨ ਵੈਬਲੇਨ ਨੇ ਮਾਰਕਸ ਦੇ ਇਸ ਕਥਨ ਦਾ ਖੰਡਨ ਕੀਤਾ ਸੀ ਕਿ ਮਜ਼ਦੂਰ ਜਮਾਤ ਦੀ ਲੋੜ ਕ੍ਰਾਂਤੀਕਾਰੀ ਬਣਨ ਤੇ ਪੂੰਜੀਵਾਦੀ ਪ੍ਰਬੰਧ ਨੂੰ ਜੜ੍ਹੋਂ ਪੁੱਟ ਸੁਟਣ ਦੀ ਹੈ। ਅਸਲ 'ਚ ਉਸਦਾ ਨਿਸ਼ਾਨਾ ਆਪਣੇ ਮਾਲਕਾਂ ਅਤੇ ਪ੍ਰਬੰਧਕਾਂ ਦੇ ਰਹਿਣ ਸਹਿਣ ਨੂੰ ਅਪਨਾਉਣਾ ਹੁੰਦਾ ਹੈ ਤੇ ਇਸ ਲਈ ਮਜ਼ਦੂਰ ਜਮਾਤ ਹਰ ਯਤਨ ਕਰਦੀ ਹੈ। ਇਸ ਨੂੰ ਬਾਅਦ ਵਿਚ ਅਰਥ ਸ਼ਾਸਤਰੀਆਂ ਨੇ ''ਬੈਂਡਵੈਗਨ ਇਫੈਕਟ'' ਦਾ ਨਾਮ ਦਿੱਤਾ। ਇਹੋ ਕਾਰਨ ਹੈ ਕਿ ਉਹ ਆਪਣੀ ਸੰਗਠਿਤ ਸ਼ਕਤੀ ਅਤੇ ਸੌਦੇਬਾਜ਼ੀ ਦੀ ਸਮਰੱਥਾ ਦੀ ਵਰਤੋਂ ਇਨਕਲਾਬ ਲਈ ਨਹੀਂ, ਸਗੋਂ ਆਪਣੀ ਆਮਦਨ ਤੇ ਸੁਖ ਸਹੂਲਤਾਂ ਵਧਾਉਣ ਲਈ ਕਰਦੀ ਹੈ।''

ਉਪਰੋਕਤ ਵਿਸ਼ਲੇਸ਼ਣ ਦੀ ਪੁਸ਼ਟੀ ਮਈ 1968 ਵਿਚ ਫਰਾਂਸ ਵਿਚ ਹੋਏ ਵਰਤਾਰੇ ਤੋਂ ਮਿਲਦੀ ਹੈ। 18 ਮਈ ਤੋਂ 7 ਜੂਨ 1968 ਤਕ ਸਾਰੇ ਫਰਾਂਸ ਵਿਚ ਦੇਸ਼ ਵਿਆਪੀ ਹੜਤਾਲ ਹੋਈ। ਖੱਬੇ ਪੱਖੀ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੇ ਇਸ ਹੜਤਾਲ ਦਾ ਆਯੋਜਨ ਕੀਤਾ। ਇਸ ਵਿਚ ਆਮ ਸ਼ਹਿਰੀ ਵੀ ਸ਼ਾਮਲ ਹੋ ਗਏ। ਕੁਲ ਮਿਲਾ ਕੇ 90 ਲੱਖ ਲੋਕਾਂ ਨੇ ਇਸ ਹੜਤਾਲ ਵਿਚ ਸ਼ਮੂਲੀਅਤ ਕੀਤੀ। ਸਾਰੇ ਯੂਰਪ ਵਿਚ, ਫਰਾਂਸ ਦੀ ਕਮਿਊਨਿਸਟ ਪਾਰਟੀ ਸਭ ਤੋਂ ਸ਼ਕਤੀਸ਼ਾਲੀ ਸੀ। ਪਰ ਇਸ ਦੇ ਬਾਵਜੂਦ ਸਮਾਜਵਾਦੀ ਕ੍ਰਾਂਤੀ ਨਾ ਆਈ ਅਤੇ ਚਾਰਲਸ ਡੀਗਾਲ ਨੇ ਬਗੈਰ ਕਿਸੇ ਖੂਨ ਖਰਾਬੇ ਦੇ ਇਹ ਹੜਤਾਲ ਸਮਾਪਤ ਕਰ ਦਿੱਤੀ। ਮਈ 1968 ਵਿਚ ਵਾਪਰੀਆਂ ਘਟਨਾਵਾਂ ਤੋਂ ਬਾਅਦ ਗੰਭੀਰ ਚਿੰਤਕਾਂ ਦਾ ਸਮਾਜਕ ਪਰਿਵਰਤਨ ਲਈ ਕ੍ਰਾਂਤੀ ਦੇ ਰਾਹ ਪੈਣ ਤੋਂ ਵਿਸ਼ਵਾਸ ਉਠ ਗਿਆ। ਵੈਸੇ ਵੀ ਦੁਨੀਆ ਦੇ ਕਾਮਿਆਂ ਨੇ ਇਹ ਦੇਖ ਲਿਆ ਹੈ ਕਿ ਸੋਸ਼ਲਿਸਟ ਇਨਕਲਾਬ ਉਨ੍ਹਾਂ ਦੀ ਮਾੜੀ ਆਰਥਿਕ ਦਸ਼ਾ ਸੰਵਾਰਨ ਵਿਚ ਬਹੁਤਾ ਸਹਾਈ ਸਿੱਧ ਨਹੀਂ ਹੁੰਦਾ। ਕਿਊਬਾ ਤੋਂ ਭੱਜ ਕੇ ਲੋਕ ਅਮਰੀਕਾ ਜਾ ਰਹੇ ਹਨ। ਅਤੇ ਇਨ੍ਹਾਂ ਭਗੌੜਿਆਂ ਦੀ ਆਮਦਨ ਕਿਊਬਾ ਦੀ ਕੁਲ ਰਾਸ਼ਟਰੀ ਆਮਦਨੀ ਦਾ ਚਾਰ ਗੁਣਾ ਹੈ। ਵੀਤਨਾਮ ਤੋਂ ਲੋਕ ਕਿਸ਼ਤੀਆਂ ਵਿਚ ਬੈਠ ਕੇ ਫਰਾਰ ਹੋ ਰਹੇ ਹਨ। ਇਹ ''ਬੋਟ ਪੀਪਲ'' ਦੇ ਨਾਂ ਨਾਲ ਮਸ਼ਹੂਰ ਹਨ। ਚੀਨ ਨੇ ਹਾਂਗਕਾਂਗ ਦੇ ਕਬਜ਼ੇ ਤੋਂ ਬਾਅਦ ਉਥੇ ਸਮਾਜਵਾਦੀ ਆਰਥਕ ਵਿਵਸਥਾ ਲਾਗੂ ਨਹੀਂ ਕੀਤੀ ਕਿਉਂਕਿ ਹਾਂਗਕਾਂਗ ਵਿਚ ਲੋਕਾਂ ਦੀ ਆਰਥਿਕ ਹਾਲਤ ਚੀਨ ਨਾਲੋਂ ਕਿਤੇ ਬਿਹਤਰ ਹੈ। ਅਜੋਕੇ ਯੁਗ ਵਿਚ ਜਿੱਥੇ ਕਿਤੇ ਵੀ ਕ੍ਰਾਂਤੀ ਰਾਹੀਂ ਰਾਜ ਪਲਟਾ ਹੋਇਆ ਹੈ, ਉਥੇ ਲੋਕਾਂ ਦੀ ਆਰਥਿਕ ਦਸ਼ਾ ਵਿਚ ਸੁਧਾਰ ਨਹੀਂ ਆਇਆ। ਹਰ ਕ੍ਰਾਂਤੀ ਜਮਹੂਰੀ ਹੱਕਾਂ ਦੇ ਘਾਣ ਦਾ ਕਾਰਨ ਬਣੀ ਹੈ। ਭਾਵੇਂ ਇਹ ਕ੍ਰਾਂਤੀ ਸੋਵੀਅਤ ਯੂਨੀਅਨ ਵਿਚ ਆਈ ਤੇ ਭਾਵੇਂ ਚੀਨ ਜਾਂ ਪੂਰਬੀ ਯੂਰਪ ਦੇ ਦੇਸ਼ਾਂ ਵਿਚ।

ਆਧੁਨਿਕ ਸਮਾਜ ਦੀ ਗੁੰਝਲਦਾਰ ਸੰਰਚਨਾ ਨੂੰ ਕਿਸੇ ਏਕਾਤਮਕ (ਮੋਨੋਲਿਥਕ) ਸੰਕਲਪ ਰਾਹੀਂ ਸਮਝਿਆ ਹੀ ਨਹੀਂ ਜਾ ਸਕਦਾ। ਇਸ ਲਈ ਹੁਣ ਸਮਾਜਵਾਦ ਜਾਂ ਪੂੰਜੀਵਾਦ ਦੇ ਹਵਾਲੇ ਨਾਲ ਸਮਾਜਕ

ਸਥਿਤੀ ਦੀ ਵਿਆਖਿਆ ਬਹੁਤੀ ਸਾਰਥਕ ਨਹੀਂ। ਇਸੇ ਲਈ ਹੁਣ ਸਮਾਜ ਸ਼ਾਸਤਰੀ ਸ਼੍ਰੇਣੀਆਂ ਦੇ ਆਪਸੀ ਟਕਰਾਓ ਦੀ ਥਾਂ, ਹਿੱਤਾਂ ਦੇ ਟਕਰਾਓ ਬਾਰੇ ਚਰਚਾ ਕਰ ਰਹੇ ਹਨ। ਹਿੱਤ ਇਕੋ ਸ਼੍ਰੇਣੀ ਦੇ ਦੋ ਵਰਗਾਂ ਦੇ ਵੀ ਟਕਰਾ ਸਕਦੇ ਹਨ ਅਤੇ ਦੋ ਸ਼੍ਰੇਣੀਆਂ ਦੇ ਵੀ ਅਤੇ ਦੋ ਤੋਂ ਵੱਧ ਸ਼੍ਰੇਣੀਆਂ ਦੇ ਵੱਖ ਵੱਖ ਵਰਗਾਂ ਦੇ ਵੀ। ਅੱਜੋਕਾ ਯਥਾਰਥ ਬਹੁਤ ਗੁੰਝਲਦਾਰ ਹੈ ਅਤੇ ਇਸਦੀ ਵਿਆਖਿਆ ਚਿੱਟੇ-ਕਾਲੇ ਖਾਨਿਆਂ ਵਿਚ ਲੋਕਾਈ ਨੂੰ ਵੰਡ ਕੇ ਨਹੀਂ ਕੀਤੀ ਜਾ ਸਕਦੀ ਜਿਵੇਂ ਕਿ ਪ੍ਰਗਤੀਵਾਦੀ ਕਰਦੇ ਰਹੇ ਹਨ ਅਤੇ ਅੱਜ ਵੀ ਕਈ ਇਸੇ ਸ਼ੁਗਲ ਵਿਚ ਰੁੱਝੇ ਹੋਏ ਹਨ। ਬਹੁਤੇ ਪ੍ਰਗਤੀਵਾਦੀ ਲੇਖਕ ਅਜੇ ਵੀ ਪ੍ਰੋ. ਮੋਹਨ ਸਿੰਘ ਦੇ ਸੁਰ ਵਿਚ ਸੁਰ ਮਿਲਾ ਰਹੇ ਹਨ :

ਦੋ ਟੋਟਿਆਂ ਵਿਚ ਭੋਂ ਟੁੱਟੀ, ਇਕ ਮਹਿਲਾਂ ਦਾ ਇਕ ਢੋਕਾਂ ਦਾ
ਦੋ ਧੜਿਆਂ ਵਿਚ ਖਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।

ਅਜੇ ਵੀ ਇਸ ਫਾਰਮੂਲੇ 'ਤੇ ਆਧਾਰਤ ਕਵਿਤਾਵਾਂ ਅਤੇ ਗਲਪ ਰਚਨਾਵਾਂ ਸਿਰਜੀਆਂ ਜਾ ਰਹੀਆਂ ਹਨ। ਆਧੁਨਿਕ ਸਮਾਜਕ ਵਿਵਸਥਾ ਦੀ ਗੁੰਝਲਦਾਰ ਅਤੇ ਜਟਿਲ ਸੰਰਚਨਾ ਨੂੰ ਚਿੱਟੇ ਕਾਲੇ ਠੱਪੇ ਲਾ ਕੇ ਨਹੀਂ ਚਿਤਰਿਆ ਜਾ ਸਕਦਾ। ਇਹ ਸਿਰਜਣਾਤਮਕ ਪ੍ਰਤਿਭਾ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰਦੀ ਹੈ। ਹਰ ਇਕ ਲੇਖਕ ਨੂੰ ਆਪਣੇ ਢੰਗ ਨਾਲ ਯਥਾਰਥ ਦੀ ਖੋਜ ਅਤੇ ਉਸ ਦਾ ਚਿਤਰਨ ਕਰਨਾ ਪਵੇਗਾ। ਕਿਸੇ ਫਾਰਮੂਲੇ ਨੂੰ ਆਧਾਰ ਬਣਾ ਕੇ ਨਹੀਂ।

ਜੇ ਪਰੰਪਰਾਗਤ ਮੁਹਾਵਰੇ ਵਿਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ''ਗਿਆਨ ਯੁਗ'' ਵਿਚ ਲਕਸ਼ਮੀ ਸਰਸਵਤੀ ਦੇ ਪਿੱਛੇ ਲਗ ਰਹੀ ਹੈ ਜਾਂ ਇਹ ਵੀ ਕਹਿ ਸਕਦੇ ਹਾਂ ਕਿ ਅੱਜੋਕੇ ਯੁਗ ਵਿਚ ਸਰਸਵਤੀ ਹੀ ਲਕਸ਼ਮੀ ਹੈ। ਇਸ ਸਮੇਂ ਸੌਫਟ ਵੇਅਰ ਤਿਆਰ ਕਰਨ ਵਾਲੀਆਂ ਫਰਮਾਂ ਹੀ ਨਵਾਂ ਰੋਜ਼ਗਾਰ ਪੈਦਾ ਕਰ ਰਹੀਆਂ ਹਨ। ਸੌਫਟ ਵੇਅਰ ਵਿਚ ਸਭ ਤੋਂ ਮਹੱਤਵਪੂਰਨ ਸਾਧਨ ''ਗਿਆਨ'' ਹੈ। ਸੌਫਟ ਵੇਅਰ ਤਿਆਰ ਕਰਨ ਵਾਲੀਆਂ ਕੰਪਨੀਆਂ ਨੂੰ ਧਨ ਦੀ ਕੋਈ ਥੋੜ੍ਹ ਨਹੀਂ। ਧਨੀ ਲੋਕ ਇਨ੍ਹਾਂ ਫਰਮਾਂ ਵਿਚ ਪੈਸਾ ਲਗਾਉਣ ਲਈ ਤਰਲੇ ਲੈਂਦੇ ਫਿਰਦੇ ਹਨ। ਕਿਉਂਕਿ ਇਹ ਧੰਦਾ ਇਸ ਵਿਚ ਕੰਮ ਕਰਨ ਵਾਲੇ ਕਾਮਿਆਂ ਦੀ ਬੁੱਧ ਵਿਵੇਕ 'ਤੇ ਆਧਾਰਤ ਹੈ। ਇਸ ਲਈ ਕੰਪਨੀਆਂ ਇਨ੍ਹਾਂ ਕਾਮਿਆਂ ਨੂੰ ਰਾਜ਼ੀ ਰੱਖਣ ਲਈ, ਤਾਂ ਜੋ ਉਹ ਛੱਡ ਕੇ ਕਿਸੇ ਹੋਰ ਫਰਮ ਵਿਚ ਮੁਲਾਜ਼ਮਤ ਨਾ ਢੂੰਡ ਲੈਣ, ਆਪਣੀ ਕੰਪਨੀਆਂ ਵਿਚ ਭਾਈਵਾਲ ਬਣਾਉਂਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਫਰਮਾਂ ਵਿਚ ਕੰਮ ਕਰਨ ਵਾਲੇ ਕਾਮੇ ਵੀ ਮਾਲਕ ਬਣ ਜਾਂਦੇ ਹਨ। ਅਤੇ ਮਾਲਕ ਵੀ ਤਕੜੇ ਧਨਾਢ। ਬੰਗਲੌਰ ਸਥਿਤ ਕੰਪਨੀ ਵਿਪਰੋ ਦੀ ਮਿਸਾਲ ਲਵੋ। ਅੱਜ ਵਿਪਰੋ ਕੰਪਨੀ ਦਾ ਚੇਅਰਮੈਨ ਆਜ਼ਮ ਪ੍ਰੇਮ ਜੀ ਭਾਰਤ ਦਾ ਸਭ ਤੋਂ ਅਮੀਰ ਵਿਅਕਤੀ ਹੈ। ਅੱਜ ਬਿਰਲਾ, ਟਾਟਾ ਦੀਆਂ ਫਰਮਾਂ ਨਹੀਂ ਬਲਕਿ ਵਿਪਰੋ ਸਭ ਤੋਂ ਮਾਲਦਾਰ ਆਸਾਮੀ ਹੈ ਅਤੇ ਇਸ ਵਿਚ 399 ਦੇ ਕਰੀਬ ਅਜਿਹੇ ਕਾਮੇ ਹਨ ਜੋ ਲੱਖਾਂ ਪਤੀ ਹਨ। ਇਸੇ ਤਰ੍ਹਾਂ ਅਮਰੀਕਾ ਦੀ ਮਾਈਕਰੋ ਸੌਫਟ ਕੰਪਨੀ ਵਿਚ ਇਕ ਹਜ਼ਾਰ ਅਜਿਹੇ ਕਾਮੇ ਹਨ ਜੋ ਲੱਖਾਂ ਡਾਲਰਾਂ ਦੇ ਮਾਲਕ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਅਮਰੀਕਾ ਵਿਚ ਸਟੀਲ ਦੇ ਧੰਦੇ ਵਿਚ ਜੁਟਿਆ ਐਂਡਰਿਊ ਕਾਰਨੇਗੀ ਸਭ ਤੋਂ ਅਮੀਰ ਵਿਅਕਤੀ ਸੀ ਪਰ ਅੱਜ ਸਟੀਲ ਦੀ ਸਨਅਤ ਦੀ ਕੋਈ ਵੁੱਕਅਤ ਨਹੀਂ। ਅੱਜ ਭਾਰਤ ਵਿਚ ਸਟੀਲ ਅਥਾਰਟੀ ਆਫ ਇੰਡੀਆ ਦੀ ਸਟਾਕ ਮਾਰਕਿਟ ਕੇਵਲ 4,500 ਕਰੋੜ ਰੁਪਏ ਦੀ ਹੈ ਪਰ ਇਸਦੀ ਤੁਲਨਾ ਵਿਚ ਇਕ ਸੌਫਟ ਵੇਅਰ ਤਿਆਰ ਕਰਨ ਵਾਲੀ ਫਰਮ ਇਨਫੋਸਿਸ ਦੀ ਸਟਾਕ ਮਾਰਕਿਟ ਰਾਸ਼ੀ 47,000 ਕਰੋੜ ਰੁਪਏ ਹੈ। ਇਸ ਯੁਗ ਵਿਚ ਸਰਦਾਰੀ ਵਿਵੇਕਸ਼ੀਲ ਕਾਮੇ ਦੇ ਹੱਥ ਵਿਚ ਹੈ ਜੋ ਮਾਰਕਸ ਦੇ ਪ੍ਰੋਲਤਾਰੀਆ ਤੋਂ ਬਿਲਕੁਲ ਭਿੰਨ ਹੈ।

ਜਦੋਂ ਆਧੁਨਿਕ ਸੰਚਾਰ ਸਾਧਨਾਂ ਦਾ ਆਵਿਸ਼ਕਾਰ ਹੋਇਆ ਤਾਂ ਇਹ ਖਿਆਲ ਕੀਤਾ ਜਾਂਦਾ ਸੀ ਕਿ ਇਹ ਅਤਿਆਚਾਰ ਢਾਉਣ ਵਿਚ ਸਹਾਈ ਸਿੱਧ ਹੋਣਗੇ। 1930 ਤੋਂ 1970 ਤਕ ਆਮ ਤੌਰ 'ਤੇ ਇਸੇ ਧਾਰਨਾ ਨੂੰ ਬਲ ਮਿਲਦਾ ਰਿਹਾ। ਆਲਡਸ ਹਕਸਲੇ ਅਤੇ ਜਾਰਜ ਆਰਵੈੱਲ ਨੇ ਸਭ ਤੋਂ ਪਹਿਲਾਂ



ਨਵੇਂ ਸੰਚਾਰ ਸਾਧਨਾਂ ਦੇ ਅਤਿਆਚਾਰੀ ਰੋਲ ਦਾ ਆਪਣੀਆਂ ਲਿਖਤਾਂ ਵਿਚ ਚਿਤਰਨ ਕੀਤਾ। ਪਰ ਇੰਟਰਨੈਟ, ਕੰਪਿਊਟਰ, ਫੈਕਸ ਮਸ਼ੀਨ, ਈ ਮੇਲ, ਸੈਟੇਲਾਈਟ ਟੈਲੀਫੋਨ, ਫੋਟੋ ਕਾਪੀਅਰ, ਕੇਬਲ ਅਤੇ ਡਿਜਿਟਲ ਟੈਲੀਵਿਜ਼ਨ ਨੇ ਇਕ ਦਮ ਪਾਸਾ ਪਲਟ ਦਿੱਤਾ। ਹੁਣ ਕਿਸੇ ਤਾਨਾਸ਼ਾਹ ਦੀ ਮਜਾਲ ਨਹੀਂ ਕਿ ਆਪਣੇ ਲੋਕਾਂ ਪਾਸੋਂ ਹਕੀਕਤ ਛੁਪਾ ਕੇ ਰੱਖੇ। ਹੁਣ ਪਹਿਲਾਂ ਵਾਂਗ ''ਆਇਰਨ ਕਰਟਨ'' ਉਸਾਰ ਕੇ ਲੋਕਾਂ ਨੂੰ ਹਨੇਰੇ ਵਿਚ ਨਹੀਂ ਰੱਖਿਆ ਜਾ ਸਕਦਾ। ਹੁਣ ਹਕੀਕਤ ਦੀ ਪਰਦਾਪੋਸ਼ੀ ਲਈ ਸਾਰਾ ਪ੍ਰਾਪੇਗੰਡਾ ਬੇਕਾਰ ਹੈ। ਜੇ ਤੀਅਨਮਨ ਚੌਕ ਵਿਚ ਆਮ ਜਨਤਾ ਦਾ ਕਤਲੇਆਮ ਹੁੰਦਾ ਹੈ ਤਾਂ ਇਸ ਨੂੰ ਸਾਰਾ ਜੱਗ ਦੇਖਦਾ ਹੈ। ਹੁਣ ਕੋਈ ਸੈਂਸਰਸ਼ਿਪ ਸਫਲ ਨਹੀਂ ਹੋ ਸਕਦੀ। ਜੇ ਕਿਸੇ ਲੇਖਕ ਦੀ ਰਚਨਾ 'ਤੇ ਪਾਬੰਦੀ ਲਗਦੀ ਹੈ ਅਤੇ ਉਸ ਦੀ ਰਚਨਾ ਨੂੰ ਦਬਾਇਆ ਜਾਂਦਾ ਹੈ ਤਾਂ ਉਹ ਰਚਨਾ ਫੋਟੋ ਕਾਪੀਅਰ ਰਾਹੀਂ, ਲੋਕਾਂ ਦੇ ਹੱਥਾਂ ਵਿਚ ਪਹੁੰਚ ਜਾਵੇਗੀ। ਫੈਕਸ ਰਾਹੀਂ ਉਹ ਦੇਸ਼ ਤੋਂ ਬਾਹਰ ਵੀ ਫੈਲ ਜਾਵੇਗੀ। ਨਵੇਂ ਸੰਚਾਰ ਸਾਧਨਾਂ ਨੇ ਵਿਚਾਰਾਂ 'ਤੇ ਪਾਬੰਦੀ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਕਰ ਦਿੱਤੀਆਂ ਹਨ। ਇਸ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਕ ਨਵਾਂ ਯੁਗ ਸ਼ੁਰੂ ਹੋਇਆ ਹੈ। ''ਸੂਚਨਾ ਯੁਗ'' ਨੇ ਲੇਖਕਾਂ ਤੇ ਚਿੰਤਕਾਂ ਨੂੰ ਇਕ ਨਵੀਂ ਆਜ਼ਾਦੀ ਪ੍ਰਦਾਨ ਕੀਤੀ ਹੈ। ਸੂਚਨਾ ਅਤੇ ਸੰਚਾਰ ਮੁੱਢ ਕਦੀਮ ਤੋਂ ਸਭਿਆਚਾਰ ਦਾ ਆਧਾਰ ਰਿਹਾ ਹੈ। ਇਸ ਲਈ ''ਸੂਚਨਾ ਯੁਗ'' ਸਭਿਆਚਾਰ ਨੂੰ ਅਵੱਸ਼ ਪ੍ਰਭਾਵਤ ਕਰੇਗਾ। ਅਤੇ ਬਦੇਸ਼ੀ ਸਭਿਆਚਾਰ ਦਾ ਸੰਚਾਰ ਰਵਾਇਤੀ ਅਤੇ ਦੇਸੀ ਸਭਿਆਚਾਰ ਸਾਹਮਣੇ ਤਕੜੀ ਚੁਣੌਤੀ ਖੜ੍ਹੀ ਕਰੇਗਾ।

ਅੱਜ ਕੱਲ੍ਹ ਟੀ. ਵੀ. 'ਤੇ ਜਿਹੋ ਜਿਹੇ ਸੀਰੀਅਲ ਦਿਖਾਏ ਜਾ ਰਹੇ ਹਨ, ਪਾਤਰਾਂ ਦੀ ਜਿੱਦਾਂ ਦੀ ਵੇਸ਼ ਭੂਸ਼ਾ ਹੁੰਦੀ ਹੈ ਅਤੇ ਜਿਸ ਤਰ੍ਹਾਂ ਦੇ ਹਾਵ ਭਾਵ ਅਤੇ ਵਾਰਤਾਲਾਪ ਹੁੰਦੇ ਹਨ, ਇਸ ਨਾਲ ਬਹੁਤੇ ਦਰਸ਼ਕ ਇਕ ''ਕਲਚਰ ਸ਼ਾਕ'' ਅਨੁਭਵ ਕਰ ਰਹੇ ਹਨ। ਮਾਨਵ ਵਿਗਿਆਨੀਆਂ ਨੇ ਉਸ ਮਾਨਸਿਕ ਦਸ਼ਾ ਨੂੰ ਦਰਸਾਉਣ ਲਈ, ਜਿਸ ਵਿਚ ਕਿਸੇ ਵਿਅਕਤੀ ਨੂੰ ਅਚਾਨਕ ਹੀ ਕਿਸੇ ਅਜਨਬੀ ਕਲਚਰ ਦਾ ਸਾਹਮਣਾ ਕਰਨਾ ਪੈ ਜਾਵੇ ਅਤੇ ਜਿਸ ਲਈ ਉਹ ਮਾਨਸਿਕ ਤੌਰ 'ਤੇ ਬਿਲਕੁਲ ਤਿਆਰ ਨਾ ਹੋਵੇ, ਇਕ ਉਕਤੀ ਦੀ ਘਾੜਤ ਕੀਤੀ ਹੈ ਜਿਸ ਨੂੰ ''ਕਲਚਰ ਸ਼ਾਕ'' ਕਹਿੰਦੇ ਹਨ। ਟੀ. ਵੀ. ਉਤੇ ਪ੍ਰਸਾਰਤ ਬਹੁਤ ਇਸ਼ਤਿਹਾਰਾਂ ਵਿਚ ਅਤੇ ਵਿਸ਼ੇਸ਼ ਤੌਰ 'ਤੇ ਕਾਮ ਸੂਤਰ ਸੰਬੰਧੀ ਇਤਿਹਾਰਬਾਜ਼ੀ ਵਿਚ, ਜਿਸ ਤਰ੍ਹਾਂ ਦੇ ਕਲੋਲ ਦਿਖਾਏ ਜਾਂਦੇ ਹਨ, ਉਹ ਆਪਣੇ ਟੱਬਰ ਵਿਚ ਬੈਠ ਕੇ ਟੀ. ਵੀ. ਦੇਖਦੇ ਹਰ ਵਿਅਕਤੀ ਨੂੰ ਬੌਂਦਲਾ ਦੇਂਦੇ ਹਨ। ਬਹੁਤ ਸਾਰੇ ਨਾਟਕਾਂ ਵਿਚ ਵਿਆਹੁਤਾ ਜੀਵਨ ਤੋਂ ਬਾਹਰੇ ਯੌਨ ਸੰਬੰਧਾਂ ਨੂੰ ਇਕ ਸਾਧਾਰਨ ਜਿਹੀ ਘਟਨਾ ਵਜੋਂ ਪਰਸਾਰਿਆ ਜਾਂਦਾ ਹੈ। ਤਲਾਕ ਅਤੇ ਸ਼ਾਦੀ ਇਕ ਮਾਮੂਲੀ ਖੇਡ ਬਣਾ ਕੇ ਪ੍ਰਸਤੁਤ ਕੀਤੇ ਜਾਂਦੇ ਹਨ। ਇਸ ਤਰ੍ਹਾਂ ਪੱਛਮੀ ਕਦਰਾਂ-ਕੀਮਤਾਂ ਦਾ ਸਾਡੇ ਘਰਾਂ ਵਿਚ ਪ੍ਰਵੇਸ਼ ਹੋ ਰਿਹਾ ਹੈ। ਆਮ ਤੌਰ 'ਤੇ ਟੀ. ਵੀ. ਉੱਤੇ ਪ੍ਰਸਾਰਤ ਹੋਣ ਵਾਲੇ ਨਾਟਕ ਜਿਨਸ ਅਤੇ ਤਸ਼ੱਦਦ ਦੇ ਤਾਣੇ ਪੇਟੇ ਨਾਲ ਬੁਣੇ ਗਏ ਹੁੰਦੇ ਹਨ। ਪਹਿਲਾਂ ਅਜਨਬੀ ਕਲਚਰ ਦਾ ਵਿਅਕਤੀ ਨੂੰ ਉਦੋਂ ਸਾਹਮਣਾ ਕਰਨਾ ਪੈਂਦਾ ਸੀ ਜਦੋਂ ਉਹ ਆਪ ਉਸ ਕਲਚਰ ਵਿਚ ਪ੍ਰਵੇਸ਼ ਕਰਦਾ ਸੀ। ਪਰ ਜਦੋਂ ਉਹ ਉਸ ਦੇਸ਼ ਦੇ ਅਜਨਬੀ ਕਲਚਰ ਤੋਂ ਵਾਪਸ ਆਪਣੇ ਦੇਸ਼ ਦੇ ਕਲਚਰ ਵਿਚ ਪਰਤ ਆਉਂਦਾ ਸੀ ਤਾਂ ਉਹ ''ਕਲਚਰ ਸ਼ਾਕ'' ਤੋਂ ਮੁਕਤ ਹੋ ਜਾਂਦਾ ਸੀ। ਪਰ ਹੁਣ ਓਪਰੇ ਕਲਚਰ ਦਾ ਟਾਕਰਾ ਹਰ ਰੋਜ਼ ਘਰ ਬੈਠਿਆਂ ਹੀ ਹੋ ਜਾਂਦਾ ਹੈ। ਇਸ ਸਥਿਤੀ ਨੇ ਦੇਸ਼ ਦੇ ਬੁੱਧੀਜੀਵੀਆਂ ਅਤੇ ਲੇਖਕਾਂ ਦੇ ਸਨਮੁਖ ਇਕ ਗੰਭੀਰ ਚੁਣੌਤੀ ਲਿਆ ਖੜ੍ਹੀ ਕੀਤੀ ਹੈ ਕਿ ਆਪਣੇ ਕਲਚਰ ਦੀਆਂ ਸਵਸਥ ਕਦਰਾਂ-ਕੀਮਤਾਂ ਨੂੰ ਅਜਨਬੀ ਕਲਚਰ ਦੇ ਹੱਲੇ ਤੋਂ ਕਿਵੇਂ ਬਚਾਇਆ ਜਾਵੇ।

ਟੀ. ਵੀ. ਪ੍ਰੋਗਰਾਮ ਮੰਡੀ ਵਿਚ ਵਿਕਣ ਵਾਲੀ ਇਕ ਵਸਤੂ ਹੈ। ਇਸ ਦੇ ਉਤਪਾਦਨ ਵਿਚ ਚੋਖਾ ਖਰਚ ਆਉਂਦਾ ਹੈ। ਮੰਡੀ ਵਿਚ ਵਿਕਣ ਵਾਲੀ ਵਸਤੂ ਦਾ ਇਹ ਨਿਯਮ ਹੈ ਕਿ ਜਿਸ ਵਸਤੂ ਦੀ ਵੱਧ ਵਿਕਰੀ ਹੋਵੇਗੀ ਜਾਂ ਦੂਸਰੇ ਸ਼ਬਦਾਂ ਵਿਚ ਜਿਸ ਵਸਤੂ ਦੀ ਮੰਡੀ ਜਿੰਨੀ ਵਿਸ਼ਾਲ ਹੋਵੇਗੀ, ਉਸ ਦੇ ਮਾਲਕ ਨੂੰ ਓਨਾ ਹੀ

ਵੱਧ ਮੁਨਾਫਾ ਹੋਵੇਗਾ ਅਤੇ ਉਹ ਆਪਣੇ ਮੁਕਾਬਲੇ ਵਿਚ ਖੜੋਤੇ ਵਿਕਰੇਤਾਵਾਂ ਦਾ ਟਾਕਰਾ ਕਰਨ ਲਈ ਆਪਣੇ ਮਾਲ ਦੀ ਕਵਾਲਿਟੀ ਬਿਹਤਰ ਬਣਾਉਣ ਲਈ ਬਹੁਤਾ ਸਰਮਾਇਆ ਲਗਾ ਸਕੇਗਾ। ਇਸ ਵੇਲੇ ਅੰਗਰੇਜ਼ੀ ਭਾਸ਼ਾ ਦੀ ਮੰਡੀ ਸਾਰੇ ਸੰਸਾਰ ਵਿਚ ਹੈ। ਇਸ ਲਈ ਟੀ. ਵੀ. ਉਤੇ ਅੰਗਰੇਜ਼ੀ ਦੇ ਪ੍ਰੋਗਰਾਮਾਂ ਦੀ ਕਵਾਲਿਟੀ, ਦੇਸੀ ਭਾਸ਼ਾਵਾਂ ਦੇ ਪ੍ਰੋਗਰਾਮਾਂ ਨਾਲੋਂ ਬਹੁਤ ਵਧੀਆ ਹੈ। ਦੋ ਖੋਜਕਾਰਾਂ ਵਾਲਿਡਮੈਨ ਅਤੇ ਸਿਵੈਕ ਨੇ 1987 ਵਿਚ ਇਕ ਸਰਵੇਖਣ ਕੀਤਾ ਸੀ ਜਿਸ ਵਿਚ ਸੰਸਾਰ ਦੀਆਂ ਵੱਖ ਵੱਖ ਭਾਸ਼ਾਵਾਂ ਦੀ ਮੰਡੀ ਅਤੇ ਉਨ੍ਹਾਂ ਭਾਸ਼ਾਵਾਂ ਦੇ ਖਿੱਤੇ ਦਾ ਸਕਲ ਘਰੇਲੂ ਉਤਪਾਦ ਦਾ ਵੇਰਵਾ ਦਿੱਤਾ ਗਿਆ ਸੀ। ਇਹ ਵੇਰਵਾ ਨਿਮਨ ਸਾਰਣੀ ਵਿਚ ਪ੍ਰਸਤੁਤ ਹੈ। ਇਸ ਵਿਚ ਚੀਨੀ ਅਤੇ ਰੂਸੀ ਭਾਸ਼ਾ ਦਾ ਅਧਿਐਨ ਨਹੀਂ ਹੈ।

*ਭਾਸ਼ਾਈ ਮੰਡੀਆਂ ਦਾ ਤੁਲਨਾਤਮਕ ਵੇਰਵਾ*

| ਭਾਸ਼ਾ | ਭਾਸ਼ਾ ਬੋਲਣ ਵਾਲੇ (ਮਿਲਿਅਨ) | ਸਕਲ ਘਰੇਲੂ ਉਤਪਾਦ (1981) (ਮਿਲਿਅਨ) |
|---|---|---|
| ਅੰਗਰੇਜ਼ੀ | 409 | 4,230,375 |
| ਹਿੰਦੀ/ਉਰਦੂ | 352 | 209,023 |
| ਸਪੇਨੀ | 265 | 653,958 |
| ਅਰਬੀ | 163 | 328,547 |
| ਬੰਗਾਲਾ | 160 | 12,692 |
| ਪੁਰਤਗਾਲੀ | 157 | 303,465 |
| ਮਲੈਈ, ਇੰਡੋਨੇਸ਼ੀਅਨ | 122 | 23,715 |
| ਜਾਪਾਨੀ | 121 | 1185,061 |
| ਫਰਾਂਸੀਸੀ | 110 | 812,179 |
| ਜਰਮਨ | 101 | 1,017,528 |
| ਪੰਜਾਬੀ | 69 | 29,575 |
| ਅਤਾਲਵੀ | 62 | 592,306 |

ਉਕਤ ਸਾਰਣੀ ਤੋਂ ਸਪਸ਼ਟ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਅੰਗਰੇਜ਼ੀ ਦੇ ਮੁਕਾਬਲੇ ਵਿਚ ਪੰਜਾਬੀ ਦੀ ਸਮਰੱਥਾ ਬਹੁਤ ਘੱਟ ਹੈ। ਇਸ ਲਈ ਇਸ ਗੰਭੀਰ ਚੁਣੌਤੀ ਦਾ ਟਾਕਰਾ ਕਰਨ ਲਈ ਬ ਗੰਭੀਰ ਉਪਰਾਲੇ ਅਤੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਲਈ ਪ੍ਰਤੀਬੱਧਤਾ ਦੀ ਲੋੜ ਹੈ। ਜੇ ਪੰਜਾਬੀ ਪ੍ਰੋਗਰਾਮਾਂ ਦੀ ਪੱਧਰ ਵਿਚ ਸੁਧਾਰ ਆ ਜਾਵੇ ਤਾਂ ਅੰਗਰੇਜ਼ੀ, ਉਰਦੂ ਅਤੇ ਹਿੰਦੀ ਦਾ ਟਾਕਰਾ ਕ ਸਕਦਾ ਹੈ ਕਿਉਂਕਿ ਦਰਸ਼ਕ ਆਪਣੀ ਭਾਸ਼ਾ ਅਤੇ ਸਭਿਆਚਾਰ ਨਾਲ ਜੋ ਅਪਣਤ ਅਤੇ ਨਿੱਘ ਮਹਿਸੂ ਕਰਦਾ ਹੈ, ਓਪਰੀ ਭਾਸ਼ਾ ਅਤੇ ਸਭਿਆਚਾਰ ਸਹਿਜੇ ਕੀਤੇ ਉਸਦਾ ਵਿਕਲਪ ਨਹੀਂ ਬਣ ਸਕਦਾ।

ਟੈਲੀਵੀਜ਼ਨ ਪ੍ਰੋਗਰਾਮਾਂ ਦੀ ਸਕ੍ਰਿਪਟ ਵੀ ਲੇਖਕਾਂ ਦੇ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰਦੀ ਹੈ। ਲੇਖਕ ਨੂੰ ਇਹ ਮੌਜ ਹੈ ਕਿ ਉਹ ਆਪਣੀ ਮਰਜ਼ੀ ਵਰਤ ਸਕਦਾ ਹੈ। ਉਹ ਆਪਣੇ ਪਾਠਕ ਦੇ ਸੁਹਜ ਸਵਾਦ ਨੂੰ ਅੱਖੋਂ ਉਹਲੇ ਕਰਕੇ ਆਪਣੇ ਮਨ ਦੀ ਮੌਜ ਅਨੁਸਾਰ ਰਚਨਾ ਰਚ ਸਕਦਾ ਹੈ। ਜੇ ਅੱ ਕਿਸੇ ਰਚਨਾ ਦਾ ਪਾਠਕ ਨਹੀਂ ਤਾਂ ਕੱਲ੍ਹ ਪੈਦਾ ਹੋ ਸਕਦਾ ਹੈ। ਇਸ ਲਈ ਲੇਖਕ ਉਡੀਕ ਕਰ ਸਕਦਾ ਅਤੇ ਜੇ ਪਾਠਕ ਨਹੀਂ ਵੀ ਹੈ ਤਾਂ ਵੀ ਕੋਈ ਰੁਕਾਵਟ ਨਹੀਂ। ਲੇਖਕ ਕਿਸੇ ਮੰਗ ਨੂੰ ਪੂਰਾ ਕਰਨ ਲਈ ਰਚਨਾ ਨਹੀਂ ਕਰਦਾ। ਇਸ ਲਈ ਉਹ ਆਜ਼ਾਦ ਹੈ। ਕਿਸੇ ਕਵਿਤਾ, ਕਹਾਣੀ, ਨਾਟਕ ਜਾਂ ਨਾਵਲ ਲਿਖਣ ਲਈ ਉਸਦਾ ਕੋਈ ਖਰਚਾ ਵੀ ਨਹੀਂ ਹੁੰਦਾ। ਪਰ ਟੀ. ਵੀ. ਦੇ ਪ੍ਰੋਗਰਾਮ ਨੂੰ ਮੁਨਾਫਾ ਬਖਸ਼ ਬਣਾਉਣਾ ਪੈਂਦਾ ਹੈ। ਇਸ ਪ੍ਰੋਗਰਾਮ ਦੇ ਨਿਰਮਾਣ ਵਿਚ ਚੋਖਾ ਧਨ ਖਰਚ ਹੋਣਾ ਹੁੰਦਾ ਹੈ। ਇਸ ਲਈ, ਲੇਖਕ ਅਤੇ ਪ੍ਰੋਡਿਊਸਰ ਦਰਸ਼ਕਾਂ ਦੇ ਸੁਹਜ ਸਵਾਦ ਨੂੰ ਅਣਡਿੱਠ ਨਹੀਂ ਕਰ ਸਕਦੇ। ਇਸ ਸੂਚਨਾ ਯੁਗ ਵਿਚ ਕਹਾਣੀਆਂ, ਨਾਵਲਾਂ, ਨਾਟਕਾਂ ਅਤੇ ਕਵਿਤਾਵਾਂ ਦੀਆਂ ਟੈਲੀ ਫਿਲਮਾਂ ਬਣ ਰਹੀਆਂ ਹਨ। ਉਨੀਵੀਂ ਸਦੀ



ਦੇ ਫਰਾਂਸ ਦੇ ਕੁਝ ਬੁਰਜੂਆ ਲੇਖਕ ''ਕਲਾ ਕਲਾ ਲਈ'' ਦੇ ਝੰਡਾ ਬਰਦਾਰ ਸਨ। ਉਹ ਪਾਠਕ ਨੂੰ ਟਿੱਚ ਸਮਝਦੇ ਸਨ। ਉਹ ਪਾਠਕ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਕੇ ਆਪਣੀ ਰਚਨਾ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਉਨ੍ਹਾਂ ਨੇ ਤਾਂ ਆਪਣੀ ਕਲਾ ਦੀ ਸੇਵਾ ਵਿਚ ਜੁਟੇ ਰਹਿਣਾ ਹੈ। ਪਾਠਕਾਂ ਨਾਲ ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ। ਪਾਠਕਾਂ ਨੂੰ ਜੇ ਲੋੜ ਹੈ ਤਾਂ ਉਨ੍ਹਾਂ ਦੀ ਰਚਨਾ ਪੜ੍ਹਨ ਅਤੇ ਇਸਦਾ ਲੁਤਫ ਲੈਣ ਲਈ ਆਪ ਯਤਨ ਕਰਨ। ਪਿੱਛੋਂ ਪ੍ਰਗਤੀਵਾਦੀ ਲੇਖਕਾਂ ਨੇ ਆਪਣੇ ਸਿਧਾਂਤ ਦਾ ਪਰਚਾਰ ਕਰਨ ਲਈ ਇਹੋ ਰੁਖ ਅਪਣਾ ਲਿਆ। ਉਨ੍ਹਾਂ ਲਈ ਸੰਦੇਸ਼ ਕਲਾ ਦੀ ਤੁਲਨਾ ਵਿਚ ਉਤਮ ਬਣ ਗਿਆ। ਇਸ ਤਰ੍ਹਾਂ ਬਹੁਤ ਸਾਰਾ ਅਕਾਊ ਸਾਹਿਤ ਰਚਿਆ ਗਿਆ। ਹਰ ਪ੍ਰਗਤੀਵਾਦੀ ਲੇਖਕ ਦੀ ਰਚਨਾ ਦਾ ਮੁਹਾਂਦਰਾ ਦੂਸਰੇ ਲੇਖਕ ਦੀ ਰਚਨਾ ਨਾਲ ਏਨਾ ਮਿਲਦਾ ਜੁਲਦਾ ਹੁੰਦਾ ਹੈ ਕਿ ਉਹ ਵਿਚ ਵਿਲੱਖਣਤਾ ਨਹੀਂ ਰਹਿੰਦੀ। ਕਈ ਲੇਖਕ ਇਕੋ ਕਹਾਣੀ ਥੋੜ੍ਹੇ ਬਹੁਤੇ ਫਰਕ ਨਾਲ ਲਿਖੀ ਜਾਂਦੇ ਹਨ। ਸਾਰੀਆਂ ਰਚਨਾਵਾਂ ਇਕੋ ਫਾਰਮੂਲੇ 'ਤੇ ਆਧਾਰਤ ਹੁੰਦੀਆਂ ਹਨ। ਇਹ ਫਾਰਮੂਲਾ ਹੀ ਉਨ੍ਹਾਂ ਲਈ ਯਥਾਰਥ ਦਾ ਬਦਲ ਬਣ ਜਾਂਦਾ ਹੈ। ਖਿੱਚ ਧੂਹ ਕੇ ਹਰ ਗੱਲ ਨੂੰ ਇਸ ਸੱਚੇ ਵਿਚ ਢਾਲਣ ਦਾ ਯਤਨ ਹੁੰਦਾ ਹੈ। ਟੈਲੀ ਯੁਗ ਵਿਚ ਅਜਿਹਾ ਸੰਭਵ ਨਹੀਂ ਹੋ ਸਕੇਗਾ। ਹੁਣ ਪਾਠਕਾਂ, ਦਰਸ਼ਕਾਂ ਨੂੰ ਅਣਡਿਠ ਨਹੀਂ ਕੀਤਾ ਜਾ ਸਕੇਗਾ।

ਟੈਲੀ ਯੁਗ ਨੇ ਆਲੋਚਨਾ ਸਾਹਮਣੇ ਵੀ ਇਕ ਬਹੁਤ ਵੱਡੀ ਚਣੌਤੀ ਖੜ੍ਹੀ ਕਰ ਦਿੱਤੀ ਹੈ। ਸੰਰਚਨਾਵਾਦੀ ਆਲੋਚਨਾ ਦੀ ਧਾਰਨਾ ਹੈ ਕਿ ਹਰ ਇਕ ਰਚਨਾ ਦੀ ਟੈਕਸਟ ਇਕ ਸਜੀਵ ਇਕਾਈ ਹੈ। ਸਾਹਿਤਕ ਕਿਰਤ ਦੇ ਭਾਸ਼ਕ ਚਿਹਨਾਂ ਨੂੰ ਡੀ-ਕੋਡ ਕਰਨ ਨਾਲ ਉਸ ਵਿਚ ਸਥਿਤ ਯਥਾਰਥ ਤਕ ਪਹੁੰਚਿਆ ਜਾ ਸਕਦਾ ਹੈ। ਪਰ ਟੈਲੀਵੀਜ਼ਨ ਪ੍ਰੋਗਰਾਮ ਦੇਖਣਾ ਇਕ ਸਮਾਜਕ ਪ੍ਰਕ੍ਰਿਆ ਹੈ। ਇਸ ਲਈ ਟੈਕਸਟ ਨੂੰ ਦਰਸ਼ਕ ਦੇ ਪ੍ਰਤੀਕਰਮ ਤੋਂ ਮੁਕਤ ਨਹੀਂ ਰੱਖਿਆ ਜਾ ਸਕਦਾ। ਦਰਸ਼ਕ ਪ੍ਰੋਗਰਾਮ ਦੇਖਣ ਸਮੇਂ ਟੈਕਸਟ ਨੂੰ ਆਪਣੇ ਅੰਤਰਮੁਖੀ ਪ੍ਰਭਾਵਾਂ ਕਾਰਨ, ਆਪਣੇ ਵੱਲੋਂ ਸਿਰਜੇ ਅਰਥ ਪ੍ਰਦਾਨ ਕਰਦਾ ਹੈ। ਟੈਲੀਵੀਜ਼ਨ ਯੁਗ ਵਿਚ ਨਾ ਟੈਕਸਟ ਦਾ ਸਿਰਜਕ ਅਤੇ ਨਾ ਹੀ ਟੈਕਸਟ ਦਾ ਸਮੀਖਿਅਕ, ਪਾਠਕ/ਦਰਸ਼ਕ ਨੂੰ ਅੱਖੋਂ ਉਹਲੇ ਕਰਕੇ ਆਪਣੇ ਕਾਰਜ ਨੂੰ ਨੇਪਰੇ ਚਾੜ੍ਹ ਸਕਦਾ ਹੈ। ਟੈਲੀਵਿਜਨ ਸਿਰਜਕ ਨੂੰ ਉਸ ਦੀ ਵਸਤੂ ਦੇ ਉਪਭੋਗਤਾ ਨਾਲ ਜੋੜਦੀ ਹੈ ਅਤੇ ਉਸ ਦੇ ''ਉਚੇ ਨਛੱਤਰੀ ਵਸਣ'' ਦੇ ਸੁਪਨੇ ਦੇ ਰਸਤੇ ਵਿਚ ਇਕ ਬਹੁਤ ਵੱਡੀ ਰੁਕਾਵਟ ਬਣਦੀ ਹੈ।

ਟੈਲੀਵਿਜਨ ਦੇ ਨਾਲ ਨਾਲ ਕੰਪਿਊਟਰ ਵੀ ਆਉਣ ਵਾਲੇ ਸਮੇਂ ਵਿਚ ਬਹੁਤ ਪ੍ਰਭਾਵਤ ਕਰੇਗਾ। ਕੰਪਿਊਟਰ ਦੀ ਸਹਾਇਤਾ ਨਾਲ ਚਿਤਰਕਾਰੀ ਹੋ ਰਹੀ ਹੈ। ਗਰਾਫਿਕਸ ਬਣ ਰਹੇ ਹਨ। ਪਰ ਸਾਹਿਤ ਵੀ ਇਸਤੋਂ ਨਿਰਲੇਪ ਨਹੀਂ ਰਹਿ ਸਕਦਾ। ''ਰਾਈਮਿੰਗ ਡਿਕਸ਼ਨਰੀ'' ਦੀ ਸਹਾਇਤਾ ਨਾਲ ਢੁਕਵੇਂ ਤੋਲ ਤੁਕਾਂਤ ਵਾਲੇ ਸ਼ਬਦਾਂ ਦੀ ਚੋਣ ਸਹਿਜੇ ਹੀ ਕੀਤੀ ਜਾ ਸਕਦੀ ਹੈ। ਜਿਹੜੇ ਲੋਕ ਕੇਵਲ ਤੋਲ ਤੁਕਾਂਤ ਨੂੰ ਕਵਿਤਾ ਦੀ ਜਾਨ ਸਮਝਦੇ ਹਨ, ਉਨ੍ਹਾਂ ਲਈ ਕਿਸੇ ਕਵਿਤਾ ਦਾ ਤੋਲ ਤੁਕਾਂਤ ਸੰਵਾਰਨਾ ਬਹੁਤ ਆਸਾਨ ਹੋ ਜਾਵੇਗਾ। ਅੱਜ ਕਲ ਗ਼ਜ਼ਲ ਲਿਖਣ ਦਾ ਪੰਜਾਬੀ ਵਿਚ ਰਿਵਾਜ ਬਹੁਤ ਵਧ ਰਿਹਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਗ਼ਜ਼ਲ ਦਾ ਤੋਲ ਤੁਕਾਂਤ ਗ਼ਜ਼ਲ ਰਚਣ ਵਿਚ ਬਹੁਤ ਸਹਾਈ ਸਿੱਧ ਹੁੰਦਾ ਹੈ। ਹੋਰ ਕੁਛ ਹੋਵੇ ਨਾ ਹੋਵੇ, ਕੰਪਿਊਟਰ ਦੀ ਸਹਾਇਤਾ ਨਾਲ ਗ਼ਜ਼ਲ ਲਿਖਣ ਵਿਚ ਬਹੁਤ ਆਸਾਨੀ ਹੋ ਜਾਵੇਗੀ। ਇਸ ਨਾਲ ਤੁਕ ਬੰਦੀ ਅਤੇ ਸਿਰਜਣਾਤਮਕ ਵਿਲੱਖਣਤਾ ਵਿਚ ਫਰਕ ਲੱਭਣਾ ਵੀ ਆਸਾਨ ਹੋ ਜਾਵੇਗਾ। ਕੰਪਿਊਟਰ ਬਾਰ ਬਾਰ ਦੁਹਰਾਏ ਜਾਣ ਵਾਲੇ ਕੰਮ ਨੂੰ ਆਸਾਨੀ ਨਾਲ ਕਰ ਸਕਦਾ ਹੈ। ਜਿਵੇਂ ਕਿ ਗ਼ਜ਼ਲ ਵਿਚ ਕਾਫੀਏ-ਰਦੀਫ ਦੀ ਪਾਬੰਦੀ ਹੁੰਦੀ ਹੈ। ਪਰ ਕੰਪਿਊਟਰ ਸਿਰਜਣਾਤਮਕ ਵਿਲੱਖਣਤਾ ਪੈਦਾ ਨਹੀਂ ਕਰ ਸਕਦਾ। ਇਹ ਕੰਮ ਸਿਰਜਣਾਤਮਕ ਕਲਾਕਾਰ ਦਾ ਹੀ ਕਰਤੱਵ ਹੈ। ਕੋਈ ਵੀ ਮਕਾਨਕੀ ਪ੍ਰਕ੍ਰਿਆ ਸਿਰਜਣਾ ਦਾ ਵਿਕਲਪ ਨਹੀਂ ਬਣ ਸਕਦੀ। ਇਸ ਨਾਲ ਸ਼ਾਇਰ ਅਤੇ ਮੁਤਸ਼ਾਇਰ ਵਿਚਲਾ ਫਰਕ ਪੂਰੀ ਤਰ੍ਹਾਂ ਉੱਘੜ ਕੇ ਸਾਹਮਣੇ ਆ ਜਾਵੇਗਾ।

ਮਾਰਕਸ ਦਾ ਦਵੰਦਾਤਮਕ ਪਦਾਰਥਵਾਦ ਦਾ ਸਿਧਾਂਤ ਉਨੀਵੀਂ ਸਦੀ ਦੇ ਭੌਤਿਕ ਵਿਗਿਆਨ 'ਤੇ ਆਧਾਰਤ ਸੀ। ਇਸ ਦੀ ਘਾੜਤ ਵਿਚ ਹੀਗਲ ਦੇ ਡਾਇਲੈਕਟਿਕਸ ਦਾ ਵੀ ਯੋਗਦਾਨ ਸੀ। ਦਵੰਦਾਤਮਕ ਪਦਾਰਥਵਾਦ ਅਨੁਸਾਰ ਦੋ ਮੁਖਾਲਫ ਸ਼ਕਤੀਆਂ ਦੇ ਟਕਰਾਓ ਨਾਲ ਨਵੀਂ ਗੁਣਾਤਮਕ ਤਬਦੀਲੀ ਆਉਂਦੀ ਹੈ। ਇਸ ਨੂੰ ਥੀਸਿਜ਼, ਐਂਟੀ ਥੀਸਿਜ਼ ਅਤੇ ਸਿਨਥੀਸਿਜ਼ ਦਾ ਅਮਲ ਅਖਿਆ ਜਾਂਦਾ ਹੈ। ਟਕਰਾਓ ਤੋਂ ਬਾਅਦ ਦੋਨਾਂ ਸ਼ਕਤੀਆਂ ਦਾ ਸੰਸ਼ਲੇਸ਼ਨ ਹੋ ਜਾਂਦਾ ਹੈ। ਇਸ ਤੋਂ ਮਾਰਕਸ ਨੇ ਇਹ ਨਤੀਜਾ ਕੱਢਿਆ ਕਿ ਸਰਮਾਏਦਾਰ ਨਿਜ਼ਾਮ ਨੇ ਪੂੰਜੀਪਤੀ ਅਤੇ ਪ੍ਰੋਲਤਾਰੀਆ ਨੂੰ ਜਨਮ ਦਿੱਤਾ ਹੈ। ਇਹ ਦੋਵੇਂ ਇਕ ਦੂਜੇ ਦੀਆਂ ਮੁਖਾਲਫ ਸ਼ਕਤੀਆਂ ਹਨ। ਇਨ੍ਹਾਂ ਦਾ ਆਪਸੀ ਸੰਘਰਸ਼ ਆਖਰਕਾਰ ਸਮਾਜਵਾਦ ਨੂੰ ਜਨਮ ਦੇਵੇਗਾ। ਹੀਗਲ ਦੇ ਦਰਸ਼ਨ ਅਤੇ ਉਨੀਵੀਂ ਸਦੀ ਦੇ ਭੌਤਿਕ ਵਿਗਿਆਨ ਦੇ ਸੰਜੋਗ ਨਾਲ ਘੜਿਆ ਗਿਆ ਦਵੰਦਾਤਮਕ ਪਦਾਰਥਵਾਦ ਇਕ ਅਜਿਹਾ ਸਿਧਾਂਤ ਸੀ ਜੋ ਵਿਗਿਆਨਕ ਅਤੇ ਅਟੱਲ ਸਚਾਈ ਜਾਪਦਾ ਸੀ। ਪਰ ਵੀਹਵੀਂ ਸਦੀ ਵਿਚ ਵਿਕਸਤ ਨਵੇਂ ਵਿਗਿਆਨ ਅਤੇ ਖਾਸ ਤੌਰ 'ਤੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਹੋਈਆਂ ਲੱਭਤਾਂ ਨੇ ਸਥਿਤੀ ਬਿਲਕੁਲ ਬਦਲ ਦਿੱਤੀ ਹੈ। ਕੁਐਂਟਮ ਫਿਜ਼ਿਕਸ ਨੇ ਪਦਾਰਥ ਦੇ ਸੰਕਲਪ ਨੂੰ ਬਿਲਕੁਲ ਬਦਲ ਦਿੱਤਾ ਹੈ। ਪਦਾਰਥ ਨੂੰ ਜਦੋਂ ਐਟਮ ਦੀ ਪੱਧਰ ਤੋਂ ਅਗਾਂਹ ਜਾ ਕੇ ਇਲੈਕਟਰਾਨ (ਬਿਜਲਾਣੂ) ਦੀ ਪੱਧਰ 'ਤੇ ਵਾਚਿਆ ਜਾਂਦਾ ਹੈ ਤਾਂ ਇਹ ਵੇਖਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਬਿਜਲਾਣੂਆਂ ਨੂੰ ਕਣਾਂ ਦੇ ਰੂਪ ਵਿਚ ਵੇਖਦਾ ਹੈ ਜਾਂ ਲਹਿਰ ਦੇ ਰੂਪ ਵਿਚ। ਕਿਸੇ ਸੋਮੇ ਤੋਂ ਆ ਰਹੇ ਇਲੈਕਟਰਾਨਾਂ ਨੂੰ ਜਦੋਂ ਕਣ ਮਸ਼ੀਨਾਂ ਰਾਹੀਂ ਪਰਖਿਆ ਜਾਂਦਾ ਹੈ ਤਾਂ ਇਹ ਕਣਾਂ ਦੇ ਰੂਪ ਵਿਚ ਨਜ਼ਰ ਆਉਂਦੇ ਹਨ। ਪਰ ਜਦੋਂ ਇਨ੍ਹਾਂ ਨੂੰ ਲਹਿਰ ਮਸ਼ੀਨਾਂ 'ਤੇ ਪਰਖਿਆ ਜਾਂਦਾ ਹੈ ਤਾਂ ਇਹ ਲਹਿਰ ਦੇ ਰੂਪ ਵਿਚ ਦਿਖਾਈ ਦਿੰਦੇ ਹਨ। ਇਸ ਤੋਂ ਦੋ ਸਿੱਟੇ ਨਿਕਲਦੇ ਹਨ। ਪਹਿਲਾ ਇਹ ਕਿ ਜਿਵੇਂ ਪੁਰਾਣੇ ਵਿਗਿਆਨ ਵੇਲੇ ਸਮਝਿਆ ਜਾਂਦਾ ਸੀ ਕਿ ਸਚਾਈ ਨੂੰ ਬਾਹਰੋਂ ਖੜ੍ਹ ਕੇ ਦਰਸ਼ਕ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ, ਸਹੀ ਨਹੀਂ। ਕਿਉਂਕਿ ਨਵੇਂ ਭੌਤਿਕ ਵਿਗਿਆਨ ਅਨੁਸਾਰ ਇਹ ਵੇਖਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਸਚਾਈ ਨੂੰ ਕਣ ਦੇ ਰੂਪ ਵਿਚ ਵੇਖਦਾ ਹੈ ਜਾਂ ਲਹਿਰ ਦੇ ਰੂਪ ਵਿਚ। ਦੂਸਰਾ ਮਹੱਤਵਪੂਰਨ ਸਿੱਟਾ ਇਹ ਹੈ ਕਿ ਸਚਾਈ ਦਾ ਕੋਈ ਨਿਸ਼ਚਿਤ ਰੂਪ ਨਹੀਂ। ਇਸਦੇ ਅਨੰਤ ਰੂਪ ਹਨ। ਇਹ ਦੇਖਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਸਚਾਈ ਨੂੰ ਕਿਸ ਰੂਪ ਵਿਚ ਦੇਖਦਾ ਹੈ। ਉਸਨੂੰ ਉਹ ਉਸੇ ਰੂਪ ਵਿਚ ਦਿਖਾਈ ਦਿੰਦੀ ਹੈ ਅਤੇ ਵੇਖਣ ਵਾਲਾ ਵੀ ਉਸ ਸਚਾਈ ਦਾ ਹੀ ਹਿੱਸਾ ਹੈ। ਸਬ ਅਟਾਮਕ ਪਾਰਟੀਕਲਜ਼ ਦਾ ਇਹ ਇਕ ਅਦਭੁੱਤ ਗੁਣ ਹੈ ਜਿਸਨੂੰ ਭੌਤਿਕ ਵਿਗਿਆਨੀਆਂ ਨੇ ''ਕੰਪਲੀਮੈਂਟੈਲਿਟੀ'' ਦਾ ਨਾਂ ਦਿੱਤਾ ਹੈ। ਇਸ ਪਿੱਛੇ ਇਹ ਵਿਚਾਰ ਕੰਮ ਕਰਦਾ ਹੈ ਕਿ ਜ਼ਾਹਿਰਾ ਤੌਰ 'ਤੇ ਦਿਸਦੀਆਂ ਦੋ ਮੁਖਾਲਫ ਸ਼ਕਤੀਆਂ ਜਾਂ ਗੁਣ ਇਕੋ ਵਸਤੂ ਜਾਂ ਸਥਾਨ ਵਿਚ ਸਥਿਤ ਹੋ ਸਕਦੀਆਂ ਹਨ, ਜਿਵੇਂ ਕਿ ਇਲੈਕਟਰਾਨ ਵਿਚ ਹੁੰਦਾ ਹੈ। ਹਕੀਕਤ ਵਿਚ ਇਨ੍ਹਾਂ ਵਿਚ ਕੋਈ ਅੰਤਰ ਵਿਰੋਧ ਨਹੀਂ। ਇਹ ਗੁਣ ਇਕ ਦੂਜੇ ਦੇ ਪੂਰਕ ਹਨ ਨਾ ਕਿ ਇਕ ਦੂਜੇ ਨਾਲ ਭਿੜਨ ਅਤੇ ਇਕ ਦੂਜੇ ਨੂੰ ਸੰਘਰਸ਼ ਵਿਚ ਨਸ਼ਟ ਕਰਕੇ ਕਿਸੇ ਤੀਜੇ ਨੂੰ ਜਨਮ ਦੇਣ ਵਾਲੇ। ਇਹ ਮਨ ਦੀ ਪਦਾਰਥ ਉੱਤੇ ਬਰਤਰੀ ਦਾ ਵੀ ਪ੍ਰਮਾਣ ਹੈ ਅਤੇ ਇਕ ਤਰ੍ਹਾਂ ਨਾਲ ਹਰ ਪਦਾਰਥਵਾਦੀ ਫ਼ਲਸਫੇ ਲਈ ਵੱਡੀ ਵੰਗਾਰ।

ਕੁਐਂਟਮ ਭੌਤਿਕ ਵਿਗਿਆਨ ਨੇ ਉਨ੍ਹਾਂ ਲੇਖਕਾਂ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ ਜੋ ਇਕ ਸਿਧਾਂਤ ਨੂੰ ਯਥਾਰਥ ਸਵੀਕਾਰ ਕਰਕੇ, ਯਥਾਰਥ ਨੂੰ ਤਲਾਸ਼ਣ ਦੀ ਥਾਂ, ਆਪਣੀਆਂ ਰਚਨਾਵਾਂ ਉਸ ਦੇ ਆਸਰੇ ਰਚਣ ਵਿਚ ਰੁੱਝੇ ਹੋਏ ਸਨ। ਇਸੇ ਕਾਰਨ ਸਾਰੇ ਪ੍ਰਗਤੀਵਾਦੀ ਲੇਖਕਾਂ ਦੀਆਂ ਰਚਨਾਵਾਂ ਇਕ ਦੂਜੇ ਦੀ ਰਚਨਾ ਨਾਲ ਮਿਲਦੀਆਂ ਜੁਲਦੀਆਂ ਹੈ। ਨਵੇਂ ਮਾਹੌਲ ਵਿਚ ਹੁਣ ਫਾਰਮੂਲਾ ਸਾਹਿਤ ਕੋਈ ਕਾਟ ਨਹੀਂ ਕਰ ਸਕਦਾ। ਹੁਣ ਹਰ ਲੇਖਕ ਨੂੰ ਆਪਣੀ ਰਚਨਾ ਦਾ ਯਥਾਰਥ ਆਪ ਤਲਾਸ਼ ਕਰਨਾ ਪਵੇਗਾ।



ਅੱਜੋਕਾ ਯੁਗ ਸਿਧਾਂਤਾਂ ਦੇ ਅੰਤ ਦਾ ਯੁਗ ਹੈ। ਉਨ੍ਹੀਵੀਂ ਸਦੀ ਅਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਦੀਆਂ ਰਾਜਨੀਤੀ ਨਾਲ ਸੰਬੰਧਤ ਕੈਟੇਗਰੀਆਂ (ਪ੍ਰਵਰਗ) ਜਿਵੇਂ ਖੱਬੇ ਪੱਖੀ, ਸੱਜੇ ਪੱਖੀ, ਉਦਾਰਵਾਦੀ, ਸੋਸ਼ਲਿਸਟ, ਰਵਾਇਤ ਪ੍ਰਸਤ, ਕ੍ਰਾਂਤੀਕਾਰੀ ਹੁਣ ਲਗਪਗ ਅਪ੍ਰਸੰਗਕ ਹੋ ਗਈਆਂ ਹਨ। ਇਨ੍ਹਾਂ ਦਾ ਤਾਤਪਰਜ ਇਹ ਨਿਕਲਦਾ ਹੈ ਕਿ ਵਿਰੋਧੀ ਧਾਰਨਾਵਾਂ ਅਤੇ ਉਨ੍ਹਾਂ ਨੂੰ ਪ੍ਰਣਾਏ ਲੋਕਾਂ ਦਾ ਆਪਸ ਵਿਚ ਸੰਘਰਸ਼ ਅਟੱਲ ਹੈ। ਇਨ੍ਹਾਂ ਦਾ ਆਪਸ ਵਿਚ ਸਮਨਵੈ ਨਹੀਂ ਹੋ ਸਕਦਾ। ਇਕ ਨੇ ਦੂਜੇ ਨੂੰ ਨਸ਼ਟ ਕਰਕੇ ਹੀ ਅੱਗੇ ਵਧਣਾ ਹੈ। ਦੂਸਰਾ ਕੋਈ ਰਸਤਾ ਹੀ ਨਹੀਂ ਹੈ। ਪਰ ਇਤਿਹਾਸ ਨੇ ਇਸ ਧਾਰਨਾ ਨੂੰ ਗਲਤ ਸਿੱਧ ਕਰ ਦਿੱਤਾ ਹੈ। ਸਿਧਾਂਤਕ ਵਾਦ ਵਿਵਾਦ ਆਹਿਸਤਾ ਆਹਿਸਤਾ ਮੱਧਮ ਪੈਂਦੇ ਜਾ ਰਹੇ ਹਨ। ਮਿਟਦੇ ਜਾ ਰਹੇ ਹਨ। ਇਤਿਹਾਸਕ ਵਰਤਾਰੇ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਵਿਰੋਧੀ ਵਿਚਾਰ ਅਤੇ ਉਨ੍ਹਾਂ ਵਿਚੋਂ ਉਠੀਆਂ ਮੰਗਾਂ ਨੂੰ ਦੋਨਾਂ ਧਿਰਾਂ ਦੀ ਸਦਭਾਵਨਾ ਨਾਲ ਬਿਨਾਂ ਕਿਸੇ ਖ਼ੂਨ ਖਰਾਬੇ ਦੇ ਜਾਂ ਬਹੁਤ ਵੱਡੀ ਉਥਲ-ਪੁਥਲ ਦੇ ਸੁਲਝਾਇਆ ਜਾ ਸਕਦਾ ਹੈ। ਕ੍ਰਾਂਤੀ ਰਾਹੀਂ ਆਰਥਿਕ-ਸਮਾਜਕ ਪਰਿਵਰਤਨ ਦੀਆਂ ਜੋ ਆਸਾਂ, ਉਮੀਦਾਂ ਸਨ, ਉਹ ਮਾਂਦ ਪੈ ਗਈਆਂ ਹਨ। ਕ੍ਰਾਂਤੀਕਾਰੀ ਸਿਆਸੀ ਪਾਰਟੀਆਂ ਵੀ ਪਾਰਲੀਮਾਨੀ ਲੋਕ-ਤੰਤਰ ਦੇ ਰਾਹ ਤੁਰ ਪਈਆਂ ਹਨ ਅਤੇ ਰਾਜ ਸੰਘਾਸਨ ਸੰਭਾਲਣ ਤੋਂ ਬਾਅਦ ਵੀ ਕ੍ਰਾਂਤੀ ਨਹੀਂ ਲਿਆ ਸਕੀਆਂ। ਤਜਰਬੇ ਨੇ ਇਹ ਵੀ ਸਿਖਾ ਦਿੱਤਾ ਹੈ ਕਿ ਇਨਕਲਾਬ ਨਾਲ ਦਹਿਸ਼ਤਗਰਦੀ ਅਤੇ ਤਾਨਾਸ਼ਾਹੀ ਵਧਦੀ ਹੈ। ਸਮਾਜਕ-ਆਰਥਿਕ ਤਬਦੀਲੀ ਲਈ ਯੋਜਨਾ ਬੱਧ ਢੰਗ ਨਾਲ ਲੰਬੇ ਅਰਸੇ ਲਈ ਯਤਨਾਂ ਦੀ ਲੋੜ ਹੈ। ਪ੍ਰਗਤੀਵਾਦੀ ਲੇਖਕਾਂ ਨੇ ਅੱਜ ਤਕ ਆਪਣਾ ਸਾਰਾ ਧਿਆਨ ਇਨਕਲਾਬ ਲਈ ਜ਼ਰਖੇਜ਼ ਜ਼ਮੀਨ ਤਿਆਰ ਕਰਨ ਲਈ ਲਾਇਆ ਹੋਇਆ ਸੀ। ਉਨ੍ਹਾਂ ਦੀ ਹਰ ਰਚਨਾ ਦਾ ਟੀਚਾ ਇਨਕਲਾਬ ਸੀ। ਹੁਣ ਬਦਲੇ ਹੋਏ ਹਾਲਾਤ ਉਨ੍ਹਾਂ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰ ਰਹੇ ਹਨ।

ਯੂਰਪ ਅਤੇ ਅਮਰੀਕਾ ਵਿਚ ਸੋਸ਼ਲਿਸਟ ਚਿੰਤਕ ਅਤੇ ਸਿਆਸੀ ਕਾਰਕੁਨ ਹੁਣ ਸੋਸ਼ਲਿਸਟ ਇਨਕਲਾਬ ਦੀ ਥਾਂ ਭਿੰਨ ਭਿੰਨ ਰੈਡੀਕਲ ਲਹਿਰਾਂ ਵਲ ਰੁਚਿਤ ਹੋ ਗਏ ਹਨ। ਜਿਵੇਂ ਕਿ ਵਾਤਾਵਰਨ ਦੇ ਪ੍ਰਦੂਸ਼ਨ ਦੀ ਸਮੱਸਿਆ, ਨਸਲੀ ਵਿਤਕਰੇ ਦੀ ਸਮੱਸਿਆ, ਜੰਗ ਦਾ ਵਿਰੋਧ, ਨਾਰੀ ਦੇ ਹੱਕਾਂ ਦੀ ਰਾਖੀ ਆਦਿ। ਸਾਡੇ ਬਹੁਤੇ ਪ੍ਰਗਤੀਵਾਦੀ ਲੇਖਕਾਂ ਨੇ ਜਦੋਂ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਿੱਖ ਵਿਰੋਧੀ ਦੰਗੇ ਹੋਏ ਤਾਂ ਮਜ਼ਲੂਮਾਂ ਦੇ ਹੱਕ ਵਿਚ ਖਲੋਣ ਤੋਂ ਇਸ ਲਈ ਕੰਨੀ ਕਤਰਾ ਲਈ ਕਿ ਕਿਤੇ ਉਨ੍ਹਾਂ ਨੂੰ ਫਿਰਕਾਪ੍ਰਸਤ ਨਾ ਗਰਦਾਨ ਦਿੱਤਾ ਜਾਵੇ। ਦਲਿਤਾਂ ਅਤੇ ਘੱਟ ਗਿਣਤੀ ਕੌਮਾਂ ਨਾਲ ਹੁੰਦੀ ਧੱਕੇਸ਼ਾਹੀ ਵੱਲ ਉਨ੍ਹਾਂ ਦਾ ਧਿਆਨ ਕਦੇ ਕਦਾਈ ਹੀ ਗਿਆ। ਸਿਧਾਂਤਾਂ ਦੇ ਯੁਗ ਦਾ ਅੰਤ ਹੁਣ ਲੇਖਕਾਂ ਦਾ ਧਿਆਨ ਇਨ੍ਹਾਂ ਸਮੱਸਿਆਵਾਂ ਵੱਲ ਮੋੜੇਗਾ।

ਸੂਚਨਾ ਸਮਾਜ ਅਤੇ ਗਿਆਨ ਯੁਗ ਦੇ ਹੋਂਦ ਵਿਚ ਆ ਜਾਣ ਨਾਲ ਚਿੰਤਨ ਦੇ ਨਵੇਂ ਦਿਸਹੱਦੇ ਪੈਦਾ ਹੋ ਗਏ ਹਨ। ਦੇਸ਼ਕਾਲ ਦੇ ਹੱਦਾਂ ਬੰਨੇ ਮਿਟ ਰਹੇ ਹਨ। ਨਵੀਂ ਤਕਨਾਲੋਜੀ ਵਿਚ ਉਤਪਾਦਨ ਦਾ ਧੁਰਾ ਵਿਅਕਤੀ ਦੀ ਪਹਿਲਕਦਮੀ 'ਤੇ ਆਧਾਰਤ ਹੈ। ਇਸ ਵਿਚ ਤਜਰਬੇ ਨਾਲੋਂ ਨਵੀਂ ਘਾੜਤ ਦੀ ਮਹਾਨਤਾ ਹੈ। ਇਸ ਨੇ ਵਿਅਕਤੀ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ ਹੈ। ਅੱਜੋਕੇ ਯੁਗ ਵਿਚ ਵਿਅਕਤੀ ਦੀ ਉਨੀ ਹੀ ਮਹੱਤਤਾ ਹੈ ਜਿੰਨੀ ਸਮਾਜ ਦੀ। ਸਮਾਜ ਲਈ ਵਿਅਕਤੀ ਦੇ ਹਿੱਤਾਂ ਨੂੰ ਕੁਰਬਾਨ ਕਰ ਦੇਣ ਦਾ ਯੁਗ ਸਮਾਪਤ ਹੋ ਰਿਹਾ ਹੈ। ਨਵੀਂ ਤਕਨਾਲੋਜੀ ਦੇ ਵਿਕਸਤ ਹੋਣ ਨਾਲ ਪੱਛਮ ਦੇ ਲੇਖਕਾਂ ਨੇ ਨਵੇਂ ਵਿਸ਼ੇ ਚੁਣੇ ਹਨ ਜਿਨ੍ਹਾਂ ਵਿਚ ਇਸ ਨਵੇਂ ਯੁਗ ਦੀਆਂ ਸਮੱਸਿਆਵਾਂ ਦੀ ਝਲਕ ਮਿਲਦੀ ਹੈ। ਨਵੀਂ ਕਿਸਮ ਦੀ ਫਿਕਸ਼ਨ ਨੇ ਜਨਮ ਲਿਆ ਹੈ ਜਿਸ ਨੂੰ ''ਸਾਈਬਰ ਪੰਕ'' ਕਹਿੰਦੇ ਹਨ। ਆਸ ਹੈ ਕਿ ਸਾਡੇ ਪ੍ਰਗਤੀਵਾਦੀ ਲੇਖਕ ਵੀ ਪੁਰਾਣੀਆਂ ਧਾਰਨਾਵਾਂ ਨੂੰ ਛੱਡ ਕੇ ਨਵੇਂ ਯੁਗ ਦਾ ਸਵਾਗਤ ਕਰਨਗੇ ਅਤੇ ਆਪਣੇ ਲੋਕਾਂ ਨੂੰ ''ਸਾਈਬਰ ਸਪੇਸ'' ਵਿਚ ਯੋਗ ਥਾਂ ਦਿਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੋਣਗੇ। ○○

[1739, ਫੇਜ਼ 3ਬੀ-2, ਮੁਹਾਲੀ - 160 059]

# 'ਹੁਣ ਤੋਂ ਪਹਿਲਾਂ' ਦਾ ਕਵੀ - ਦੇਵ

**ਰਘਬੀਰ ਸਿੰਘ**

ਹੁਣ ਦੇਵ ਨੂੰ ਕਿਸੇ ਤਰ੍ਹਾਂ ਦੇ ਪਰਿਚਯ ਦੀ ਉੱਕਾ ਹੀ ਲੋੜ ਨਹੀਂ। ਇਕ ਚਿੱਤਰਕਾਰ ਵਜੋਂ ਉਹ ਅੰਤਰਰਾਸ਼ਟਰੀ ਪੱਧਰ ਉਤੇ ਵਿਚਰਦਾ ਹੈ ਅਤੇ ਇਕ ਕਵੀ ਵਜੋਂ ਜਿਥੋਂ ਤਕ ਵੀ ਪੰਜਾਬੀ ਸਾਹਿਤ ਦਾ ਜਗਤ ਫੈਲਿਆ ਹੋਇਆ ਹੈ, ਉਥੋਂ ਤਕ ਉਸ ਦੇ ਨਾਂ ਦੀ ਰਸਾਈ ਹੈ। ਦੋਹਾਂ ਹੀ ਖੇਤਰਾਂ ਵਿਚ ਉਹ ਇਕ ਅਜਿਹਾ ਨਿਵੇਕਲਾ ਹਸਤਾਖ਼ਰ ਹੈ ਕਿ ਕਲਾਕਾਰਾਂ ਤੇ ਲੇਖਕਾਂ ਦੀ ਵੱਡੀ ਭੀੜ ਵਿਚੋਂ ਵੀ ਆਪਣੀ ਵਿਲੱਖਣ ਸ਼ੈਲੀ ਤੇ ਮੁਹਾਵਰੇ ਕਰਕੇ ਉਹ ਵੱਖਰਾ ਪਛਾਣਿਆ ਜਾਂਦਾ ਹੈ। ਹੁਣ ਤੋਂ ਲਗਪਗ ਸਾਢੇ ਤਿੰਨ ਦਹਾਕੇ ਪਹਿਲਾਂ, ਜਦੋਂ ਉਹ ਕਲਾ ਤੇ ਸਾਹਿਤ ਦੇ ਜਗਤ ਵਿਚ ਪ੍ਰਵੇਸ਼ ਕਰ ਰਿਹਾ ਸੀ ਉਦੋਂ, ਉਸ ਨੂੰ ਪਰਿਚਯ ਦੀ ਲੋੜ ਹੋ ਸਕਦੀ ਸੀ। ਉਦੋਂ ਸੱਚ-ਮੁੱਚ ਹੀ ਸਾਡੇ ਜਾਣੇ-ਪਛਾਣੇ ਲੇਖਕ ਸੁਖਬੀਰ ਨੇ ਅਸਲੋਂ ਨਿਵੇਕਲੀ ਸ਼ੈਲੀ ਵਾਲੇ ਇਕ ਨਵੇਂ ਉਭਰਦੇ ਕਵੀ ਵਜੋਂ ਉਸ ਦਾ ਪਰਿਚਯ 'ਸਿਰਜਣਾ' ਦੇ ਸੰਪਾਦਕ ਦੀ ਹੈਸੀਅਤ ਵਿਚ ਮੇਰੇ ਨਾਲ ਕਰਵਾਇਆ ਸੀ ਅਤੇ ਉਸ ਦੀਆਂ ਕਵਿਤਾਵਾਂ 'ਸਿਰਜਣਾ' ਵਿਚ ਛਾਪਣ ਦੀ ਸਿਫਾਰਸ਼ ਕੀਤੀ ਸੀ। ਦਿੱਲੀ ਵਿਚ ਥੋੜ੍ਹਾ ਸਮਾਂ 'ਨੈਸ਼ਨਲ ਸਕੂਲ ਆਫ ਡਰਾਮਾ' ਦਾ ਵਿਦਿਆਰਥੀ ਰਹਿਣ ਪਿਛੋਂ ਦੇਵ ਉਦੋਂ ਮੁੰਬਈ ਪਹੁੰਚਿਆ ਹੋਇਆ ਸੀ। ਜੱਦੀ-ਪੁਸ਼ਤੀ ਤੌਰ 'ਤੇ ਉਹ ਜਗਰਾਵਾਂ ਦਾ ਹੋਣ ਕਰਕੇ ਇਕ ਤਰ੍ਹਾਂ ਨਾਲ ਮੇਰਾ ਗਰਾਈਂ ਵੀ ਹੈ, ਇਸ ਤੱਥ ਦਾ ਕੁਝ ਦੇਰ ਪਿਛੋਂ ਜਾ ਕੇ ਪਤਾ ਲੱਗਾ, ਜਦੋਂ ਉਹ ਮੁੰਬਈ ਛੱਡ ਕੇ ਜਗਰਾਉਂ ਪਰਤ ਆਇਆ। ਪਹਿਲੀਆਂ ਮੁਲਾਕਾਤਾਂ ਵਿਚ ਹੀ ਪਤਾ ਲਗ ਗਿਆ ਕਿ ਵਰਤੋਂ-ਵਿਹਾਰ ਵਿਚ ਆਪਣੀ ਹੀ ਤਰ੍ਹਾਂ ਦਾ ਸਲੀਕਾ ਰਖਦਾ ਹੋਇਆ ਦੇਵ ਇਕ ਵਿਅਕਤੀ ਵਜੋਂ ਵੀ ਉੱਨਾ ਹੀ ਨਿਵੇਕਲਾ ਸੀ ਜਿੰਨੀ ਨਿਵੇਕਲੀ ਉਸ ਦੀ ਕਾਵਿ-ਰਚਨਾ। ਅਜੇ ਉਸ ਨੇ ਬਾਕਾਇਦਾ ਤੌਰ 'ਤੇ ਚਿੱਤਰਕਾਰੀ ਦੇ ਖੇਤਰ ਵਿਚ ਪ੍ਰਵੇਸ਼ ਨਹੀਂ ਸੀ ਕੀਤਾ। ਹਾਂ, ਉਸ ਕੋਲ ਜੋ ਕਾਪੀਆਂ, ਡਾਇਰੀਆਂ ਤੇ ਰਜਿਸਟਰ ਸਨ, ਉਹ ਆਧੁਨਿਕ ਚਿੱਤਰਕਲਾ ਨਾਲ ਮੇਲ ਖਾਂਦੀਆਂ ਲਕੀਰਾਂ ਨਾਲ ਵੀ ਉਵੇਂ ਹੀ ਭਰੇ ਹੋਏ ਸਨ ਜਿਵੇਂ ਉਸ ਦੀਆਂ ਕਾਵਿ-ਰਚਨਾਵਾਂ ਨਾਲ। ਉਸ ਨੂੰ ਮਿਲਣ ਵਾਲੇ ਕਿਸੇ ਮੇਰੇ ਵਰਗੇ ਨੂੰ ਬਹੁਤ ਸਹਿਜ ਤੇ ਧੀਮੇ ਬੋਲਾਂ ਨਾਲ ਉਸ ਦੇ ਮੂੰਹੋਂ ਅਸਲੋਂ ਨਿਵੇਕਲੀ ਸ਼ੈਲੀ ਤੇ ਮੁਹਾਵਰੇ ਵਾਲੀ ਕਵਿਤਾ ਸੁਣਨ ਦਾ ਜੇ ਮੌਕਾ ਮਿਲਦਾ ਸੀ ਤਾਂ ਕਾਪੀਆਂ, ਰਜਿਸਟਰਾਂ ਤੇ ਡਾਇਰੀਆਂ ਦੀ ਉਸ ਦੀ ਉਸ ਵੇਲੇ ਦੀ ਪੂੰਜੀ ਨੂੰ ਤੱਕਦਿਆਂ ਆਧੁਨਿਕ ਸ਼ੈਲੀ ਵਿਚ ਚਿੱਤਰਕਾਰੀ ਕਰ ਸਕਣ ਦੀ ਉਸ ਦੀ ਸਮਰੱਥਾ ਤੇ ਸੰਭਾਵਨਾ ਨਾਲ ਵੀ ਪਰਿਚਯ ਹੋ ਜਾਂਦਾ ਸੀ, ਜੋ ਥੋੜ੍ਹਾ ਸਮਾਂ ਮਗਰੋਂ ਜਾ ਕੇ ਕੈਨਵਸ ਉਤੇ ਉਤਰਨੀ ਸ਼ੁਰੂ ਹੋਣੀ ਸੀ।

ਤਿੰਨਾਂ ਦਹਾਕਿਆਂ ਤੋਂ ਵੱਧ ਦੇ ਸਮੇਂ ਦੌਰਾਨ ਦੇਵ ਨੇ ਇਕ ਲੰਮਾ ਪੰਧ ਤੈਅ ਕੀਤਾ ਹੈ, ਵਿਅਕਤੀ ਪੱਧਰ ਉਤੇ ਵੀ ਅਤੇ ਸਿਰਜਣਾ ਦੀ ਪੱਧਰ ਉਤੇ ਵੀ। ਇਸ ਸਮੇਂ ਦੌਰਾਨ ਉਸ ਨੇ ਜਗਰਾਉਂ, ਲੁਧਿਆਣਾ ਤੇ ਦਿੱਲੀ ਵਿਚ ਆਵਾਸ ਕਰਨ ਉਪਰੰਤ ਪਹਿਲਾਂ ਅਫਰੀਕਾ ਵਿਚ ਕੀਨੀਆ ਅਤੇ ਫਿਰ ਯੂਰਪ ਦੀ ਧੁੰਨੀ ਸਵਿਟਜ਼ਰਲੈਂਡ ਵਿਚ ਜਾ ਪਰਵਾਸ ਕੀਤਾ ਹੈ। ਦੋਸਤੀਆਂ ਪਾਈਆਂ ਹਨ, ਰਿਸ਼ਤੇ ਹੰਢਾਏ ਹਨ, ਘਰ ਵਸਾਏ ਹਨ ਅਤੇ ਫਿਰ ਉਨ੍ਹਾਂ ਨੂੰ ਅਲਵਿਦਾ ਵੀ ਆਖੀ ਹੈ। ਆਧੁਨਿਕ ਐਬਸਟ੍ਰੈਕਟ ਚਿੱਤਰਕਲਾ ਦੇ ਸੰਸਾਰ ਵਿਚ ਪੈਰ ਜਮਾਉਂਦਿਆਂ ਹੋਇਆਂ ਸਵਿਟਜਰਲੈਂਡ, ਫ਼ਰਾਂਸ ਤੇ ਸਪੇਨ ਵਿਚ ਆਪਣੇ ਸਟੂਡੀਉ ਸਥਾਪਤ ਕੀਤੇ ਹਨ ਅਤੇ ਇਨ੍ਹਾਂ ਦੇਸ਼ਾਂ ਤੋਂ ਬਿਨਾਂ ਅਮਰੀਕਾ, ਜਰਮਨੀ, ਸਵੀਡਨ ਆਦਿ ਵਿਚ ਚਿੱਤਰਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ ਹਨ। ਸੈਂਕੜਿਆਂ ਦੀ ਗਿਣਤੀ ਵਿਚ ਕਵਿਤਾਵਾਂ ਰਚੀਆਂ ਹਨ ਅਤੇ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਵਾਏ ਹਨ।

ਜੋ ਗੱਲ ਸਰਸਰੀ ਤੌਰ 'ਤੇ ਵੇਖਿਆਂ ਹੀ ਸਾਢੇ ਤਿੰਨ ਦਹਾਕੇ ਪਹਿਲਾਂ ਵੀ ਪ੍ਰਗਟ ਹੋ ਜਾਂਦੀ ਸੀ



ਅਤੇ ਅੱਜ ਵੀ ਹੁੰਦੀ ਹੈ, ਉਹ ਹੈ ਦੇਵ ਦੀ ਅਸਾਧਾਰਨਤਾ ਅਤੇ ਸੁਹਜ ਨਾਲ ਉਸ ਦਾ ਲਗਾਉ। ਹਰ ਤਰ੍ਹਾਂ ਨਾਲ ਸੁਹਜਵਾਦੀ, ਉਸ ਦੀ ਕੋਈ ਵੀ ਗੱਲ ਆਮ ਵਰਗੀ ਨਹੀਂ- ਨਾ ਉਹਦਾ ਵਿਅਕਤੀਤਵ, ਨਾ ਉਹਦੀ ਸਿਰਜਣਾਤਮਕਤਾ। ਉਹ ਖ਼ੂਬਸੂਰਤ ਜ਼ਿੰਦਗੀ ਦਾ ਆਸ਼ਿਕ ਹੈ, ਆਪਣੇ ਲਈ ਵੀ ਅਤੇ ਸਮੂਹਕ ਰੂਪ ਵਿਚ ਵੀ। ਐਪਰ ਆਪਣੀ ਇਸ ਰੀਝ ਦੀ ਪੂਰਤੀ ਲਈ ਉਹ ਆਮ ਜਿਹੇ ਰਾਹ ਦਾ ਪਾਂਧੀ ਨਹੀਂ ਬਣਦਾ ਸਗੋਂ ਆਪਣੇ ਲਈ ਬਹੁਤ ਨਿਵੇਕਲਾ ਮਾਰਗ ਢੂੰਡਦਾ ਹੈ। ਉਸ ਦਾ ਇਹ ਮਾਰਗ ਆਮ ਆਦਮੀ ਲਈ ਅਕਸਰ ਹੈਰਾਨ ਕਰਨ ਵਾਲਾ ਹੈ ਅਤੇ ਕਈ ਹਾਲਤਾਂ ਵਿਚ ਪਰੇਸ਼ਾਨ ਕਰਨ ਵਾਲਾ ਵੀ। ਓਪਰੀ ਨਜ਼ਰੇ ਇਹ ਭੁਲੇਖਾ ਲੱਗ ਸਕਦਾ ਹੈ ਕਿ ਉਹ ਜਿਵੇਂ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਤੇ ਵਿਸੰਗਤੀਆਂ ਦਾ ਸ਼ਿਕਾਰ ਹੋਵੇ। ਪਰ ਉਸ ਨੂੰ ਠੀਕ ਤਰ੍ਹਾਂ ਜਾਨਣ-ਸਮਝਣ ਲਈ ਓਪਰੀ ਨਜ਼ਰ ਨਾਲ ਵੇਖਿਆਂ ਨਹੀਂ ਸਰਦਾ। ਵਿਅਕਤੀ ਵਜੋਂ ਵੀ ਤੇ ਸਿਰਜਕ ਵਜੋਂ ਵੀ ਉਸ ਦੀ ਥਾਹ ਪਾਉਣ ਵਾਸਤੇ ਸਾਧਾਰਨ ਨਾਲੋਂ ਬਹੁਤ ਉਚੇਰੀ ਤੇ ਡੂੰਘੀ ਨੀਝ ਦੀ ਲੋੜ ਪੈਂਦੀ ਹੈ। ਡੂੰਘੀ ਨੀਝ ਨਾਲ ਵੇਖਿਆਂ ਹੀ ਦੇਵ ਦੀ ਸ਼ਖ਼ਸੀਅਤ ਦੀ ਅਤੇ ਉਸ ਦੀ ਕਲਾਤਮਕ ਪ੍ਰਤਿਭਾ ਦੀ ਪਛਾਣ ਹੋ ਸਕਦੀ ਹੈ। ਅਜਿਹੀ ਪਛਾਣ ਹੋ ਜਾਣ 'ਤੇ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਸਤਹੀ ਪੱਧਰ ਉਤੇ ਦਿਸਦੀਆਂ ਵਿਸੰਗਤੀਆਂ ਦੇ ਹੇਠਾਂ ਵਾਸਤਵ ਵਿਚ ਇਕ ਬਹੁਤ ਹੀ ਸੰਤੁਲਤ ਸ਼ਖ਼ਸੀਅਤ ਮੌਜੂਦ ਹੈ ਜੋ ਆਪਣੀ ਕਰਤਾਰੀ ਪ੍ਰਤਿਭਾ ਵਿਚ ਅਨੇਕਾਂ ਤੂਫਾਨਾਂ ਅਤੇ ਜਵਾਰਭਾਟਿਆਂ 'ਚੋਂ ਗੁਜ਼ਰਦੀ ਹੋਈ ਅੰਤਮ ਰੂਪ ਵਿਚ ਬਹੁਤ ਸਹਿਜ ਹੈ।

'ਹੁਣ ਤੋਂ ਪਹਿਲਾਂ' ਦੇਵ ਦੀ ਹੁਣ ਤਕ ਦੀ ਕਾਵਿ-ਯਾਤਰਾ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ। ਇਸ ਵਿਚ ਉਸ ਦੀਆਂ ਹੁਣ ਤਕ ਪ੍ਰਕਾਸ਼ਤ ਪੰਜ ਕਾਵਿ ਪੁਸਤਕਾਂ- 'ਵਿਦਰੋਹ', 'ਦੂਸਰੇ ਕਿਨਾਰੇ ਦੀ ਤਲਾਸ਼', 'ਮਤਾਬੀ ਮਿੱਟੀ', 'ਪ੍ਰਸ਼ਨ ਤੇ ਪਰਵਾਜ਼' ਅਤੇ 'ਸ਼ਬਦਾਂਤ' ਵਿਚਲੀਆਂ ਸਾਰੀਆਂ ਕਵਿਤਾਵਾਂ ਤੋਂ ਬਿਨਾਂ ਮਗਰੋਂ ਰਚੀਆਂ ਗਈਆਂ ਸਭ ਫੁਟਕਲ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਮੁੱਚੀ ਕਾਵਿ-ਰਚਨਾ ਤੋਂ ਇਹ ਤਾਂ ਪਤਾ ਲਗਦਾ ਹੈ ਕਿ ਬਦਲਦੇ ਯਥਾਰਥ ਅਤੇ ਅਨੁਭਵ ਦੇ ਵਿਸਤਾਰ ਨਾਲ ਦੇਵ ਦੀ ਰਚਨਾ ਦੀ ਵਸਤੂ-ਸਮੱਗਰੀ ਅਤੇ ਦ੍ਰਿਸ਼ਟੀ ਵਿਚ ਕੁਝ ਤਬਦੀਲੀ ਆਉਂਦੀ ਰਹੀ ਹੈ ਪਰ ਆਪਣੇ ਸਮੁੱਚੇ ਚਰਿੱਤਰ ਵਿਚ ਦੇਵ ਦੀ ਕਵਿਤਾ ਵਿਭਿੰਨ ਪੜਾਵਾਂ ਵਿਚੋਂ ਲੰਘਦੀ ਹੋਈ ਉਸੇ ਤਰ੍ਹਾਂ ਦੀ ਹੀ ਰਹਿੰਦੀ ਹੈ ਜਿਵੇਂ ਇਹ ਸ਼ੁਰੂ ਵਿਚ ਸੀ - ਸੁਰ ਵਿਚ ਵਿਦਰੋਹੀ ਅਤੇ ਦਿੱਖ ਵਿਚ ਬਿਲਕੁਲ ਨਿਵੇਕਲੀ ਤੇ ਨਿਆਰੀ। ਇਸ ਵਿਚ ਸੁਹਜ ਹੈ, ਵਿਚਾਰਾਂ ਦੀ ਮੌਲਿਕਤਾ ਹੈ ਅਤੇ ਕਾਵਿ-ਮੁਹਾਵਰੇ ਦੀ ਅਜਿਹੀ ਆਕਰਸ਼ਕ ਨਵੀਨਤਾ ਹੈ ਕਿ ਕਾਵਿ-ਪੰਕਤੀਆਂ ਸ਼ੇਖ਼ ਸਾਅਦੀ ਦੇ ਸੂਤਕ ਬੋਲਾਂ ਵਰਗਾ ਚਿਰਕਾਲੀ ਪ੍ਰਭਾਵ ਸਿਰਜ ਜਾਂਦੀਆਂ ਹਨ :

*ਪੈਰਾਂ ਨੂੰ ਬਣਾਉ ਦੀਵੇ*
*ਲੰਘ ਜਾਉ ਰਾਤਾਂ*

*ਦੀਵਿਆਂ ਦਾ ਵਿਸ਼ਵਾਸ ਨਾ ਕਰਨਾ*
*ਆਪਣੀ ਮਿੱਟੀ ਜਗਦੀ ਰਹੇ*
*ਇਹੀ ਬਹੁਤ ਹੈ*

*ਜਾਹ ਮੇਰੇ ਦੁਸ਼ਮਣ*
*ਤੇਰੇ ਹਨੇਰਿਆਂ ਅੰਦਰ ਵੀ ਦੀਵਾ ਜਗੇ*

*ਜੋ ਉੱਡ ਸਕਦਾ ਏ*
*ਉਸ ਦਾ ਘਰੌਂਦਾ ਕਿਸੇ ਵੀ ਬਿਰਖ ਦੀ*

ਪਾਤਸ਼ਾਹੀ ਹੋ ਸਕਦੈ
ਅਮੀਰ ਹੋਣ ਲਈ ਅਸੀਂ ਸਾਰੀ ਉਮਰ
'ਗਰੀਬੀ' 'ਚ ਬਿਤਾ ਦਿੰਦੇ ਹਾਂ

ਝੂਠ ਬੋਲਣ ਲਈ, ਸੱਚਾ ਸੁੱਚਾ ਲਗਣਾ ਪੈਂਦੈ
ਸੱਚ ਬੋਲਣ ਲਈ ਨਿਰਾ ਫੁੱਲ ਵਰਗਾ

ਸੂਰਜ ਪੂਰਬ 'ਚੋਂ ਚੜ੍ਹਦੈ : ਠੀਕ ਹੈ
ਸਾਰੀ ਰੌਸ਼ਨੀ ਚੜ੍ਹਦੇ ਪਾਸਿਉਂ ਹੀ ਆਵੇ
ਇਹ ਜ਼ਰੂਰੀ ਨਹੀਂ

ਉੱਡਣਾ, ਡਿੱਗਣਾ ਤੇ ਪਿਘਲ ਜਾਣਾ
ਇਹੀ ਤਾਂ ਹੈ ਪਰਵਾਜ਼ ਦੀ ਵਿਆਕਰਣ

ਬੋਲਣ ਤੋਂ ਪਹਿਲਾਂ ਚੁੱਪ ਨੂੰ ਕਵਿਤਾ ਬਣਨ ਦਿਉ
ਕਵਿਤਾ ਬਣਨ ਤੋਂ ਪਹਿਲਾਂ
ਚੁੱਪ ਨੂੰ ਬੋਲਣ ਦਿਉ

ਦੇਵ ਸਹੀ ਅਰਥਾਂ ਵਿਚ ਦ੍ਰਿਸ਼ਟੀ ਅਤੇ ਸ਼ੈਲੀ ਦੋਹਾਂ ਹੀ ਪੱਖਾਂ ਤੋਂ ਆਧੁਨਿਕ ਹੈ। ਪਰ ਉਸ ਦੇਵ ਦੀ ਆਧੁਨਿਕਤਾ ਮਾਨਵਵਾਦੀ ਪ੍ਰਗਤੀਵਾਦੀ ਸਰੋਕਾਰਾਂ ਤੋਂ ਵਿਛੁੰਨੀ ਹੋਈ ਬਿਲਕੁਲ ਨਹੀਂ। ਦੇਵ ਦੀ ਸ਼ਖਸੀਅਤ ਅਤੇ ਸਿਰਜਣਾਤਕਤਾ ਦੇ ਇਸੇ ਗੁਣ ਨੇ ਮੈਨੂੰ ਹਮੇਸ਼ਾ ਟੁੰਬਿਆ ਹੈ। ਉਸ ਬਾਰੇ ਹੁਣ ਤਕ ਅਨੇਕਾਂ ਹੀ ਲੇਖਕਾਂ ਤੇ ਵਿਦਵਾਨਾਂ ਨੇ ਟਿੱਪਣੀਆਂ ਕੀਤੀਆਂ ਹਨ। ਉਸ ਦੀ ਸ਼ਖਸੀਅਤ ਬਾਰੇ ਤੇ ਉਸ ਦੀ ਕਲਾ ਬਾਰੇ, ਬਹੁਤ ਹਾਲਤਾਂ ਵਿਚ ਸਮਝ ਕੇ ਅਤੇ ਕਈ ਹਾਲਤਾਂ ਵਿਚ ਬਿਨਾਂ ਸਮਝੇ ਵੀ, ਮੁਲੰਕਣੀ ਰਾਵਾਂ ਦਿੱਤੀਆਂ ਹਨ। ਸਭ ਨੇ ਉਸ ਦੇ ਨਿਵੇਕਲੇਪਣ ਤੇ ਉਸ ਦੀ ਵਿਲੱਖਣਤਾ ਨੂੰ ਇਕ ਜ਼ੁਬਾਨ ਹੋ ਕੇ ਪ੍ਰਵਾਨ ਕੀਤਾ ਹੈ। ਵਧੇਰੇ ਬਲ ਅਕਸਰ ਇਸ ਗੱਲ ਉਤੇ ਦਿੱਤਾ ਗਿਆ ਹੈ ਕਿ ਦੇਵ ਇਕ ਅਜਿਹਾ ਕਵੀ ਅਤੇ ਚਿੱਤਰਕਾਰ ਹੈ ਜਿਸ ਦੀ ਜੁਗਤ ਵੱਖਰੀ ਹੈ। ਨਿਰਸੰਦੇਹ ਇਹ ਗੱਲ ਹੈ ਵੀ ਦਿਨ ਦੇ ਚਾਨਣ ਵਾਂਗੂੰ ਪ੍ਰਤੱਖ ਅਤੇ ਸੱਚ। ਪਰ ਮੈਨੂੰ ਦੇਵ ਦੇ ਮਿੱਤਰ ਅਤੇ ਪ੍ਰਬੁੱਧ ਚਿੰਤਕ-ਆਲੋਚਕ ਡਾ. ਸਾਧੂ ਸਿੰਘ ਦੀ ਇਹ ਰਾਇ ਵਧੇਰੇ ਅਪੀਲ ਕਰਦੀ ਹੈ ਕਿ ਦੇਵ ਲਈ ਉਸ ਦੀ ਰਚਨਾ, ਕਵਿਤਾ ਅਤੇ ਚਿੱਤਰਕਾਰੀ, ਜੀਣ-ਥੀਣ ਦਾ ਹੀ ਇਕ ਮਾਧਿਅਮ ਹੈ। ਉਸ ਦਾ ਆਪਣਾ ਕਹਿਣਾ ਹੈ ਕਿ ਉਹ 'ਭਟਕਦੀ ਪੌਣ ਤੋਂ ਸਿਵਾ ਕੁਝ ਨਹੀਂ' ਅਤੇ 'ਕਵਿਤਾ ਤੇ ਕੈਨਵਸ ਅੰਦਰ ਉਹ ਉਮਰ ਦੇ ਟੁੱਟਦੇ ਪੱਤਿਆਂ ਦਾ ਸਾਲ ਦਰ ਸਾਲ ਜਲ-ਪਰਵਾਹ ਕਰ ਰਿਹਾ' ਹੈ। ਦੇਵ ਦੀ ਅਸਾਧਾਰਨਤਾ ਅਤੇ ਸੁਹਜ ਨਾਲ ਉਸ ਦੇ ਅਸੀਮ ਲਗਾਉ ਦਾ ਹੀ ਪ੍ਰਮਾਨ ਦਿੰਦੀ ਹੈ ਉਸ ਦੀ ਰਚਨਾ - ਭਾਵੇਂ ਇਹ ਕਵਿਤਾ ਹੈ ਜਾਂ ਚਿੱਤਰਕਾਰੀ। ਉਹ ਆਪਣੀ ਰਚਨਾ ਵਿਚ ਜਿਉਂਦਾ ਹੈ ਅਤੇ ਉਸ ਦੀ ਰਚਨਾ ਉਸ ਦੇ ਆਪੇ ਦੇ ਵਿਭਿੰਨ ਪਾਸਾਰਾਂ ਨੂੰ ਰੂਪਮਾਨ ਕਰਨ ਦਾ ਵਸੀਲਾ ਹੈ:

ਮੈਂ ਬਾਜ਼ ਵਾਂਗ ਆਜ਼ਾਦ
ਨਜ਼ਮਾਂ ਦੀਆਂ ਨਮਾਜ਼ਾਂ ਪੜ੍ਹਦਾਂ
ਅੱਖਰਾਂ ਦੀਆਂ ਅਦਰਾਸਾਂ ਕਰਦਾਂ

ਮੇਰੇ ਸਾਹਾਂ 'ਚ ਪੜਾਅ ਨਹੀਂ, ਸਫ਼ਰ ਹੈ
ਮੇਰੀ ਜਿਲਦ ਮਖ਼ਮਲੀ ਰਧਿ ਨਹੀਂ ਮਿੱਟੀ ਦੀ ਹਵਾੜ ਹੈ



ਮੇਰੇ ਯਾਰੋ, ਮੇਰੇ ਬੀਤੇ ਸਮਿਆਂ ਵੱਲ ਝਾਕ ਕੇ ਹੀ
ਮੇਰਾ ਹਿਸਾਬ-ਕਿਤਾਬ ਨਾ ਕਰਨਾ
ਚਾਨਣ ਤਕ ਅੱਪੜਨ ਵਾਸਤੇ
ਮੈਨੂੰ ਵੀ ਕਈ ਵਾਰ
ਹਨੇਰਾ ਬਣਨਾ ਤੇ ਬੁਣਨਾ ਪਿਆ ਹੈ

ਮੇਰੇ ਅੰਦਰ ਧੁੱਪ ਦੇ ਟੁੱਟੇ-ਟੁੱਟੇ ਧੱਬੇ
ਮੇਰੇ ਬਾਹਰ ਰੌਲੇ ਦਾ ਬੀਆਬਾਨ
ਉਖੜੇ ਅੱਖਰ, ਬੇਚੈਨ ਅਰਥ

ਮੈਂ ਨਹੀਂ ਚਾਹੁੰਦਾ ਮੇਰੇ ਮਸਤਕ 'ਤੇ ਠੋਕਿਆ ਜਾਵੇ
ਮਰੇ ਸੁਰਗ ਦਾ ਲਾਰਾ
ਮੈਂ ਤਾਂ ਆਪਣੀਆਂ ਉਂਗਲਾਂ ਲਹੂ 'ਚ ਡੋਬਣੀਆਂ ਹਨ

ਦੀਵਾਰਾਂ ਨੂੰ ਕਹੋ ਮੌਨ ਧਾਰ ਲੈਣ
ਮੇਰੇ ਸਾਹਾਂ 'ਚ ਅਸ਼ਾਂਤ ਗੀਤਾਂ ਦਾ ਮਾਤਮ ਹੈ

ਨਹੀਂ ਗੌਤਮ : ਮੈਂ ਕਪਿਲਵਸਤੂ ਦਾ ਸ਼ਹਿਜ਼ਾਦਾ ਨਹੀਂ
ਕਈ ਦਿਸ਼ਾਵਾਂ 'ਚ ਤਕਸੀਮ ਹੋ ਕੇ
ਪੋਰੀ ਪੋਰੀ ਛਿੱਲਿਆ ਜਾਂਦਾ
ਜਗਰਾਵਾਂ ਵਾਲਾ ਦੇਵ ਹਾਂ

ਦੇਬੀ ਸਵਰਗਾਂ ਨੂੰ ਤਾਰ ਨਾ ਦੇਵੀਂ
ਤੇਰੇ ਪੈਰ ਕਿਤੇ ਭੁੱਲ ਨਾ ਜਾਣ
ਧਰਤੀ 'ਤੇ ਤੁਰਨਾ, ਬੇਪੀਰੀ ਤੋਰ

ਮੈਂ ਸ਼ਬਦਾਂ ਨੂੰ ਸਿਰਜਦਾ ਹਾਂ
ਸਿਮਰਤੀਆਂ ਦੀ ਮਤਾਬੀ ਮਿੱਟੀ ਨਾਲ

ਧਰਤੀ ਉਤੇ ਬੇਪੀਰੀ ਤੋਰ ਤੁਰਨ ਦੇ ਸ਼ੈਦਾਈ ਅਤੇ ਸਦੀਵ ਵਿਦਰੋਹੀ ਦੇਵ ਦੇ ਆਪੇ ਦੇ ਪਾਸਾਰ ਅਤੇ ਉਸ ਦੀ ਸਿਰਜਣਾਤਮਕਤਾ ਦੇ ਸਰੋਕਾਰ ਏਨੇ ਵਸੀਹ ਹਨ ਕਿ ਜਿਉਂ-ਜਿਉਂ ਉਨ੍ਹਾਂ ਦੇ ਨੇੜੇ ਪੁੱਜ ਕੇ ਉਨ੍ਹਾਂ ਨੂੰ ਜਾਨਣ ਸਮਝਣ ਦਾ ਯਤਨ ਕਰੀਏ, ਤਿਉਂ-ਤਿਉਂ ਉਹ ਹੋਰ ਅਗਾਂਹ ਫੈਲਦੇ ਨਜ਼ਰ ਆਉਂਦੇ ਹਨ। ਆਪਣੇ ਨਿੱਜ, ਘਰ, ਪਰਿਵਾਰ, ਭਾਈਚਾਰੇ, ਪ੍ਰਦੇਸ਼, ਦੇਸ਼ ਤੋਂ ਲੈ ਕੇ ਉਹ ਸਮੁੱਚੇ ਸੰਚਾਰ ਤੇ ਬ੍ਰਹਿਮੰਡ ਤਕ ਫੈਲਿਆ ਹੋਇਆ ਹੈ। ਸਮਾਜ, ਸਾਹਿਤ, ਕਲਾ, ਇਤਿਹਾਸ, ਮਿਥਿਹਾਸ, ਰਾਜਨੀਤੀ, ਫ਼ਲਸਫ਼ਾ, ਵਿਗਿਆਨ - ਸਭ ਕੁਝ ਨਾਲ ਉਸ ਦਾ ਵਾਹ-ਵਾਸਤਾ ਹੈ। ਭਾਵੇਂ ਬਹੁਤ ਹਾਲਤਾਂ ਵਿਚ ਇਕ ਵਿਦਰੋਹੀ ਵਜੋਂ ਹੀ ਸਪੇਸ ਤੇ ਕਾਲ ਦੇ ਅਨੇਕਾਂ ਪਾਸਾਰ ਦੇਵ ਦੇ ਨਾਲ-ਨਾਲ ਵਿਚਰਦੇ ਹਨ।

ਪੰਜਾਬੀ ਵਿਚ ਹੋਰ ਬਹੁਤ ਸਮਰੱਥਾਵਾਨ ਸਿਰਜਕ ਹੋਣਗੇ ਜਿਨ੍ਹਾਂ ਦੇ ਸਰੋਕਾਰਾਂ ਦਾ ਘੇਰਾ ਕਾਫੀ ਵਿਸ਼ਾਲ ਰਿਹਾ ਹੋਵੇ। ਪਰ ਸ਼ਾਇਦ ਹੀ ਕੋਈ ਅਜਿਹਾ ਕਵੀ ਹੋਵੇ ਜੋ ਸਰੋਕਾਰਾਂ ਦੀ ਵਿਸ਼ਾਲਤਾ ਵਿਚ ਦੇਵ ਨਾਲ ਪੱਲਾ ਮੇਚ ਸਕਦਾ ਹੋਵੇ। ਏਸੇ ਲਈ ਆਪੋ ਆਪਣੀ ਸਮਝ ਅਤੇ ਰੁਚੀ ਅਨੁਸਾਰ ਦੇਵ ਵਿਚੋਂ ਜੇ ਕੋਈ ਕਿਸੇ ਇਕ ਸਰੋਕਾਰ, ਕਿਸੇ ਇਕ ਰੰਗ ਜਾਂ ਸ਼ੈਲੀ ਨੂੰ ਨਿਖੜਵਾਂ ਤੇ ਭਾਰੂ ਆਖ ਸਕਦਾ ਹੈ ਤਾਂ ਕੋਈ ਹੋਰ ਅਸਲੋਂ ਹੀ ਵੱਖਰੇ ਪ੍ਰਤੀਤ ਹੁੰਦੇ ਕਿਸੇ ਹੋਰ ਪੱਖ ਨੂੰ ਉਭਾਰ ਸਕਦਾ ਹੈ। ਹਕੀਕਤ ਵਿਚ ਦੇਵ ਵਿਸ਼ਵ-ਚੇਤਨਾ

ਵਾਲਾ ਇਕ ਅਜਿਹਾ ਸਿਰਜਕ ਹੈ ਜਿਸ ਦੇ ਸਰੋਕਾਰਾਂ ਵਿਚ ਨਿੱਜਤਾ ਦਾ ਦਖ਼ਲ ਤਾਂ ਅਵੱਸ਼ ਹੈ ਪਰ ਜੋ ਨਿੱਜ ਤਕ ਸੁੰਗੜਿਆ ਬਿਲਕੁਲ ਨਹੀਂ।

ਦੇਵ ਇਕੋ ਸਮੇਂ ਬਹੁਤ ਸਰਲ ਵੀ ਹੈ ਤੇ ਬਹੁਤ ਗੁੰਝਲਦਾਰ ਵੀ। ਉਹ ਬਹੁਤ ਸੰਵੇਦਨਸ਼ੀਲ ਵੀ ਹੈ ਤੇ ਪ੍ਰਬੁੱਧ ਵੀ। ਜਜ਼ਬਿਆਂ ਵਿਚ ਗੁੱਧੀ ਪ੍ਰਬੁੱਧਤਾ ਜਦੋਂ ਦੇਵ ਦੀ ਕਵਿਤਾ ਵਿਚ ਢਲਦੀ ਹੈ ਤਾਂ ਉਹ ਸਰਲ ਜਿਹੀ ਜਾਪਦੀ ਬਣਤ ਵਿਚ ਪਰਤ-ਦਰ-ਪਰਤ ਬਹੁਤ ਕੁਝ ਸਮੋ ਲੈਂਦੀ ਹੈ। ਸਰਲਤਾ ਅਤੇ ਗੁੰਝਲ ਦੇ ਇਸ ਜੁੜਵੇਂ ਸੰਬੰਧ ਵਿਚੋਂ ਲੰਘ ਕੇ ਅਤੇ ਇਸ ਨੂੰ ਪਛਾਣ ਕੇ ਹੀ ਕਵੀ ਦੇਵ ਤਕ ਪਹੁੰਚਿਆ ਜਾ ਸਕਦਾ ਹੈ। ਨਹੀਂ ਤਾਂ ਦਿਸਦੀਆਂ ਵਿਸੰਗਤੀਆਂ ਦੀ ਸਤਹੀ ਜਿਹੀ ਜਾਣਕਾਰੀ ਤੋਂ ਵੱਧ ਕੁਝ ਪਿੜ-ਪੱਲੇ ਨਹੀਂ ਪੈਣ ਲੱਗਾ। ਮਸਲਨ ਪ੍ਰਗਟ ਤੌਰ 'ਤੇ ਦੇਵ ਸ਼ਬਦਾਂ ਨੂੰ ਅਰਥਾਂ ਦੇ ਬੋਝ ਤੋਂ ਮੁਕਤ ਕਰਨ ਦੀ ਗੱਲ ਕਰਦਾ ਹੈ:

*ਮੈਂ ਅਰਥਾਂ ਦੇ ਰੌਲਿਆਂ ਤੋਂ ਅੱਕ ਚੁੱਕਾ ਹਾਂ*
*ਅਰਥ ਆਪਣੀ ਹਉਂ ਲਈ ਅੱਖਰਾਂ ਨੂੰ ਲਗਾਤਾਰ ਖਰੋਚੀ ਜਾ ਰਹੇ ਨੇ*
*ਸ਼ਬਦ ਮੇਰੇ ਲਈ*
*ਨੀਲੀ ਖ਼ਾਮੋਸ਼ੀ ਦੇ ਆਕਾਸ਼ ਨੂੰ ਤੱਕਣ ਦਾ*
*ਰਹੱਸ ਹੈ*

*ਅਰਥਾਂ ਦੀ ਦਲਦਲ*
*ਬਹੁਤ ਚਿੱਕੜ ਹੋ ਚੁੱਕੈ*
*ਅਰਥਾਂ ਨੂੰ ਔਸ਼ਧੀਆਂ ਨਾ ਬਣਾਉ*
*ਕਿ ਅੱਖਰ ਸਦਾ ਦੀ ਨੀਂਦ ਹੀ ਸੌਂ ਜਾਣ*

*ਅਰਥ ਜਦੋਂ ਖਾਲੀ ਜਾਂ ਖਾਮੋਸ਼ ਹੋ ਜਾਂਦੇ ਨੇ*
*ਸ਼ੋਰ ਸ਼ੁਰੂ ਹੋ ਜਾਂਦੈ*
*ਵਿਸ਼ੇਸ਼ਣਾਂ ਦੀ ਭੀੜ ਦਾ*

ਤਾਂ ਹਕੀਕਤ ਵਿਚ ਗੱਲ ਸ਼ਬਦ ਦੀ ਸਾਰਥਕਤਾ ਨੂੰ ਉਭਾਰਨ ਦੀ ਹੈ। ਸ਼ਿਲਪੀ ਸੁਹਜ ਦੇ ਪੱਖ ਤੋਂ ਅਵੱਸ਼ ਸ਼ਬਦ ਦਾ ਮਹੱਤਵ ਹੈ ਪਰ ਕਾਵਿ ਦਾ ਸੁਹਜ ਸ਼ਬਦ ਦੇ ਅਰਥ ਨੂੰ ਨਾਲ ਲੈ ਕੇ ਹੀ ਉਸਰਦਾ ਹੈ। ਦੇਵ ਨੂੰ ਅਸਲ ਦੁੱਖ ਇਹ ਹੈ ਕਿ 'ਸ਼ਬਦ ਬੌਣਾ ਬਣਾ ਦਿੱਤਾ ਏ ਚੁੱਲ੍ਹੇ ਪੈਣੇ ਸਮਿਆਂ ਨੇ।' ਅਤੇ ਉਸ ਦਾ ਇਹ ਨਿਵੇਕਲਾ ਕਾਵਿਕ ਅੰਦਾਜ਼ ਹੈ ਕਿ ਭ੍ਰਿਸ਼ਟ ਵਿਵਸਥਾ ਵਿਚ ਜਦੋਂ ਸ਼ਬਦ ਬੌਣੇ ਹੋ ਗਏ ਤੇ ਭ੍ਰਿਸ਼ਟੇ ਗਏ ਹਨ, ਉਹ ਸ਼ਬਦ ਦੇ ਸੁਹਜ ਨੂੰ ਪੁਨਰ-ਸਥਾਪਤ ਕਰਨ ਦੀ ਲੋੜ ਉਤੇ ਬਲ ਦਿੰਦਾ ਹੈ। ਇੰਝ ਹੀ ਦੇਵ-ਕਾਵਿ ਵਿਚ ਪ੍ਰਗਟ ਤੌਰ 'ਤੇ ਗਿਆਨ ਦੇ ਸੰਗ੍ਰਹਿ ਜਾਂ ਸੰਚਾਰ ਤੋਂ ਅਰੁਚੀ ਦੀ ਗੱਲ ਵੇਖੀ ਜਾ ਸਕਦੀ ਹੈ। ਉਹ ਆਖਦਾ ਹੈ ਕਿ 'ਗਿਆਨ 'ਤੇ ਮੈਨੂੰ ਹਮੇਸ਼ਾ ਸ਼ੱਕ ਰਿਹਾ ਹੈ' ਜਾਂ 'ਮੈਂ ਕੁਝ ਜਾਨਣਾ ਨਹੀਂ ਜਿਉਣਾ ਚਾਹੁੰਦਾ ਹਾਂ।' ਉਸ ਦੇ ਬੋਲ:

*ਮੈਂ ਕੁਝ ਸਾਬਤ ਨਹੀਂ ਕਰਨਾ ਚਾਹੁੰਦਾ*
*ਨਾ ਇਲਮਾਂ ਦੇ ਸੰਦੇਸ਼*
*ਨਾ ਸੁਪਨਿਆਂ ਦੇ ਸੁਨਹਿਰੀ ਸਿਰਨਾਵੇਂ*

ਵਾਸਤਵ ਵਿਚ ਭੁਲਾਂਦਰੇ ਵਾਲੇ ਗਿਆਨ ਜਾਂ ਇਲਮ ਦੇ ਅਭਿਮਾਨ ਦੇ ਵਿਰੁੱਧ ਹਨ, ਜੋ ਗਿਆਨ ਦੇ ਸੰਚਾਰ ਅਤੇ ਸਾਰਥਕ ਸੰਵਾਦ ਦੇ ਰਾਹ ਵਿਚ ਰੁਕਾਵਟ ਬਣਦੇ ਹਨ। ਕਲਾਕਾਰਾਂ ਅਤੇ ਕਵੀਆਂ ਦਾ ਆਮ ਤੌਰ 'ਤੇ ਜਿਸ ਤਰ੍ਹਾਂ ਦਾ ਬਿੰਬ ਬਣਿਆ ਹੁੰਦਾ ਹੈ, ਆਪਣੇ ਖੇਤਰ ਤਕ ਸੀਮਤ ਸੰਸਾਰ ਦੇ ਹੋਰ ਕਿਸੇ ਵੀ ਤਰ੍ਹਾਂ ਦੇ ਵਰਤਾਰੇ ਤੋਂ ਅਭਿੱਜ ਅਤੇ ਅਨਜਾਣ ਮਨੁੱਖ ਦਾ, ਪ੍ਰਗਟ ਰੂਪ ਵਿਚ ਆਪਣਾ ਅਜਿਹਾ ਬਿੰਬ



ਬਣਨ ਉਤੇ ਤਾਂ ਦੇਵ ਨੂੰ ਵੀ ਕੋਈ ਉਜਰ ਨਹੀਂ। ਪਰ ਹਕੀਕਤ ਵਿਚ ਇਸੇ ਦੇ ਐਨ ਉਲਟ ਉਹ ਸਾਹਿਤ ਤੇ ਕਲਾ ਤੋਂ ਅਗਾਂਹ ਸੰਸਾਰ ਪੱਧਰ ਉਤੇ ਹਰ ਤਰ੍ਹਾਂ ਦੇ ਨਵੇਂ ਵਰਤਾਰੇ ਨੂੰ ਜਾਨਣ ਸਮਝਣ ਲਈ ਹਮੇਸ਼ਾਂ ਤੱਤਪਰ ਰਹਿੰਦਾ ਹੈ। ਹਾਂ, ਉਸ ਦਾ ਕਵੀ ਆਪਾ ਬੜਬੋਲੀ ਵਿਦਵਤਾ ਦੇ ਹੱਕ ਵਿਚ ਨਹੀਂ। ਉਸ ਦਾ ਕਹਿਣਾ ਹੈ ਕਿ:

*ਇਲਮ ਨੂੰ ਇੰਨਾ ਵੀ ਬੜਬੋਲਾ ਨਾ ਬਣਾਉ*
*ਕਿ ਅੰਤ ਨੂੰ ਘਸਮੈਲੀ ਰਹਿੰਦ-ਖੂੰਹਦ ਹੀ*
*ਬਣ ਕੇ ਰਹਿ ਜਾਵੇ*

*ਜਦੋਂ ਦੇਣ ਲੱਗੋ ਦਸਤਕ ਦਰਵੇਸ਼ੀ ਦਰਾਂ ਨੂੰ*
*ਸਿਆਣਪੀ ਛਤਰੀਆਂ ਨੂੰ ਕਿਤੇ ਦੂਰ ਹੀ ਛੱਡ ਆਉਣਾ*
*ਅਤਿਥੀ ਭਾਵ ਅੰਦਰ ਭੰਵਰ ਨਾ ਪੈਦਾ ਹੋ ਜਾਣ*

ਇੰਞ ਹੀ ਉਹ ਭੀੜ ਤੋਂ, ਨਾਅਰਿਆਂ ਤੋਂ, ਅਤੇ ਝੰਡਿਆਂ ਤੋਂ ਦੂਰ ਰਹਿਣ ਦੀ ਗੱਲ ਕਰਦਾ ਹੈ:

*ਨਾ ਭੀੜ ਨੂੰ ਹਾਂ*
*ਨਾ ਨਾਅਰੇ ਨੂੰ ਜੀ ਆਇਆਂ*
*ਨਾ ਝੰਡਿਆਂ ਨੂੰ ਸਿਰ ਝੁਕਾਇਆ*

*ਹਵਾ ਅੱਖਾਂ ਤੇ ਅੱਖਰਾਂ ਨੂੰ*
*ਝੰਡੇ ਬਣਨ ਤੋਂ ਬਚਾਈਂ*
*ਪਲੀਤੇ ਗਏ ਸਮਿਆਂ ਅੰਦਰ*
*ਹਰ ਤਰ੍ਹਾਂ ਦੇ ਪਰਚਮ, ਖੁਦਕੁਸ਼ੀ ਦੇ ਖੱਫਣ ਨੇ*

*ਮੈਨੂੰ ਭੀੜ ਤੋਂ ਭੈਅ ਆਉਂਦੈ, ਝੰਡਿਆਂ ਤੋਂ ਡਰ*
*ਵਰਦੀਆਂ ਤੋਂ ਦੁਰਸੁਪਨਾ*

*ਬੰਦੇ ਨੂੰ ਕਿਉਂ ਚਾਹੀਦੇ ਨੇ*
*ਝੰਡੇ, ਤਲਵਾਰਾਂ, ਸੁੰਗੜੀਆਂ ਸਰਹੱਦਾਂ*

ਪਰ ਇਹ ਸਾਰਾ ਕੁਝ ਕਿਸੇ ਨਾ ਕਿਸੇ ਰੂਪ ਵਿਚ ਉਸ ਦੀ ਰਚਨਾ ਦਾ ਹਿੱਸਾ ਬਣਿਆ ਰਿਹਾ ਹੈ, ਸ਼ੁਰੂ ਤੋਂ ਹੁਣ ਤਕ। ਸਗੋਂ ਸੱਚ ਤਾਂ ਇਹ ਹੈ ਕਿ ਲੋਕਾਈ ਦੇ ਵਿਸ਼ਾਲ ਹਿਤਾਂ ਦੇ ਹੱਕ ਵਿਚ ਝੰਡਾਬਰਦਾਰ ਬਣਨ ਦੇ ਉਹ ਵਿਰੁੱਧ ਨਹੀਂ ਪਰ ਬਦਕਿਸਮਤੀ ਨਾਲ ਝੰਡੇ ਜ਼ਿਆਦਾਤਰ ਮਾਨਵ-ਦੋਖੀ ਸਰੂਪ ਗ੍ਰਹਿਣ ਕਰ ਚੁੱਕੇ ਹਨ। ਇਸ ਲਈ ਉਹ ਝੰਡਿਆਂ ਅਤੇ ਉਨ੍ਹਾਂ ਦੇ ਮਗਰ ਲੱਗੀ ਅਗਿਆਨੀ ਭੀੜ ਦੇ ਹੱਕ ਵਿਚ ਨਹੀਂ। ਹਕੀਕਤ ਵਿਚ ਗਿਆਨ ਤੋਂ ਅਰੁਚੀ ਜਾਂ ਸਮੂਹਕ ਸਰੋਕਾਰਾਂ ਤੋਂ ਦੂਰੀ ਦੇ ਬੋਲਾਂ ਦੇ ਪਿੱਛੇ ਦੇਵ ਵਿਚਲਾ ਇਕ ਅਜਿਹਾ ਸੰਵੇਦਨਸ਼ੀਲ ਕਲਾਕਾਰ ਕਾਰਜਸ਼ੀਲ ਰਹਿੰਦਾ ਹੈ ਜਿਸ ਦੀ ਗਿਆਨ ਹਾਸਲ ਕਰਨ ਦੀ ਭੁੱਖ ਵੀ ਅਸੀਮ ਹੈ ਤੇ ਜਿਸ ਨੂੰ ਸਮੂਹਕ ਚਰਿੱਤਰ ਦੇ ਸਰੋਕਾਰਾਂ ਨਾਲ ਵੀ ਅੰਤਾਂ ਦਾ ਲਗਾਉ ਹੈ:

*ਜਦੋਂ ਕਿਸੇ ਵੀ ਚੁੱਲ੍ਹੇ ਵਿਚ ਅੱਗ ਬੁਝਦੀ ਏ*
*ਤਾਂ ਮੇਰਾ ਸੰਸਾਰ ਠੰਢੀ ਰਾਖ ਬਣਨ ਲਗਦੈ*

ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਵਿਦਰੋਹ' ਤੋਂ ਲੈ ਕੇ ਹੁਣ ਤਕ ਦੇ ਆਖ਼ਰੀ ਸੰਗ੍ਰਹਿ 'ਸ਼ਬਦਾਂਤ' ਤਕ ਦੇਵ ਨੇ ਨਿਰਸੰਦੇਹ ਨਿੱਜੀ ਭਾਵਾਂ ਤੇ ਭਾਵਨਾਵਾਂ ਵਾਲੀ ਢੇਰ ਸਾਰੀ ਕਵਿਤਾ ਦੀ ਰਚਨਾ ਕੀਤੀ ਹੈ ਪਰ ਵਡੇਰੇ ਸਰੋਕਾਰਾਂ ਵਾਲੇ ਮਸਲਿਆਂ ਨੂੰ ਵੀ ਉਹ ਹਮੇਸ਼ਾ ਬਹੁਤ ਸ਼ਿੱਦਤ ਨਾਲ ਮੁਖ਼ਾਤਬ ਹੁੰਦਾ ਰਿਹਾ ਹੈ। ਸਾਹਿਤ ਤੇ

ਕਲਾ ਦੇ ਖੇਤਰ ਦੀ ਕੋਈ ਲਹਿਰ ਹੋਵੇ ਜਾਂ ਸਮਾਜ ਤੇ ਰਾਜਨੀਤੀ ਨਾਲ ਸੰਬੰਧਤ ਕੋਈ ਵਰਤਾਰਾ ਜਾਂ ਘਟਨਾ, ਦੇਵ ਨੇ ਹਰ ਇਕ ਦਾ ਹੁੰਗਾਰਾ ਭਰਿਆ ਹੈ। ਏਸੇ ਲਈ ਇਹ ਵੇਖਿਆ ਜਾ ਸਕਦਾ ਹੈ ਕਿ ਪ੍ਰਗਤੀਵਾਦੀ, ਆਧੁਨਿਕਵਾਦੀ ਜਾਂ ਜੁਝਾਰ ਕਾਵਿ-ਧਾਰਾ, ਜੋ ਕੁਝ ਵੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਸਮੇਂ-ਸਮੇਂ ਉਭਰ ਕੇ ਸਾਹਵੇਂ ਆਇਆ, ਦੇਵ ਨੇ ਉਸ ਨਾਲ ਰਚਨਾਤਮਕ ਸਾਂਝ ਪਾਈ ਹੈ। ਦੇਸ਼ ਵਿਚ ਐਮਰਜੈਂਸੀ ਦਾ ਲਾਗੂ ਹੋਣਾ ਜਾਂ ਪੰਜਾਬ ਦਾ ਸੰਤਾਪ ਵਰਗੀਆਂ ਰਾਜਸੀ ਪੱਧਰ 'ਤੇ ਜੋ ਵੱਡੀਆਂ ਘਟਨਾਵਾਂ ਜਾਂ ਦੁਰਘਟਨਾਵਾਂ ਵਾਪਰੀਆਂ, ਉਨ੍ਹਾਂ ਸਭਨਾਂ ਨੂੰ ਵੀ ਦੇਵ ਨੇ ਹੁੰਗਾਰਾ ਭਰਿਆ ਹੈ। 'ਪ੍ਰਸ਼ਨ ਤੇ ਪਰਵਾਜ਼' ਪੁਸਤਕ ਵਿਚ ਤਾਂ ਬਹੁਤ ਵੱਡੀ ਗਿਣਤੀ ਵਿਚ ਕਵਿਤਾਵਾਂ ਦਾ ਸੰਬੰਧ ਹੀ ਪੰਜਾਬ ਸੰਤਾਪ ਨਾਲ ਹੈ। ਅਤੇ ਗਿਆਨ ਦੀ ਗੱਲ ਕੁਝ ਅਜਿਹੀ ਹੈ ਕਿ ਦੇਵ ਦੀ ਕਵਿਤਾ ਵਿਚ ਏਨੇ ਵਿਸ਼ਵਕੋਸ਼ੀ ਹਵਾਲੇ ਤੇ ਵੇਰਵੇ ਮੌਜੂਦ ਹਨ ਕਿ ਇਹ ਜਾਣ ਕੇ ਹੈਰਤ ਹੁੰਦੀ ਹੈ ਕਿ ਇਹ ਵੇਰਵੇ ਦੇਣ ਵਾਲਾ ਉਹੀ ਦੇਵ ਹੈ ਜੋ ਗਿਆਨ ਪ੍ਰਤੀ ਅਰੁਚੀ ਦਾ ਐਲਾਨ ਕਰਦਾ ਆਖਦਾ ਹੈ ਕਿ 'ਚੱਲ ਕਿਤੇ ਹੋਰ ਚੱਲੀਏ, ਇਸ ਗਰਾਂ ਅੰਦਰ ਤਾਂ ਪੰਡਤ ਹੀ ਪੰਡਤ ਨੇ।' ਇਨ੍ਹਾਂ ਵਿਸ਼ਵਕੋਸ਼ੀ ਵੇਰਵਿਆਂ ਨੂੰ ਅਵੱਸ਼ ਉਹ ਨਾ ਤਾਂ ਹਉਂ-ਭਾਵੀ ਪ੍ਰਦਰਸ਼ਨ ਵਜੋਂ ਵਰਤਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਆਪਣੀ ਰਚਨਾ ਦੀ ਮੁੱਖ ਟੇਕ ਬਣਾਉਂਦਾ ਹੈ। ਇਹ ਸਾਰਾ ਕੁਝ ਉਸ ਦੀ ਰਚਨਾ ਵਿਚ ਸਹਿਜ ਰੂਪ ਵਿਚ ਤੇ ਪ੍ਰਸੰਗ ਅਨੁਕੂਲ ਹੀ ਆਉਂਦਾ ਹੈ।

ਉਂਝ ਉਸ ਦੀ ਧਾਰਨਾ ਹੈ ਕਿ ਕਵਿਤਾ ਇਕ ਅਜਿਹਾ ਰਚਨਾਤਮਕ ਵਰਤਾਰਾ ਹੈ ਜਿਸ ਵਿਚ ਭਾਵਨਾਤਮਕ ਪ੍ਰਗਟਾਅ ਦਾ ਹੀ ਬਹੁਤਾ ਦਖ਼ਲ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ। ਜੇ ਕਦੇ ਪੂਰਨ ਸਿੰਘ ਨੇ ਛੰਦਾਬੰਦੀ ਦੀ ਨਵਾਬੀ ਜੁੱਤੀ ਦੀ ਕੈਦ ਤੋਂ ਕਵਿਤਾ ਨੂੰ ਮੁਕਤ ਕਰਨ ਦੀ ਗੱਲ ਕੀਤੀ ਸੀ ਤਾਂ ਦੇਵ ਵੀ ਲਗਭਗ ਉਸੇ ਹੀ ਸੁਰ ਵਿਚ ਆਖਦਾ ਹੈ ਕਿ 'ਕਾਫੀਆ ਰਦੀਫ ਦੀ ਉਸਤਾਦੀ-ਸ਼ਾਗਿਰਦੀ ਨਾਲ ਕਵਿਤਾ ਦੀ ਈਦ ਦਾ ਚੰਨ ਨਹੀਂ ਚੜ੍ਹਦਾ।' ਇਹ ਗੱਲ ਧਿਆਨਗੋਚਰੀ ਹੈ ਕਿ ਆਪਣੀ ਕਾਵਿ-ਯਾਤਰਾ ਦੇ ਆਰੰਭ ਵਿਚ ਹੀ ਜਿਸ ਦੇਵ ਨੇ ਕਿਹਾ ਸੀ ਕਿ 'ਕਿਸੇ ਵੀ ਕਵੀ ਦੀ ਭਾਸ਼ਾ ਉਸ ਦੇ ਮਨ-ਚਿੱਤ ਨਹੀਂ ਲੱਗੀ ਅਤੇ ਨਾ ਹੀ ਉਨ੍ਹਾਂ ਦੀ ਕਵਿਤਾ ਨੇ ਉਸ ਨੂੰ ਹਲੂਣਿਆਂ', ਉਹੀ ਦੇਵ 'ਕਵਿਤਾ ਦੀ ਪੂਰਨ ਸਿੰਘੀ ਸ਼ਹਿਨਸ਼ਾਹੀ' ਅਤੇ 'ਸ਼ਾਇਰਾਨਾ ਝੱਲ' ਦਾ ਆਪਣੀ ਕਾਵਿ-ਰਚਨਾ ਵਿਚ ਅਕਸਰ ਪ੍ਰਸ਼ੰਸਾਭਾਵੀ ਸੁਰ ਵਿਚ ਜ਼ਿਕਰ ਕਰਦਾ ਹੈ। ਜੇ ਪੂਰਨ ਸਿੰਘ ਨੇ ਕਿਹਾ ਸੀ ਕਿ 'ਅੱਖਰਾਂ ਦੇ ਅੱਖਰ ਉਸ ਦੇ ਹੱਥਾਂ ਵਿਚੋਂ ਕਿਰ-ਕਿਰ ਜਾਂਦੇ' ਹਨ ਤਾਂ ਦੇਵ ਨਾਲ ਹਕੀਕਤ ਵਿਚ ਇਹੀ ਕੁਝ ਵਾਪਰਦਾ ਨਜ਼ਰ ਆਉਂਦਾ ਹੈ। ਕਵਿਤਾ ਨੂੰ ਸਥਾਪਤੀ ਦਾ ਸਾਧਨ ਨਹੀਂ, ਜਿਉਣ ਦਾ ਇਕ ਢੰਗ ਦੱਸਦਿਆਂ ਹੋਇਆ ਇਸ ਨੂੰ ਪਰਿਭਾਸ਼ਤ ਕਰਨ ਸਮੇਂ ਅਵੱਸ਼ ਹੀ ਉਹ ਸ਼ੁੱਧ ਕਲਾ ਦੇ ਮੰਡਲਾਂ ਵਿਚ ਵਿਚਰਦਾ ਪ੍ਰਤੀਤ ਹੁੰਦਾ ਹੈ:

*ਕਵਿਤਾ ਦਾ ਆਉਣਾ*
*ਜਿਉਂ ਥਥਲਾਉਂਦੇ ਬੁੱਲ੍ਹਾਂ 'ਤੇ*
*ਚਿਰਾਂ ਦੀ ਤੋਤਲੀ ਚੁੱਪ ਤੋਂ ਬਾਅਦ*
*ਆਵਾਜ਼ ਦੀ ਆਬਸ਼ਾਰ*

*ਕਵਿਤਾ ਜਾਲ ਹੈ ਮਲਾਹ ਦਾ*
*ਜਿਸ 'ਚ ਅਟਕ ਸਕਦੀ ਏ*
*ਚੰਨ ਦੀ ਚਿੱਪਰ, ਮੱਛੀ ਦੀ ਅੱਖ, ਧੁੱਪ ਦਾ ਟੋਟਾ*

ਦੇਵ ਦੀ ਕਵਿਤਾ ਵਿਚ ਭਾਵਾਂ ਦਾ ਇਕ ਹੜ੍ਹ ਵਗਦਾ ਵੇਖਿਆ ਜਾ ਸਕਦਾ ਹੈ। ਪ੍ਰਤੀਤ ਇਉਂ ਹੁੰਦਾ ਹੈ ਜਿਵੇਂ ਉਹ ਖ਼ੁਦ ਭਾਵਾਂ ਦੇ ਹੜ੍ਹ ਵਿਚ ਸੰਭਲ ਕੇ ਰਹਿਣ ਦਾ ਆਹਰ ਤਾਂ ਕਰ ਰਿਹਾ ਹੋਵੇ ਪਰ ਉਸ ਦੇ ਵੇਗ ਤੋਂ ਬਚ ਸਕਣਾ ਕਾਫ਼ੀ ਮੁਸ਼ਕਿਲ ਹੋਵੇ। ਭਾਵਾਂ ਦੇ ਇਸ ਹੜ੍ਹ ਵਿਚ ਵਹਿਣ ਦੇ ਬਾਵਜੂਦ ਆਪਣੀ ਸੂਝ ਨੂੰ, ਆਪਣੀ ਚੇਤਨਤਾ ਨੂੰ ਸੰਗ-ਸਾਥ ਰੱਖਣ ਵਿਚ ਉਹ ਅਵੱਸ਼ ਸਫਲ ਰਿਹਾ ਹੈ। ਇਸ ਭਾਵਨਾਤਮਕ



ਸ਼ਖ਼ਸੀਅਤ ਵਿਚੋਂ ਹੀ ਸਮੇਂ-ਸਮੇਂ ਵੱਡੀ ਗਿਣਤੀ ਇਕ ਖਾਸ ਤਰ੍ਹਾਂ ਦੀਆਂ ਜਜ਼ਬੇ ਅਤੇ ਵਿਚਾਰ ਵਿਚ ਗੁੱਝੀਆਂ ਕਵਿਤਾਵਾਂ ਦੀ ਰਚਨਾ ਹੁੰਦੀ ਜਾਂਦੀ ਹੈ। ਇਕ ਤੋਂ ਪਿਛੋਂ ਦੂਜੀ, ਕਵਿਤਾਵਾਂ ਦੀ ਇਕ ਲੰਮੀ ਲੜੀ ਵਿਚ ਦੇਵ ਕਿਸੇ ਖਾਸ ਤਰ੍ਹਾਂ ਦੇ ਭਾਵਾਂ ਜਾਂ ਵਿਚਾਰਾਂ ਦੀਆਂ ਪਰਤਾਂ ਖੋਲ੍ਹਦਾ ਜਾਂਦਾ ਹੈ ਅਤੇ ਇਹ ਲੜੀ ਉਦੋਂ ਹੀ ਮੁੱਕਦੀ ਹੈ ਜਦੋਂ ਕੋਈ ਉਨੇ ਹੀ ਜ਼ੋਰ ਦਾ ਕੋਈ ਦੂਜਾ ਹੜ੍ਹ ਉਸ ਨੂੰ ਆਪਣੀ ਲਪੇਟ ਵਿਚ ਨਹੀਂ ਲੈ ਲੈਂਦਾ। ਮਸਲਨ ਜੇ ਕਿਸੇ ਇਕ ਸਮੇਂ ਪਿਆਰ-ਮੁਹੱਬਤ ਦਾ ਵੇਗ ਤਾਰੀ ਹੁੰਦਾ ਹੈ ਤਾਂ ਉਹ ਭਿੰਨ-ਭਿੰਨ ਕੋਣਾਂ ਤੋਂ ਇਸ ਦੀਆਂ ਤੈਹਾਂ ਫਰੋਲਦਾ ਚਲਿਆ ਜਾਂਦਾ ਹੈ। ਇਸ ਵਿਸਤਾਰ ਵਿਚ ਉਸ ਦੀ ਮੌਲਿਕਤਾ ਅਤੇ ਅਸਾਧਾਰਨਤਾ ਬਹੁਤ ਸ਼ਕਤੀਵਰ ਰੂਪ ਵਿਚ ਆਪਣਾ ਪ੍ਰਦਰਸ਼ਨ ਕਰਦੀ ਹੈ। ਉਹ ਪਿਆਰ ਨੂੰ ਨਵੀਂ ਤਰ੍ਹਾਂ ਪਰਿਭਾਸ਼ਤ ਕਰਦਾ ਹੈ ਅਤੇ ਰਿਸ਼ਤਿਆਂ ਨੂੰ ਕੁਝ ਇਸ ਤਰ੍ਹਾਂ ਦੇ ਨਵੇਂ ਅਰਥ ਦਿੰਦਾ ਹੈ ਜਿਹੜੇ ਬਹੁਤ ਹਾਲਤਾਂ ਵਿਚ ਘੱਟ ਹੀ ਸੁਣੇ-ਵੇਖੇ ਜਾਂਦੇ ਜਾਂ ਹੰਢਾਏ ਜਾਂਦੇ ਹੋਣ:

*ਮੇਰੀ ਦੋਸਤ, ਮੇਰੀ ਹਾਰਾਕੀਰੀ ਕਰ*
*ਮੇਰੀ ਜ਼ਮੀਨ 'ਤੇ ਆਪਣੀ ਫਤਹਿ ਦਾ ਝੰਡਾ ਝੁਲਾ*

*ਤੇ ਤੂੰ ਨਿਰੀ ਕੋਲ ਹੁੰਦੀ ਹੋਈ ਵੀ*
*ਹਰ ਵਾਰ ਕੁਝ ਕੁ ਸੈਂਟੀਮੀਟਰ ਪਰੇ ਹੁੰਦੀ ਏਂ*

*ਆ ਤਰਕਸ਼ 'ਚੋਂ ਜ਼ਿੱਦੀ ਤੀਰ ਵਾਂਗ ਨਿਕਲੀਏ*
*ਤੇ ਖ਼ਾਮੋਸ਼ ਹੋ ਜਾਈਏ*

ਘਰ ਦੀ, ਪਰਿਵਾਰ ਦੀ ਅਤੇ ਸਮਾਜਕ ਰਿਸ਼ਤੇਦਾਰੀਆਂ ਦੀ ਜੇ ਗੱਲ ਤੁਰਦੀ ਹੈ ਤਾਂ ਇਸ ਵੰਨਗੀ ਵਿਚ ਉਹ ਕਵਿਤਾਵਾਂ ਦੀ ਇਕ ਲੰਮੀ ਲੜੀ ਸਿਰਜ ਦਿੰਦਾ ਹੈ ਜਿਸ ਵਿਚ ਪੂੰਜੀਵਾਦੀ ਪਰਿਵੇਸ਼ ਵਿਚ ਅਤੇ ਪਰੰਪਰਕ ਮਰਿਆਦਾ ਦੇ ਹਵਾਲੇ ਨਾਲ ਰਿਸ਼ਤਿਆਂ ਦੀ ਹਕੀਕਤ ਦੀਆਂ ਅਸਲੀ ਪਰਤਾਂ ਸਭ ਪ੍ਰਕਾਰ ਦੇ ਓਢਣਾਂ ਤੋਂ ਮੁਕਤ ਹੋ ਕੇ ਨੰਗੇ-ਚਿੱਟੇ ਰੂਪ ਵਿਚ ਸਾਹਵੇਂ ਆਉਂਦੀਆਂ ਹਨ ਅਤੇ ਉਹ ਇਨ੍ਹਾਂ ਦੀ ਹਕੀਕਤ ਨੂੰ ਨੰਗਾ ਕਰਕੇ ਵਿਦ੍ਰੋਹੀ ਭਾਵਨਾ ਨਾਲ ਇਨ੍ਹਾਂ ਨੂੰ ਉਲੰਘ ਜਾਣ ਤੇ ਰੱਦ ਕਰਨ ਦਾ ਐਲਾਨ ਕਰਦਾ ਹੈ। ਇਵੇਂ ਹੀ ਰਾਜਨੀਤਕ ਚਰਿੱਤਰ ਵਾਲੀਆਂ ਕਵਿਤਾਵਾਂ ਅਥਵਾ ਵਿਸ਼ਾਲ ਮਾਨਵੀ ਹਿੱਤਾਂ ਦੇ ਪੈਂਤੜੇ ਤੋਂ ਵਿਆਪਕ ਸਰੋਕਾਰਾਂ ਵਾਲੀਆਂ ਕਵਿਤਾਵਾਂ ਦੇਵ ਦੀ ਕਾਵਿ-ਸਿਰਜਣਾ ਦਾ ਇਕ ਵੱਡਾ ਭਾਗ ਹਨ। ਏਥੇ ਵੀ ਉਸ ਨੇ ਸਮੇਂ-ਸਮੇਂ ਦੇ ਪ੍ਰਸੰਗ ਅਨੁਸਾਰ ਵਿਚਾਰਧਾਰਾਈ ਪਰਿਪੱਕਤਾ ਸਹਿਤ ਭਾਵਾਂ ਵਿਚ ਭਿੱਜ ਕੇ ਕਵਿਤਾਵਾਂ ਦੀਆਂ ਕਈ ਲੜੀਆਂ ਸਿਰਜੀਆਂ ਹਨ। ਨਕਸਲਵਾਦੀ ਲਹਿਰ ਦੇ ਉਭਾਰ ਦੇ ਦਿਨਾਂ ਵਿਚ ਜੇ ਉਸ ਨੇ ਇਨਕਲਾਬ ਦੇ ਸੁਪਨੇ, ਰਾਜ ਦੇ ਤਸ਼ੱਦਦ ਅਤੇ ਸ਼ਹਾਦਤ ਦੇ ਜਜ਼ਬੇ ਦੀ ਗੱਲ ਕੀਤੀ ਸੀ ਤਾਂ ਸਮੇਂ ਦੇ ਬੀਤਣ ਨਾਲ ਉਹ ਏਸੇ ਤਰ੍ਹਾਂ ਦੇ ਮੁੱਦਿਆਂ ਨੂੰ ਲੈ ਕੇ ਵਿਚਾਰਧਾਰਕ ਪ੍ਰੌੜ੍ਹਤਾ ਸਹਿਤ ਹੋਰ ਵੀ ਵਧੇਰੇ ਦਲੇਰੀ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ ਰਿਹਾ ਹੈ। ਦੇਸ਼ ਭਗਤੀ, ਧਰਮ ਤੇ ਵਿਵਸਥਾ ਦੇ ਸੰਬੰਧ ਵਿਚ ਕਾਟਵੇਂ ਵਿਅੰਗ ਦੀ ਤਿੱਖੀ ਸੁਰ ਵਾਲੀਆਂ ਕਵਿਤਾਵਾਂ ਦੀ ਦੇਵ-ਕਾਵਿ ਵਿਚ ਕੋਈ ਘਾਟ ਨਹੀਂ:

*ਗੁਰਵਾਕ ਦੀ ਗਹਿਰਾਈ ਕੋਲ ਸੁੱਤੀ ਪਈ ਕੁਰਾਨ ਦੀ ਕਬਰ*
*ਉਹ ਖੰਜਰ ਮੇਰੇ ਕੋਲ ਹਾਲੇ ਤਕ ਮਹਿਫ਼ੂਜ਼ਿਆ ਪਿਆ ਏ*
*ਜਿਸ ਨਾਲ ਆਇਤ ਨੇ ਸ਼ਲੋਕ ਦਾ ਕਤਲ ਕੀਤਾ ਸੀ*

*ਮਾਫ਼ ਕਰੀਂ ਮੇਰੇ ਦੇਸ਼*
*ਮੇਰੇ ਪਾਪੀ ਤੇ ਗੁਸੈਲ ਬੋਲ*
*ਤੇਰਾ ਸਮਾਜਵਾਦ ਕਿਸੇ ਨਖ਼ਰੇਖੋਰ ਕੰਜਰੀ ਦਾ ਨਾਂ ਹੈ*
*ਸ਼ੇਰਾਂ ਦੀ ਸਵਾਰੀ ਕਰਨ ਵਾਲੀ ਮੇਰੀ ਭਾਰਤ ਮਾਂ*

*ਸਮਾਜਵਾਦ ਕਿਸ ਰਾਸ਼ਨ ਡਿਪੂ ਤੋਂ ਮਿਲਦਾ ਹੈ*
*ਤੇ ਜ਼ਰਾ ਇਹ ਵੀ ਦੱਸ*
*ਮੇਰਾ ਦੇਸ਼*
*ਸਲੀਮ ਦੇ ਖੱਬੇ ਪਾਸੇ ਹੈ, ਜਾਂ ਸੱਜੇ ਪਾਸੇ*

*ਇਨ੍ਹਾਂ ਤਲੀਆਂ ਨੂੰ ਬਸ ਹਾਸਲ ਹੋਏ ਕੱਕੇ*
*ਕ- ਕਬਜ਼ਾ, ਕ- ਕਹਿਰ*
*ਕ- ਕਤਲ, ਕ- ਕਲੱਤਣ, ਕ- ਕੁਹਰਾ*
*ਲੰਮੇ ਪੁਲ, ਕਾਲੀਆਂ ਪਗਡੰਡੀਆਂ, ਵਿਆਕੁਲ ਪੈਰ*

ਅਨੇਕਾਂ ਥਾਵਾਂ ਉਤੇ ਉਹ ਸਮਕਾਲੀ ਸਾਹਿਤਕਾਰਾਂ ਤੇ ਕਲਾਕਾਰਾਂ ਨਾਲ ਪਰੋਖ ਜਾਂ ਅਪਰੋਖ ਸੰਵਾਦ ਰਚਾਉਂਦਾ ਪ੍ਰਤੀਤ ਹੁੰਦਾ ਹੈ। ਆਪਣੇ ਆਪ ਨਾਲ ਸੰਵਾਦ ਰਚਾਉਣ ਦਾ ਇਹ ਅਮਲ ਤਾਂ ਹਮੇਸ਼ਾਂ ਹੀ ਕਾਰਜਸ਼ੀਲ ਰਹਿੰਦਾ ਹੈ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੀ ਸੰਬੋਧਨੀ ਸ਼ੈਲੀ ਦਾ ਭੇਤ ਹੀ ਇਸ ਤੱਥ ਵਿਚ ਮੌਜੂਦ ਹੈ ਕਿ ਉਹ ਜਿਸ ਕਿਸੇ ਵੀ ਸਮੱਸਿਆ ਜਾਂ ਵਰਤਾਰੇ ਨਾਲ ਜੁੜਿਆ ਹੋਵੇ, ਉਸ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸਦਾ ਤੇ ਵਿਚਾਰਦਾ ਹੈ। ਅਤੇ ਇਸ ਮੰਤਵ ਲਈ ਉਸ ਨੂੰ ਆਪਣੇ ਆਪ ਨਾਲ, ਆਪਣੇ ਚੌਗਿਰਦੇ ਨਾਲ, ਵਿਵਸਥਾ ਦੇ ਵੱਖ-ਵੱਖ ਅੰਗਾਂ ਤੇ ਰੂਪਾਂ ਨਾਲ, ਮਿੱਤਰਾਂ-ਸੰਗੀਆਂ, ਆਪਣਿਆਂ-ਬੇਗਾਨਿਆਂ- ਸਭ ਨਾਲ, ਸੰਵਾਦ ਰਚਾਉਣ ਦੀ ਲੋੜ ਪੈਂਦੀ ਹੈ :

*ਸਬਕ ਦੇਣ ਤੋਂ ਪਹਿਲਾਂ*
*ਸਬਕ ਲਵੋ ਪ੍ਰਸ਼ਨ ਬਣਨ ਦਾ, ਪ੍ਰਸ਼ਨ ਕਰਨ ਦਾ*

*ਕਵਿਤਾ ਨੂੰ ਹੀਣਾ ਤੇ ਮਸਕੀਨ ਨਾ ਬਣਾਓ*
*ਕਿ ਉਹ ਕੁੜੀਆਂ ਦੇ ਨਾਵਾਂ ਵਰਗੇ ਮਾਰੋ ਮੁੰਡਿਆਂ ਦੇ*
*ਵਿਰਲਾਪ ਤੋਂ ਸਿਵਾ ਕੁਝ ਵੀ ਨਾ ਰਹੇ*

ਪ੍ਰਤਿਭਾ ਤੇ ਪਾਗਲਪਨ ਵਿਚਕਾਰ ਦੇਵ ਦੇ ਕਹਿਣ ਅਨੁਸਾਰ ਅੰਤਰ ਬਹੁਤ ਥੋੜ੍ਹਾ ਹੁੰਦਾ ਹੈ, ਪਰ ਸਾਡਾ ਇਹ ਪ੍ਰਤਿਭਾਵਾਨ ਸ਼ਾਇਰ ਪਾਗਲ ਨਹੀਂ ਪ੍ਰਬੁੱਧ ਹੈ, ਜਿਸ ਨੂੰ ਆਕਾਸ਼ ਦੀ ਨਾਭੀ 'ਤੇ ਖੁਸ਼ਨਵੀਸੀ ਕਰਦੇ ਹੱਥ ਚੰਗੇ ਲਗਦੇ ਹਨ। ਮੈਨੂੰ ਮਾਣ ਹੈ ਕਿ ਅਜਿਹੀ ਖੁਸ਼ਨਵੀਸੀ ਕਰਨ ਵਾਲਾ ਅਤੇ 'ਸੰਸਾਰ ਦੇ ਜਾਗਣ ਦੀ ਇੰਤਜ਼ਾਰ ਵਿਚ ਖੁੱਲ੍ਹੀਆਂ ਅੱਖਾਂ ਨਾਲ ਸੌਣ ਵਾਲਾ' ਦੇਵ ਨਾਉਂ ਦਾ ਪ੍ਰਤਿਭਾਵਾਨ ਮਨੁੱਖ ਮੇਰਾ ਮਿੱਤਰ ਹੈ। ਆਪਣੇ ਮਿੱਤਰ ਦੀ ਨਿਵੇਕਲੀ ਕਾਵਿ-ਪ੍ਰਤਿਭਾ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਇਸ ਪੁਸਤਕ ਦਾ ਮੈਂ ਭਰਪੂਰ ਸਵਾਗਤ ਕਰਦਾ ਹਾਂ। OO


**'ਸਿਰਜਣਾ' ਬਾਰੇ ਜਾਣਕਾਰੀ**

| | | |
|---|---|---|
| 1. | ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. | ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. | ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. | ਕੌਮੀਅਤ | ਭਾਰਤੀ |
| 5. | ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. | ਸੰਪਾਦਕ | ਰਘਬੀਰ ਸਿੰਘ |
| 7. | ਕੌਮੀਅਤ | ਭਾਰਤੀ |
| 8. | ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2000 ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ






# ਚੌਥੀ ਕੂਟ [ਵਰਿਆਮ ਸਿੰਘ ਸੰਧੂ]

ਵਰਿਆਮ ਸੰਧੂ ਨਿਕੇਵਲੇ ਅੰਦਾਜ਼ ਵਿਚ ਲਿਖਣ ਵਾਲਾ ਕਹਾਣੀਕਾਰ ਹੈ, ਅਜਿਹਾ ਅੰਦਾਜ਼ ਜਿਹੜਾ ਕਿਸੇ ਦਾ ਆਪਣਾ ਹੁੰਦਾ ਏ। ਉਹ ਕਹਾਣੀ ਬਾਰੇ ਪ੍ਰਚਲਿਤ ਤੇ ਪ੍ਰਵਾਨਤ ਧਾਰਨਾਵਾਂ ਨੂੰ ਤੋੜਦਾ ਨਹੀਂ, ਪਰ ਪਰਵਾਨਦਾ ਵੀ ਨਹੀਂ। ਉਸਦੀ ਹਰ ਕਹਾਣੀ ਉਸਦੀ ਆਪਣੀ ਬਣ ਚੁੱਕੀ ਸੋਚ ਅਨੁਸਾਰ ਚਲਦੀ ਹੈ। ਉਸਦੀ ਕਹਾਣੀ ਨੂੰ ਆਲੋਚਨਾ ਦੇ ਸਥਾਪਤ ਮਾਪ-ਦੰਡਾਂ ਅਨੁਸਾਰ ਪਰਖਣਾ-ਸਮਝਣਾ ਆਸਾਨ ਨਹੀਂ - ਉਸਦੀ ਕਹਾਣੀ ਨੂੰ ਸਮਝਣ ਲਈ ਉਸਦੇ ਅਨੁਸਾਰ ਚੱਲਣਾ ਪੈਂਦਾ ਹੈ। ਉਹ ਪਾਠਕ ਨੂੰ ਸਹਿਜੇ ਹੀ ਨਾਲ ਤੋਰ ਲੈਂਦਾ ਹੈ। ਉਸਦੀ ਕਹਾਣੀ ਦਾ ਕੇਂਦਰ ਪਾਠਕ ਹੈ, ਪਾਠਕ ਜੋ ਮਨੁੱਖ ਹੈ। ਉਹ ਤਕਨੀਕ, ਵਿਧਾ, ਜੁਗਤ ਆਦਿ ਦੀ ਥਾਂ ਸਿੱਧਾ ਮਨੁੱਖੀ ਸਰੋਕਾਰਾਂ ਨਾਲ ਸਰੋਕਾਰ ਰੱਖਣ ਵਾਲਾ ਸਮਰੱਥ ਕਹਾਣੀਕਾਰ ਹੈ। ਉਂਝ ਵੀ ਕਲਾ ਸਿਰਫ ਤਕਨੀਕ ਨਹੀਂ, ਸਿਰਜਣਾ ਹੈ। ਉਹ ਕਹਾਣੀ ਦੀ ਸਿਰਜਣਾਤਮਕਤਾ ਪ੍ਰਤੀ ਸਚੇਤ ਹੈ - ਕਲਾ ਸਿਰਜਣਾਤਮਕ ਅਮਲ ਵਿਚੋਂ ਹੀ ਉਪਜਦੀ ਹੈ।

'ਲੋਹੇ ਦੇ ਹੱਥ' ਕਹਾਣੀ ਸੰਗ੍ਰਹਿ ਤੋਂ 'ਚੌਥੀ ਕੂਟ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ 142, ਮੁੱਲ 100 ਰੁਪਏ) ਤਕ ਦੇ ਲੰਮੇ ਤੇ ਕਰੜੇ ਸਿਰਜਣਾਤਮਕ ਸਫਰ ਦੌਰਾਨ ਵਰਿਆਮ ਸੰਧੂ ਸਦਾ ਆਪਣੀ ਤੋਰ ਤੁਰਿਆ ਹੈ। 'ਅੱਖਾਂ ਵਿਚ ਮਰ ਗਈ ਖੁਸ਼ੀ', 'ਤਾਰ ਤੇ ਤੁਰਦਾ ਆਦਮੀ', 'ਡੁੰਮ', 'ਅੰਗ ਸੰਗ', 'ਆਪਣਾ ਆਪਣਾ ਹਿੱਸਾ', 'ਸੁਨਹਿਰੀ ਕਿਣਕਾ', 'ਭੱਜੀਆਂ ਬਾਹੀਂ' ਆਦਿ ਕਹਾਣੀਆਂ ਦਾ ਰਚੇਤਾ ਹੁਣ 'ਚੌਥੀ ਕੂਟ', 'ਮੈਂ ਹੁਣ ਠੀਕ ਠਾਕ ਹਾਂ' ਤੇ 'ਨੌਂ ਬਾਰਾਂ ਦਸ' ਕਹਾਣੀਆਂ ਕਰਕੇ ਚਰਚਾ ਦਾ ਕੇਂਦਰ ਹੈ। ਉਸਦੀਆਂ ਕਹਾਣੀਆਂ ਬਾਰੇ ਵਿਦਵਾਨ, ਆਲੋਚਕ, ਪਾਠਕ ਵਧੇਰੇ ਇਕਮਤ ਨਹੀਂ, ਪ੍ਰਸ਼ੰਸਕ ਭਾਵੇਂ ਨੇ, ਉਂਜ ਵੀ ਉਹ ਆਲੋਚਨਾ ਦੀ ਬਹੁਤੀ ਪਰਵਾਹ ਕਰਨ ਵਾਲ ਨਹੀਂ - ਪਰਵਾਹ ਉਹ ਸਿਰਫ ਰਚਨਾ ਦੀ ਕਰਦਾ ਹੈ ਅਤੇ ਕਰਦਾ ਵੀ ਏਨੀ ਹੈ ਕਿ ਉਸਦੀ ਰਚਨਾ ਦੇ ਕਿਸੇ ਪੱਖ ਦੀ ਊਣ ਲੱਭਣੀ ਔਖੀ ਹੋ ਜਾਂਦੀ ਏ। ਉਸਦੀ ਰਚਨਾ ਦੀ ਪ੍ਰਸ਼ੰਸਾ ਤੋਂ ਇਲਾਵਾ ਜਿਹੜੇ ਕੁਝ ਸੱਜਣਾਂ ਨੇ ਉਸਦੀਆਂ ਊਣਾਂ ਵੱਲ ਸੰਕੇਤ ਕੀਤਾ ਹੈ, ਉਹ ਵੀ ਨਿਰਪੱਖਤਾ ਤੇ ਵਿਸ਼ਾਲਦਿਲੀ ਦੀ ਦ੍ਰਿਸ਼ਟੀ ਤੋਂ ਬਹੁਤੀਆਂ ਜੱਚਦੀਆਂ ਨਹੀਂ। ਉਂਜ ਵੀ ਸੁਆਲ ਇਹ ਹੈ ਕਿ ਆਲੋਚਨਾ ਦੇ ਨਾਂ ਉਤੇ ਅਸੀਂ ਰਚਨਾ ਨੂੰ ਸਮਝਣ ਦੀ ਬਜਾਇ ਨਿੰਦਿਆ - ਉਸਤਤ ਵਿਚ ਕਿੰਨਾ ਕੁ ਚਿਰ ਪਏ ਰਹਾਂਗੇ ?

ਵਰਿਆਮ ਸੰਧੂ ਦੀਆਂ ਕਹਾਣੀਆਂ ਸਿਰਫ ਮਾਨਣ ਵਾਲੀਆਂ ਨਹੀਂ, ਸਗੋਂ ਸੋਚਣ-ਸਮਝਣ ਵਾਲੀਆਂ ਨੇ। ਉਸਦੀਆਂ ਕਹਾਣੀਆਂ ਪੜ੍ਹਨੀਆਂ ਸੌਖੀਆਂ ਪਰ ਸਮਝਣੀਆਂ ਔਖੀਆਂ ਨੇ। ਕਈ ਵਾਰ ਤਾਂ ਉਸਦੀ ਕਹਾਣੀ ਇਕ ਲੰਮੀ ਬੁਝਾਰਤ, ਇਕ ਲੁਕਵਾਂ ਸੰਕੇਤ, ਇਕ ਡੂੰਘਾ ਰਹੱਸ ਜਾਪਦੀ ਹੈ। ਇਸ ਦੀ ਮਿਸਾਲ ਵਜੋਂ ਉਸਦੀ 'ਚੌਥੀ ਕੂਟ' ਕਹਾਣੀ ਸੰਗ੍ਰਹਿ ਦੀ ਸਿਖਰਲੀ ਕਹਾਣੀ 'ਨੌਂ ਬਾਰਾਂ ਦਸ' ਵਿਚਾਰੀ ਜਾ ਸਕਦੀ ਹੈ। ਬੇਸ਼ੱਕ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਵਿਚਾਰਨ ਵਾਲੀਆਂ ਨੇ ਜਿਵੇਂ 'ਚੌਥੀ ਕੂਟ' ਕਹਾਣੀ ਔਖਿਆਂ ਵੇਲਿਆਂ 'ਚ ਕੀਤੇ ਸ਼ਾਮ ਦੇ ਸਫਰ ਦੇ ਇਕਹਿਰੇ ਬਿਰਤਾਂਤ ਰਾਹੀਂ ਹੀ ਪੰਜਾਬ ਦੇ ਕਾਲਿਆਂ ਵੇਲਿਆਂ ਦੀ ਦਹਿਸ਼ਤ ਦਾ ਬਿੰਬ ਉਸਾਰ ਜਾਂਦੀ ਏ, 'ਪ੍ਰਛਾਵੇਂ' ਕਹਾਣੀ ਬੱਚੇ ਦੇ ਸੁਆਲੀਆ ਸੰਕੇਤ ਰਾਹੀਂ ਪੰਜਾਬ ਵੰਡ ਤੇ ਪੰਜਾਬ ਸਮੱਸਿਆ ਦੀ ਜੜ੍ਹ ਲੱਭਣ ਦਾ ਜਤਨ ਕਰਦੀ ਏ, 'ਛੁੱਟੀ' ਕਹਾਣੀ ਸਾਧਾਰਨ ਲਗਦੀ ਵੀ ਸਮੱਸਿਆ ਦੀ ਗੰਭੀਰਤਾ ਨੂੰ ਉਭਾਰਦੀ ਹੈ - ਪਰ 'ਮੈਂ ਹੁਣ ਠੀਕ ਠਾਕ ਹਾਂ' ਅਤੇ 'ਨੌਂ ਬਾਰਾਂ ਦਸ' ਇਸ ਸੰਗ੍ਰਹਿ ਦੀਆਂ ਵਿਸ਼ੇਸ਼ ਤੌਰ 'ਤੇ ਗੌਲਣ ਵਾਲੀਆਂ ਕਹਾਣੀਆਂ ਨੇ।

'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਕੁਝ ਵੀ ਠੀਕ ਨਾ ਹੁੰਦਿਆਂ, ਠੀਕ ਹੋਣ ਦੀ ਧੁਨੀ ਇਵੇਂ ਉਭਾਰਦੀ ਹੈ ਜਿਵੇਂ ਹਨੇਰੇ ਤੋਂ ਡਰਦਾ ਬੰਦਾ ਡਰ ਨੂੰ ਟਾਲਣ ਲਈ ਆਖੇ, ਮੈਂ ਡਰਦਾ ਨਹੀਂ। ਪਰ ਕੁਝ

ਟਾਲਣ ਨਾਲ ਸਥਿਤੀ ਦਾ ਸੱਚ ਨਹੀਂ ਟਲਦਾ। ਇਹ ਕਹਾਣੀ ਇਕੋ ਵੇਲੇ ਦੋਂਹ ਪਰਤਾਂ 'ਤੇ ਵਿਚਰਦੀ ਹੈ। ਇਕ ਪਾਸੇ ਪੰਜਾਬ ਦੇ ਕਾਲੇ ਦਿਨਾਂ ਦੀ ਹੁਣ ਦੇ ਦਿਨਾਂ ਦੀ ਗੱਲ ਅਤੇ ਦੂਜੇ ਪਾਸੇ ਹੁਣੇ ਜਿਹੇ ਲੰਘੇ ਚਾਨਣੇ ਦਿਨ। ਦੋਹਾਂ ਦੇ ਟਕਰਾਅ ਦੀ ਵਿਧੀ ਨਾਲ ਸਥਿਤੀ ਦਾ ਸੱਚ ਹੋਰ ਵਧੇਰੇ ਉਭਰਦਾ ਹੈ। ਆਪਣੇ ਵੇਲਿਆਂ ਦਾ ਏਨਾ ਤਕੜਾ ਕੌਡੀ ਦਾ ਜਾਫੀ ਆਪਣੇ ਨਾਲੋਂ ਕਿਤੇ ਹੌਲੇ ਪਰ ਸਟੇਨ ਚੁੱਕੀ ਮੁੰਡੇ ਸਾਹਮਣੇ ਏਨਾ ਬੇਬੱਸ ਹੋ ਜਾਂਦਾ ਹੈ ਕਿ ਕੁਝ ਆਖ ਹੀ ਨਹੀਂ ਸਕਦਾ, ਆਖ ਉਹ ਉਹਨਾਂ ਹਥਿਆਰਾਂ ਵਾਲੀਆਂ ਵਰਦੀਆਂ ਨੂੰ ਵੀ ਕੁਝ ਨਹੀਂ ਸਕਦਾ ਜਿਹਨਾਂ ਬਿਨਾਂ ਕਸੂਰੋਂ ਉਸਦੇ ਹੱਡ ਤੋੜੇ - ਤੇ ਭਲਾ ਆਪਣਿਆਂ ਉਹਨਾਂ ਹੱਥਾਂ ਨੂੰ ਉਹ ਕੀ ਆਖਣ ਜੋਗਾ ਰਿਹਾ ਹੋਵੇਗਾ ਜਿਹਨਾਂ ਆਪ ਰੂੰ ਦੇ ਫੰਬਿਆਂ ਨਾਲ ਪਾਲੇ ਕੁੱਤੇ ਨੂੰ ਆਪ ਹੀ ਡਾਂਗ ਫੜਕੇ ਆਖਰ ਮਾਰ ਦਿੱਤਾ! ਇਹ ਬੇਬਸੀ ਦੀ ਕੁਝ ਨਾ ਉਭਾਸਰ ਸਕਣ ਦੀ ਤੇ ਦੋਂਹ ਪੁੜਾਂ ਹੇਠ ਬਿਨ ਕਸੂਰੋਂ, ਬਿਨ-ਅਵਾਜ਼ੋਂ, ਬਿਨ ਹੀਲ-ਹੁਜਤੋਂ ਪਿਸ ਜਾਣ ਦੀ ਭਿਅੰਕਰ ਤ੍ਰਾਸਦਕ ਤੇ ਕਰੁਣਾਤਮਕ ਸਥਿਤੀ ਹੰਢਾਉਂਦੀ ਮਾਨਸਿਕਤਾ ਦੀ ਆਪਣੇ ਆਪ ਨਾਲ ਗੱਲ ਕਰਨ ਵਰਗੀ ਧੁਨੀ ਹੀ ਹੈ, 'ਮੈਂ ਹੁਣ ਠੀਕ ਠਾਕ ਹਾਂ'!

'ਮੈਂ ਹੁਣ ਠੀਕ ਠਾਕ ਹਾਂ' ਵਰਗੀ ਅਜਿਹੀ ਅਮਾਨਵੀ, ਗ਼ੈਰ-ਕੁਦਰਤੀ, ਨਾ-ਵਾਜਬ ਸਥਿਤੀ ਤੋਂ ਬਾਅਦ ਬੰਦੇ ਦੀ ਹਾਲਤ ਜੇ 'ਨੌਂ ਬਾਰਾਂ ਦਸ' ਵਰਗੀ ਹੋ ਜਾਵੇ ਤਾਂ ਗੱਲ ਨਾ ਮੰਨਣ ਵਾਲੀ ਨਹੀਂ ਲਗਦੀ। ਦਾਅਵਾ ਨਹੀਂ, ਪਰ ਲਗਦਾ ਹੈ ਕਿ 'ਨੌਂ ਬਾਰਾਂ ਦਸ' ਕਹਾਣੀ ਦੇ ਨਾਂ, ਪਾਤਰ ਤੇ ਸਿਖਰ ਬਾਰੇ ਚਰਚਾ ਵਿਚੋਂ ਇਹ ਆਧਾਰ ਸ਼ਾਇਦ ਗਾਇਬ ਹੈ। ਇਹ ਵੀ ਬਹੁਤਾ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਸਥਿਤੀ ਹੀ ਇਸ ਕਹਾਣੀ ਦਾ ਆਧਾਰ ਹੋਵੇਗੀ, ਪਰ ਇਹ ਅਨੁਮਾਨ ਇਸ ਗੱਲ ਤੋਂ ਜ਼ਰੂਰ ਲਾਇਆ ਜਾ ਸਕਦਾ ਹੈ ਕਿ ਖੁੱਲ੍ਹਾ ਕੰਮ ਧੰਦਾ ਕਰਨ ਵਾਲੇ, ਖੁੱਲ੍ਹਾ ਖਾਣ-ਪੀਣ ਵਾਲੇ, ਖੁੱਲ੍ਹਾ ਰਹਿਣ-ਸਹਿਣ ਵਾਲੇ ਪੰਜਾਬ ਦੇ ਲੋਕਾਂ ਨੂੰ ਜਦੋਂ ਏਨਾ ਚਿਰ ਬਿਨਾਂ ਵਜਾਹ ਬੇਬਸੀ, ਦੋਂਹ ਪੁੜਾਂ ਹੇਠ ਪਿਸਣ ਤੇ ਅਣਐਲਾਨੀ ਦੋਹਰੀ ਗੁਲਾਮੀ ਕਬੂਲ ਕਰ ਲੈਣ ਵਰਗੀ ਸਥਿਤੀ ਵਿਚੋਂ ਲੰਘਣਾ ਪਿਆ ਤਾਂ ਉਹਨਾਂ ਦੀ ਮਾਨਸਿਕਤਾ ਨੂੰ ਖੋਰਾ ਜ਼ਰੂਰ ਲੱਗਿਆ ਹੋਵੇਗਾ। ਪੰਜਾਬ ਵਿਚ ਮਾਹੌਲ ਠੀਕ ਹੋਣ ਤੋਂ ਬਾਅਦ ਅਸਲ ਵਿਚ ਕੁਝ ਵੀ ਠੀਕ ਨਹੀਂ ਸੀ ਰਿਹਾ। ਸਭ ਕੁਝ ਵਲੂੰਧਰਿਆ ਪਿਆ ਸੀ, ਮਾਨਸਿਕਤਾ ਸਮੇਤ। ਬੜੀ ਦੇਰ ਪੰਜਾਬੀਆਂ ਨੂੰ ਲੜਨਾ, ਭਿੜਨਾ, ਖੇਡਣਾ, ਹੱਸਣਾ, ਨੱਚਣਾ, ਗਾਉਣਾ, ਏਥੋਂ ਤਕ ਕਿ ਰੋਣਾ ਵਿਸਰਿਆ ਰਿਹਾ ਸੀ। ਹੁਣ ਉਹਨਾਂ ਦੀ ਇਹ ਹਾਲਤ ਸੀ ਕਿ ਇਸ ਹਾਲਤ ਤੇ- ਭਾਵ, ਮਾਹੌਲ ਠੀਕ ਹੋਣ 'ਤੇ ਹੱਸੀਏ ਜਾਂ ਰੋਈਏ ? ... ਵਰਿਆਮ ਸੰਧੂ ਦੀ ਚਰਚਿਤ ਕਹਾਣੀ 'ਨੌਂ ਬਾਰਾਂ ਦਸ' ਇਹਨਾਂ ਵੇਲਿਆਂ ਦੀ, ਏਸ ਸਥਿਤੀ ਦੀ, ਏਸ ਮਾਨਸਿਕਤਾ ਦੀ ਹੀ ਲਗਦੀ ਹੈ - ਜਦੋਂ ਸਭ ਕੁਝ ਬਿਖਰਿਆ ਬਿਖਰਿਆ, ਉਲਝਿਆ ਉਲਝਿਆ ਓਪਰਾ ਉਪਰਾ ਲੱਗਣ ਲੱਗ ਪਿਆ ਸੀ। ਏਸ ਸਥਿਤੀ ਦਾ ਦੂਜਾ ਗੌਲਣਯੋਗ ਪੱਖ ਇਹ ਲਗਦਾ ਹੈ ਕਿ ਇਹਨਾਂ ਵੇਲਿਆਂ ਵਿਚ ਆਲੇ-ਦੁਆਲੇ ਤੇ ਵਿਸ਼ਵ-ਪੱਧਰ ਉਤੇ ਕਈ ਤਬਦੀਲੀਆਂ ਵਾਪਰ ਚੁੱਕੀਆਂ ਸਨ। ਮਸ਼ੀਨਾਂ, ਟਰੈਕਟਰ, ਕੰਬਾਈਨਾਂ, ਕਾਰਾਂ, ਟੀ.ਵੀ., ਅੰਗਰੇਜ਼ੀ, ਪੰਜਾਬੀ ਪੇਂਡੂ ਸਭਿਆਚਰ 'ਚ ਵੀ ਪਰਿਵੇਸ਼ ਕਰ ਚੁੱਕੀਆਂ ਸਨ। ਪੰਜਾਬ ਦੇ ਪਿੰਡਾਂ 'ਚੋਂ ਪੁਰਾਣਾ ਤੇ ਜਾਣਿਆ-ਪਹਿਚਾਣਿਆ ਬਹੁਤ ਕੁਝ ਲੋਪ ਹੋ ਗਿਆ ਸੀ ਅਤੇ ਨਵਾਂ ਤੇ ਓਪਰਾ ਇਸ ਵਿਚ ਰਚ-ਮਿਚ ਰਿਹਾ ਸੀ। ਨਾ ਪੁਰਾਣੇ ਨਾਲੋਂ ਮੁਕੰਮਲ ਤੌਰ 'ਤੇ ਟੁੱਟਣਾ ਅਤੇ ਨਾ ਨਵੇਂ ਨਾਲ ਮੁਕੰਮਲ ਤੌਰ 'ਤੇ ਜੁੜਨਾ ਵੀ ਅਜਿਹੀ ਰਚਨਾ ਦਾ ਆਧਾਰ ਹੋ ਸਕਦਾ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਗੀਰਦਾਰੀ ਦਾ ਟੁੱਟਣਾ ਤੇ ਸਰਮਾਏਦਾਰੀ ਦਾ ਪ੍ਰਵੇਸ਼ ਕਰਨਾ, ਹੱਥ ਦੀ ਥਾਂ ਮਸ਼ੀਨ ਦਾ ਆਉਣਾ, ਰੇਡਿਓ ਦੀ ਥਾਂ ਟੀ.ਵੀ. ਦਾ ਆਉਣਾ ਵੀ ਇਸ ਰਚਨਾ ਦੇ ਪਛਾਣ-ਚਿੰਨ੍ਹ ਹੋ ਸਕਦੇ ਹਨ।

'ਨੌਂ ਬਾਰਾਂ ਦਸ' ਕਹਾਣੀ ਵਰਿਆਮ ਸੰਧੂ ਦੀਆਂ ਹੁਣ ਤਕ ਦੀਆਂ ਕਹਾਣੀਆਂ ਨਾਲੋਂ ਵੀ ਅਤੇ ਸਮਕਾਲੀ ਕਹਾਣੀਆਂ ਨਾਲੋਂ ਵੀ ਕੁਝ ਹਟਵੀਂ ਲਗਦੀ ਹੈ, ਬੇਸ਼ੱਕ ਪਾਤਰ ਆਮ ਨਹੀਂ ਲਭਦਾ। ਸਾਰੀ ਕਹਾਣੀ ਦੀ ਬੁਣਤਰ ਇਸ ਕੇਂਦਰੀ ਪਾਤਰ ਦੁਆਲੇ ਹੀ ਵਲੀ ਹੋਈ ਹੈ। ਕੇਂਦਰੀ ਪਾਤਰ ਇਸ ਕਦਰ ਕਹਾਣੀ ਵਿਚੋਂ



ਉਭਰਦਾ ਹੈ ਕਿ ਬਾਕੀ ਸਾਰੇ ਪਾਤਰ, ਘਟਨਾਵਾਂ, ਸਮੱਸਿਆਵਾਂ ਇਸਦੇ ਸਾਹਵੇਂ ਉਭਰਦੀਆਂ ਨਹੀਂ। ਇਹ ਕਹਾਣੀ ਇਕ ਪਾਤਰ ਕਹਾਣੀ ਲਗਦੀ ਹੈ। ਕੇਂਦਰੀ ਪਾਤਰ ਕਹਾਣੀ ਦੇ ਆਰੰਭ ਤੋਂ ਸਿਖਰ ਤਕ ਆਪਣੀਆਂ ਸਾਰੀਆਂ ਸੀਮਾਵਾਂ ਤੇ ਸੰਭਾਵਨਾਵਾਂ ਸਮੇਤ ਪਸਰਿਆ ਹੋਇਆ ਹੈ। ਕਹਾਣੀ ਵਿਚਲੀ ਸਮੱਸਿਆ ਨਿੱਜੀ ਨਾ ਹੁੰਦਿਆਂ ਵੀ ਸਿਰਫ ਪਾਤਰ ਦੀ ਲਗਦੀ ਹੈ। ਪਰ ਕਹਾਣੀਕਾਰ ਦੀ ਸਿਰਜਣਾਤਮਕ ਖੂਬੀ ਇਹ ਹੈ ਕਿ ਪਾਠਕ ਪਾਤਰ ਨਾਲ ਇਸ ਤਰ੍ਹਾਂ ਜੁੜ ਜਾਂਦਾ ਹੈ ਕਿ ਇਹ ਸਮੱਸਿਆ ਬਹੁ-ਪਾਸਾਰੀ ਲੱਗਣ ਲਗਦੀ ਹੈ। ਵੇਖਣ ਨੂੰ ਇਹ ਸਮੱਸਿਆ ਜਿੰਨੀ ਇਕਹਿਰੀ ਤੇ ਛੋਟੀ ਲਗਦੀ ਹੈ, ਓਨੀ ਹੈ ਨਹੀਂ, ਅਸਲ ਗੱਲ ਬਹੁਤ ਜਟਿਲ, ਬਹੁਤ ਵੱਡੀ ਹੈ। ਗੱਲ ਸਿਰਫ ਨਿੰਦਰ ਦੇ ਵਿਆਹ ਦੀ - ਸਿਰੀਦੇਵੀ, ਧੰਤੋ ਜਾਂ ਸੀਤੋ ਨਾਲ ਲਗਦੀ ਹੈ, ਗੱਲ ਸਿਰਫ ਨੌਂ ਬਾਰਾਂ ਦਸ ਦੀ ਗਿਣਤੀ ਜਾਂ ਹਿਸਾਬ ਦੀ ਲਗਦੀ ਹੈ; ਗੱਲ ਸਿਰਫ ਰੌਂਦ ਦੀ ਲਗਦੀ ਹੈ। ਪਰ ਗੱਲ ਸਿਰਫ ਏਨੀ ਨਹੀਂ, ਗੱਲ ਤਾਂ ਉਸ ਸੁਆਲ ਦੀ ਹੈ ਜਿਹੜਾ ਏਸ ਸਮੱਸਿਆ 'ਚੋਂ ਉਭਰਦਾ ਹੈ ਕਿ ਨਿੰਦਰ ਦਾ ਵਿਆਹ ਕਿਉਂ ਨਹੀਂ ਹੁੰਦਾ ਤੇ ਮਸਲਾ ਕਿਉਂ ਬਣ ਜਾਂਦਾ ਹੈ; ਗਿਣਤੀ ਕਿਉਂ ਉਲਟ-ਪੁਲਟ ਹੋ ਜਾਂਦੀ ਹੈ ਤੇ ਸੁਆਲ ਦਾ ਜੁਆਬ ਸਹੀ ਕਿਉਂ ਨਹੀਂ ਆਉਂਦਾ; ਰੌਂਦ ਕੌਣ ਮਾਰਦਾ ਹੈ, ਕਿਉਂ ਮਾਰਦਾ ਹੈ ਤੇ ਕਿਸ ਨਾਲ ਮਾਰਦਾ ਹੈ! ਇਹ ਸੁਆਲ ਉਭਾਰਨੇ ਹੀ ਏਸ ਕਹਾਣੀ ਦਾ ਨਿਵੇਕਲੀ ਖੂਬੀ ਹੈ, ਜਿਨ੍ਹਾਂ ਦੇ ਜੁਆਬ ਨਹੀਂ ਲੱਭਦੇ ਸਗੋਂ ਜੁਆਬ ਲਭਦਿਆਂ ਹੋਰ ਸੁਆਲ ਉਭਰਦੇ ਨੇ। ਜਿਵੇਂ ਜਦੋਂ ਕੋਈ ਰੌਂਦ ਮਾਰਦਾ ਏ ਤਾਂ ਅਸਲ ਵਿਚ ਇਹ ਰੌਂਦ ਕਿਸੇ ਨਾਲ ਵਜਦਾ ਏ! ਜਦੋਂ ਸੁਆਲ ਦਾ ਜੁਆਬ ਸਹੀ ਨਹੀਂ ਆਉਂਦਾ ਤਾਂ ਕਿਤੇ ਸੁਆਲ ਦੀ ਇਬਾਰਤ 'ਚ ਵੀ ਨੁਕਸ ਹੋ ਸਕਦਾ ਏ- ਗਲਤ ਇਬਾਰਤ ਦਾ ਸਹੀ ਜੁਆਬ ਨਹੀਂ ਆਉਂਦਾ ਤੇ ਹੋ ਸਕਦੈ, ਇਬਾਰਤ ਹੀ ਉਲਝੀ ਹੋਵੇ! ਜਦੋਂ ਹਕੀਕਤ 'ਚ ਜੁਆਨ ਮੁੰਡੇ ਦਾ ਵਿਆਹ ਨਾ ਹੋਵੇ ਤਾਂ ਉਹ ਵਿਆਹ ਦੇ ਸੁਪਨੇ ਤਾਂ ਲਵੇਗਾ ਹੀ। ਜਦੋਂ ਵੀ ਕਿਸੇ ਦੀ ਲੋੜ ਵਾਸਤਵਿਕ ਪੱਧਰ 'ਤੇ ਪੂਰੀ ਨਾ ਹੋਵੇ - ਚਾਹੇ ਉਹ ਭੁੱਖ ਦੀ ਹੋਵੇ, ਪਿਆਰ ਦੀ ਹੋਵੇ; ਥਾਂ ਦੀ ਹੋਵੇ, ਤਾਂ ਫਿਰ ਉਹ ਉਸਦੇ ਸੁਪਨੇ ਲੈਣ ਲਈ ਮਜਬੂਰ ਹੋਵੇਗਾ।

ਅਸਲ 'ਚ ਸੁਪਨਿਆਂ ਨੂੰ ਮਾਨਵੀ- ਹਕੀਕਤ ਚੋਂ ਮਨਫੀ ਨਹੀਂ ਕੀਤਾ ਜਾ ਸਕਦਾ। ਸੁਪਨੇ ਵੀ ਤਾਂ ਮਨੁੱਖ ਹੀ ਲੈਂਦਾ ਹੈ। ਦੂਜਾ ਇਹ ਨਿੰਦਰ ਨੂੰ ਰਾਤ ਨੂੰ ਸੁੱਤਿਆਂ ਆਏ ਸੁਪਨੇ ਨਹੀਂ, ਇਹ ਸੁਪਨੇ ਉਸਦੇ ਦਿਨੇ ਜਾਗਦਿਆਂ ਆਪ ਲਏ ਨੇ। ਜਿਹੜੇ ਸੁਪਨੇ ਬੰਦਾ ਜਾਗਦਿਆਂ ਆਪ ਲੈਂਦਾ ਏ, ਉਹਨਾਂ ਨੂੰ ਉਹ ਪੂਰਿਆਂ ਕਰਨਾ ਵੀ ਲੋੜਦਾ ਏ। ਜਦੋਂ ਇਹ ਸੁਪਨੇ ਕਠੋਰ ਵਾਸਤਵਿਕਤਾ ਪੂਰੇ ਨਹੀਂ ਹੋਣ ਦੇਂਦੀ ਤਾਂ ਉਲਾਹਮਾ ਵੀ ਵਾਸਤਵਿਕ ਹੋ ਜਾਂਦਾ ਏ। ਤੇ ਜਦੋਂ ਮਾਨਵੀ, ਦੁਨਿਆਵੀ ਵਾਸਤਵਿਕਤਾ ਐਹੋ ਜਿਹੀ ਹੋਵੇ ਕਿ ਉਥੇ ਉਲਾਹਮਾ ਵੀ ਕਿਸੇ ਨੂੰ ਨਾ ਦਿੱਤਾ ਜਾ ਸਕੇ ਤਾਂ ਫਿਰ ਅੱਕਿਆ, ਸਤਿਆ ਬੰਦਾ ਰੱਬ ਨੂੰ ਹੀ ਉਲਾਹਮਾ ਦੇਵੇਗਾ! ਕਠੋਰ ਵਾਸਤਵਿਕਤਾ ਨੂੰ ਸੁਹਲ ਸੁਪਨੇ ਦੇ ਵਿਰੋਧ ਵਿਚ ਉਭਾਰਕੇ ਵਰਿਆਮ ਸੰਧੂ ਨੇ ਵਾਸਤਵਿਕਤਾ ਦੇ ਬਹੁ-ਪੱਖਾਂ ਨੂੰ 'ਨੌਂ ਬਾਰਾਂ ਦਸ' ਰਾਹੀਂ ਉਭਾਰਿਆ ਹੈ - ਇਕ ਸੁਆਲ ਵਜੋਂ, ਜਿਹੜਾ ਕਿਸੇ ਵੀ ਕੂਟ 'ਚੋਂ ਉਠ ਸਕਦਾ ਏ। OO

[ਅਤੈ ਸਿੰਘ]

## ਤੀਜਾ ਯੁੱਧ [ਅਤਰਜੀਤ]

'ਤੀਜਾ ਯੁੱਧ' (ਚੇਤਨਾ ਪ੍ਰਕਾਸ਼ਨ, ਲੁਧਿਆਣਾ ਪੰਨੇ 144, ਮੁੱਲ 100 ਰੁਪਏ, ਪੇਪਰ ਬੈਕ 60 ਰੁਪਏ) ਪ੍ਰਤਿਸ਼ਠ ਕਹਾਣੀਕਾਰ ਅਤਰਜੀਤ ਦਾ ਛੇਵਾਂ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਕਹਾਣੀ ਲੇਖਣੀ ਵਿਚ 'ਮਾਸਖ਼ੋਰੇ', 'ਟੁੱਟਦੇ ਬਣਦੇ ਰਿਸ਼ਤੇ', 'ਅਦਨਾ ਇਨਸਾਨ', 'ਕਹਾਣੀ ਕੌਣ ਲਿਖੇਗਾ' ਅਤੇ 'ਅੰਨ੍ਹੀ ਥੇਹ' ਸੰਗ੍ਰਿਹਾਂ ਰਾਹੀਂ ਭਰਪੂਰ ਯੋਗਦਾਨ ਪਾ ਚੁੱਕਾ ਹੈ। ਇਸ ਪੁਸਤਕ ਦੇ ਅੰਤਲੇ ਟਾਈਟਲ ਸਫ਼ੇ ਉਤੇ ਡਾ. ਰਘਬੀਰ ਸਿੰਘ 'ਸਿਰਜਣਾ' ਵੱਲੋਂ ਉਸਦੀਆਂ ਕਹਾਣੀਆਂ ਬਾਰੇ ਬੇ-ਹੱਦ ਉਤਸ਼ਾਹ ਜਨਕ

ਟਿਪਣੀ ਵੀ ਦਰਜ ਹੋਈ ਮਿਲਦੀ ਹੈ। ਇਸ ਟਿਪਣੀ ਅਨੁਸਾਰ ''... ਅਤਰਜੀਤ ਉਹਨਾਂ ਕਥਾਕਾਰਾਂ ਦੀ ਢਾਣੀ ਦਾ ਮੋਢੀ ਮੈਂਬਰ ਹੈ ਜਿਨ੍ਹਾਂ ਨੇ ਆਪਣੇ ਸਮਾਜਕ-ਸਾਂਸਕ੍ਰਿਤ ਪਰਿਵੇਸ਼ ਦੇ ਯਥਾਰਥਕ ਚਿਤਰਨ ਦੁਆਰਾ ਸਮਕਾਲੀ ਕਹਾਣੀ ਨੂੰ ਇਕ ਨਵਾਂ ਪਾਸਾਰ ਦਿੱਤਾ ਹੈ। ...ਅਤਰਜੀਤ ਵਰਗੇ ਕਥਾਕਾਰਾਂ ਨੇ ਪੰਜਾਬੀ ਕਹਾਣੀ ਉਤੋਂ ਮੱਧ ਵਰਗ ਦੀ ਲਛਮਣਾਕਾਰ ਨੂੰ ਤੋੜਿਆ ਹੈ। ਅਤਰਜੀਤ ਵਿਚ ਪੰਜਾਬ ਦੇ ਕਿਰਤੀ ਵਰਗ ਨੂੰ ਉਸ ਦੀ ਕਥਾ ਸੁਣਾਉਣ ਵਾਲਾ ਸਮਰੱਥ ਕਥਾਕਾਰ ਮੌਜੂਦ ਹੈ। ਉਹ ਦਲਿਤ ਵਰਗ ਦੇ ਯਾਨੀ ਤਥਾ-ਕਥਿਤ ਅਦਨੇ ਇਨਸਾਨ ਦਾ ਸਮਰੱਥ ਚਿਤੇਰਾ ਹੈ।''

ਪੰਜਾਬੀ ਕਹਾਣੀ, ਵਿਸ਼ਿਆਂ ਦੀ ਵੰਨਸੁਵੰਨਤਾ ਅਤੇ ਭਰਪੂਰਤਾ ਵਿਚ ਮੂਹਰੀ ਅਤੇ ਅਗਰਗਾਮੀ ਹੋਣ ਵਜੋਂ ਗਿਣੀ ਜਾਂਦੀ ਹੈ। ਆਪਣੀ ਉਮਰ ਦੀ ਪੌਣੀ ਕੁ ਸਦੀ ਵਿਚ ਇਹ, ਬਦਲਦੇ ਸਮਾਜਕ-ਰਾਜਨੀਤਕ-ਆਰਥਿਕ ਸੰਸਕ੍ਰਿਤਕ ਸਰੋਕਾਰਾਂ ਦੇ ਹਾਣ ਦੀ ਬਣ ਕੇ ਤੁਰਨ ਦਾ ਮਾਣ ਪ੍ਰਾਪਤ ਕਰਦੀ ਰਹੀ ਹੈ। ਆਜ਼ਾਦੀ ਲਹਿਰ, ਪ੍ਰਗਤੀਵਾਦੀ ਲਹਿਰ, ਨਕਸਲਵਾੜੀ ਲਹਿਰ, ਖਾੜਕੂ ਲਹਿਰ ਆਦਿ ਸਮੇਂ ਸਮੇਂ ਪੰਜਾਬੀ ਜੀਵਨ-ਮੰਚ 'ਤੇ ਉੱਭਰੀਆਂ ਹੋਰਨਾਂ ਲਹਿਰਾਂ ਦੇ ਸਿੱਧੇ-ਅਸਿੱਧੇ ਪ੍ਰਭਾਵਾਂ ਤੋਂ ਪ੍ਰਭਾਵਤ ਹੋ ਕੇ ਵੀ ਇਸ ਨੇ ਆਪਣਾ ਮਾਨਵਵਾਦੀ ਚਿਹਰਾ-ਮੋਹਰਾ ਦੂਸ਼ਿਤ ਨਹੀਂ ਹੋਣ ਦਿੱਤਾ। ਪਰੰਤੂ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਇਸ ਦੇ ਸਾਰੇ ਪਾਸਾਰ ਜਿਵੇਂ ਸੁੰਗੜ ਕੇ ਇਕੋ-ਇਕ ਵਿਸ਼ੇ 'ਤੇ ਕੇਂਦ੍ਰਿਤ ਹੋ ਗਏ ਹੋਣ। ਉਹ ਵਿਸ਼ਾ ਹੈ - ਦਲਿਤ ਸਮਾਜ ਨਾਲ ਸਹਾਨੁਭੂਤੀ ਪ੍ਰਗਟਾਉਣਾ ਅਤੇ ਗ਼ੈਰ-ਦਲਿਤ ਸਮਾਜ ਵਿਰੁੱਧ ਨਫ਼ਰਤ ਉਜਾਗਰ ਕਰਨਾ। ਦਲਿਤ ਵਰਗ ਨਾਲ ਸੰਬੰਧਤ ਲੇਖਕਾਂ ਨੇ ਐਲਾਨੀਆਂ ਤੌਰ 'ਤੇ ਅਤੇ ਇਸ ਵਰਗ ਤੋਂ ਢੇਰ ਸਾਰੀ ਵਿੱਥ ਬਣਾਈ ਰੱਖਣ ਵਾਲੇ ਹਰ ਛੋਟੇ ਵੱਡੇ ਸਵਰਨ ਜਾਤੀ ਲੇਖਕਾਂ ਨੇ ਜਿਵੇਂ ਫੈਸ਼ਨ ਵਜੋਂ ਬਸ ਇਕੋ-ਇਕ ਵਿਸ਼ੇ ਦੀ ਚੋਣ ਕਰ ਲਈ ਹੋਵੇ। ਇਵੇਂ ਕਰਕੇ ਜਿਵੇਂ ਉਹ ਆਪਣੇ ਆਪ ਨੂੰ ਦਲਿਤ ਲਹਿਰ ਦਾ ਅਹਿਮ ਤੇ ਕਾਰਆਮਦ ਸਰਗਨਾ ਸਮਝਣ ਲੱਗ ਪਿਆ ਹੋਵੇ।

ਭਾਵੇਂ ਕਿ ਸਮੁੱਚੇ ਪੰਜਾਬੀ ਸਾਹਿਤ ਦੀ ਰੂਹ ਤਕ ਸਮੋਈ 'ਪ੍ਰਗਤੀਸ਼ੀਲਤਾ' ਆਦਿ ਸਮਿਆਂ ਤੋਂ ਲੈ ਕੇ ਬੀਤੀ ਸਦੀ ਦੇ ਅੰਤਲੇ ਦਹਾਕੇ ਤਕ ਪਹੁੰਚਦੀ, ਆਦਰਸ਼ਵਾਦ, ਸੁਧਾਰਵਾਦ, ਪ੍ਰਗਤੀਵਾਦ, ਜੁਝਾਰਵਾਦ, ਆਧੁਨਿਕਤਾਵਾਦ ਵਰਗੇ ਲੇਬਲ ਲੁਆ ਕੇ ਵੀ ਸਾਧਨਹੀਣ ਲੁਕਾਈ ਦਾ ਹਮਸਫ਼ਰ ਬਣ ਕੇ ਤੁਰਨ ਦਾ ਮਾਣ ਪ੍ਰਾਪਤ ਕਰਦੀ ਆਈ ਹੈ। ਪੰਜਾਬ ਦੇ ਸੰਸਕ੍ਰਿਤਕ, ਸਭਿਆਚਾਰਕ ਚਿਤਰਪਟ 'ਤੇ ਤਥਾ-ਕਥਿਤ ਦਲਿਤ ਲਹਿਰ ਪਨਪਣ-ਪਸਰਣ ਦੀ ਉਵੇਂ ਦੀ ਗੁੰਜਾਇਸ਼ ਨਹੀਂ ਜਿਵੇਂ ਦੀ ਭਾਰਤ ਦੇ ਦੱਖਣੀ ਪ੍ਰਾਤਾਂ ਵਿਚ ਸੀ ਜਾਂ ਹੈ। ਸ਼ਾਇਦ ਇਸੇ ਹੀ ਪ੍ਰਭਾਵ ਨੂੰ ਕਬੂਲਦਿਆਂ ਅਤਰਜੀਤ ਨੇ ਆਪਣੀ ਲੇਖਣੀ ਦੇ ਸਰੋਕਾਰ ਅਦਨੇ ਤੇ ਸਿਰਫ ਅਦਨੇ ਇਨਸਾਨਾਂ ਜਾਂ ਇਨਸਾਨੀ ਸਮੂਹਾਂ ਦੀ ਕਥਾ-ਵਿਥਿਆ ਨੂੰ ਆਪਣੀ ਕਹਾਣੀ ਦਾ ਵਿਸ਼ਾ ਵਸਤੂ ਬਣਾਉਣ ਦੀ ਥਾਂ, 'ਤੀਜਾ ਯੁੱਧ' ਨਾਮੀ ਕਹਾਣੀ ਪੁਸਤਕ ਦੀ ਰਚਨਾ ਕਰਦਿਆਂ ਵਿਸ਼ਿਆਂ ਦੇ ਨਵੇਂ ਤੇ ਨਿਵੇਕਲੇ ਪਾਸਾਰਾਂ ਵੱਲ ਰੁਖ ਕੀਤਾ ਹੈ। ਇਹ ਵਿਸ਼ੇ ਉਸਦੀ ਪਹਿਲੀ ਦਿੱਖ ਨੂੰ ਬਰਕਰਾਰ ਰੱਖਦੇ ਹੋਏ ਵੀ ਵੱਡੀਆਂ ਤੇ ਅਤਿ ਗੰਭੀਰ ਕਿਸਮ ਦੀਆਂ ਤਲਖੀਆਂ ਦੀ ਨਿਸ਼ਾਨਦੇਹੀ ਕਰਦੇ ਹਨ। 'ਤੀਜਾ ਯੁੱਧ' ਨਾਮੀਂ ਕਹਾਣੀ ਭਾਰਤੀ ਸਮਾਜ ਦੇ ਹਰ ਖੇਤਰ ਦੀ ਗੌਰਵਤਾ ਨੂੰ ਤਹਿਸ-ਨਹਿਸ ਕਰਨ, ਪੱਛਮੀ ਮੁਲਕਾਂ ਦੇ ਕਨਜ਼ਿਊਮਰ ਕਲਚਰ ਦੀ ਦਿੱਖ-ਅਦਿੱਖ ਦਖ਼ਲ ਅੰਦਾਜ਼ੀ ਰਾਹੀਂ ਪੂਰਬੀ ਸਭਿਆਤਾਵਾਂ ਨੂੰ ਸਾਹ-ਸਤਹੀਣ ਕਰਨ ਦੀਆਂ ਬਾਰੀਕੀਆਂ ਦੀ ਪੱਕੀ-ਪੀਡੀ ਨਿਸ਼ਾਨਦੇਹੀ ਕਰਦੀ ਹੈ। ਮਾਸਟਰ ਬੁੱਧ ਸਿੰਘ ਕਾਮਰੇਡ ਇਹ ਦੇਖ ਕੇ ਕਿ ਪਹਿਲੇ ਦੋ ਸੰਸਾਰ ਯੁੱਧਾਂ ਵਾਂਗ ਪੱਛਮ ਦੇ ਸਭਿਆਚਾਰ ਦੇ ਇਸ ਇਕ ਧਿਰੀ ਹਮਲੇ ਦਾ, ਉਸਦੇ ਆਪਣੇ ਘਰ ਦੇ ਜੀਆਂ ਸਮੇਤ ਕਿਸੇ ਵੰਨੀਉਂ ਕੋਈ ਵਿਰੋਧ ਨਹੀਂ ਹੋ ਰਿਹਾ, ਉਹ ਆਪਣਾ ਮਾਨਸਿਕ ਤੁਆਵਨ ਹੀ ਗੁਆ ਬੈਠਦਾ ਹੈ।

'ਠੂੰਹਾਂ' ਇਸ ਸੰਗ੍ਰਹਿ ਦੀ ਇਕ ਹੋਰ ਸਸ਼ੱਕਤ ਕਹਾਣੀ ਹੈ। ਇਸ ਵਿਚ ਆਪਣੇ ਜੱਦੀ ਪੁਸ਼ਤੀ



ਗੋਤ, ਜੱਲ੍ਹੜ ਨੂੰ ਤਿਆਗ ਕੇ ਕਟਾਰੀਆ ਬਣੇ ਇੰਦਰਜੀਤ ਸਿੰਘ ਵਕੀਲ ਅਤੇ ਸ਼ਹਿਰ ਦੇ ਕਿਸੇ ਪੌਸ਼ ਇਲਾਕੇ ਵਿਚ ਉਸਾਰੀ ਜਾ ਰਹੀ ਉਸਦੀ ਕੋਠੀ ਵਿਚ, ਨਿੱਘਰਦੀ ਕਿਸਾਨੀ ਦੀਆਂ ਹਾਲਾਤਾਂ ਦੀਆਂ ਮਜਬੂਰੀਆਂ ਵੱਸ ਮਜ਼ਦੂਰੀ ਕਰਨ ਆਇਆ ਜੱਟਾਂ ਦਾ ਗੁੰਡਾ ਹਰਦਮ, ਦੋਨੋਂ ਹੀ ਆਪਣੇ ਆਪਣੇ ਜਾਤੀ ਸੰਸਕਾਰਾਂ ਦੀ ਗ੍ਰਿਫ਼ਤ ਅੰਦਰ ਜਕੜੇ, ਭਾਰਤੀ ਵਰਣ ਵਿਵਸਥਾ ਦੇ ਤ੍ਰਾਸਦਿਕ ਪ੍ਰਭਾਵਾਂ 'ਤੇ ਕਰਾਰੀ ਚੋਟ ਕਰਦੇ ਹਨ।

ਕਿਸਾਨੀ ਘਰਾਂ ਅੰਦਰ ਜਾਇਦਾਦਾਂ ਖਾਤਰ ਭਰਾਤਰੀ ਰਿਸ਼ਤਿਆਂ ਦਾ ਤਿੜਕਣਾਂ ਅਤੇ ਇਸ ਵਿਰੋਧ ਦੇ ਸਿੱਟੇ ਵਜੋਂ ਇਕ ਦੂਜੇ ਨੂੰ ਕਤਲ ਕਰ ਦੇਣਾ ਪੰਜਾਬੀ ਸਮਾਜ ਦਾ ਆਮ ਜਿਹਾ ਵਰਤਾਰਾ ਹੈ। ਪਰ ਅਤਰਜੀਤ ਨੇ 'ਡਰਪੋਕ' ਕਹਾਣੀ ਵਿਚ ਇਸ ਗੁੰਝਲਦਾਰ ਵਿਸ਼ੇ ਨੂੰ ਨਵੇਂ ਮਾਪਦੰਡਾਂ ਰਾਹੀਂ ਪੇਸ਼ ਕੀਤਾ ਹੈ। ਕਿਸਾਨੀ ਸੰਸਕਾਰਾਂ ਦੇ ਤੀਬਰ ਵਹਿਣਾਂ ਅੰਦਰ ਵਹਿੰਦਾ ਅਵਤਾਰ ਸਿੰਘ ਆਪਣੇ ਭਰਾ ਗਿੰਦਰ ਦਾ 'ਕਤਲ' ਕਰਨ ਦੀ ਹੱਦ ਤਕ ਪਹੁੰਚ ਜਾਂਦਾ ਹੈ, ਪਰ ਨਾਲ ਦੀ ਨਾਲ ਉਸਦੀਆਂ ਤੰਗੀਆਂ-ਤੁਰਸ਼ੀਆਂ ਨੂੰ ਸਹਿਜ ਭਾਅ ਸਵੀਕਾਰਦਾ ਆਪਣੀ ਭੋਇੰ ਦੀ ਉਪਜ ਦਾ ਹਿੱਸਾ ਵੀ ਉਸਤੋਂ ਨਹੀਂ ਮੰਗਦਾ।

'ਅੱਬਾ ਜਾਨ ਆ ਗਏ' ਸੰਨ ਸੰਤਾਲੀ ਦੇ ਵਿਛੜੇ ਟੱਬਰਾਂ ਦੇ ਭਾਵੁਕ ਮਿਲਾਪ ਦੀ ਕਹਾਣੀ ਨੂੰ ਪੇਸ਼ ਕਰਦੀ ਹੋਈ ਨਵੀਂ ਪੀੜ੍ਹੀ ਵੱਲੋਂ ਸੰਤਾਲੀ ਦੇ ਸੰਤਾਪ ਪ੍ਰਤੀ ਦਰਸਾਈ ਜਾ ਰਹੀ ਬੇਗਾਨਗੀ 'ਤੇ ਉਂਗਲੀ ਰੱਖਦੀ ਹੈ ਅਤੇ 'ਹਿੰਦੋਸਤਾਨ ਨੂੰ ਜਾਂਦਾ ਰਾਹ' ਅਤਿਵਾਦ ਦੀ ਲਹਿਰ ਸਮੇਂ ਸੰਨ ਸੰਤਾਲੀ ਦੇ ਕਾਂਡ ਨੂੰ ਮੁੜ ਦੁਹਰਾਉਣ ਲਈ ਕੀਤੇ ਅਮਲਾਂ ਦੀ ਨਿਖੇਧੀ ਕਰਦੀ ਹੈ। 'ਸ਼ਰਧਾਂਜਲੀ' ਕਹਾਣੀ ਪਾਰਟੀਆਂ ਅਤੇ ਜਥੇਬੰਦੀਆਂ ਵਿਚ ਪੂਰਨ ਇਮਾਨਦਾਰੀ ਦਰਸਾਉਣ ਅਤੇ ਬੇ-ਜੋੜ ਲਗਨ ਨਾਲ ਕੰਮ ਕਰਨ ਵਾਲੇ ਪੁਸ਼ਪਿੰਦਰ ਢਿੱਲੋਂ ਵਰਗੇ ਸਿਰੜੀ ਕਾਮਿਆਂ ਨਾਲ, ਮੌਕਾ ਪ੍ਰਸਤ ਤੇ ਖੁਦਗ਼ਰਜ਼ ਨੇਤਾਵਾਂ ਵੱਲੋਂ ਦਿਖਾਈ ਜਾਂਦੀ ਬੇਰੁਖੀ ਦਾ ਪਰਦਾ ਫਾਸ਼ ਕਰਦੀ ਹੋਈ ਇਹ ਦੱਸਣ ਦਾ ਯਤਨ ਕਰਦੀ ਹੈ ਕਿ ਦੁਨੀਆਂ ਭਰ ਵਾਂਗ ਭਾਰਤ ਅਤੇ ਪੰਜਾਬ ਵਿਚ ਵੀ ਖੱਬੀ ਲਹਿਰ ਦੇ ਵਿਗਠਨ ਅਤੇ ਵਿਨਾਸ਼ ਦਾ ਕਾਰਨ ਸਿਰਫ ਤੇ ਸਿਰਫ ਅਯੋਗ ਲੀਡਰਸ਼ਿਪ ਹੀ ਰਿਹਾ ਹੈ। ਇਸ ਕਹਾਣੀ ਦੇ ਪਾਸਾਰ ਰਾਹੀਂ ਕਹਾਣੀਕਾਰ ਨੇ ਰੂਸ ਵਰਗੇ ਸ਼ਕਤੀਸ਼ਾਲੀ ਰਾਜ ਦੇ ਖਿੰਡਣ-ਵਿਖਰਣ ਪਿੱਛੇ ਕਾਰਜਸ਼ੀਲ ਕਾਰਕਾਂ ਦੀ ਬਾਖੂਬੀ ਨਿਸ਼ਾਨਦੇਹੀ ਕੀਤੀ ਹੈ।

'ਰਾਹ ਕੋਈ ਹੋਰ ਵੀ ਹੋਣਾ' ਵਿਚ ਕਹਾਣੀਕਾਰ ਨੇ ਧਰਮ ਦੀ ਆੜ ਅਤੇ ਇਸ ਦੇ ਲੁਭਾਇਮਾਨ ਬਾਣਿਆਂ ਉਹਲੇ ਵਹਿਸ਼ੀ ਤੇ ਹਵਸੀ ਮਨੁੱਖਾਂ ਨੂੰ ਸ਼ਰ੍ਹੇਆਮ ਨੰਗਾ ਕਰਨ ਦਾ ਹੌਸਲਾ ਕੀਤਾ ਹੈ। ਅਤੇ 'ਅੰਦਰਲੀ ਔਰਤ' ਵਿਚ ਉਸਨੇ ਪੜ੍ਹੀ-ਲਿਖੀ ਪ੍ਰੋਫੈਸਰ ਰੀਟਾ ਨੂੰ ਭਾਰਤੀ ਸੰਸਕ੍ਰਿਤੀ ਦੇ ਅਣਚਾਹੇ ਅਤੇ ਅਣਮੇਚਵੇਂ ਰਵਾਇਤੀ ਕਿਸਮ ਦੇ ਬੋਝ ਤੋਂ ਮੁਕਤ ਕਰਾਉਣ ਲਈ ਹੰਭਲਾ ਮਾਰਿਆ ਹੈ। ਇਹ ਦੋਨੋਂ ਕਹਾਣੀਆਂ ਭਾਰਤੀ ਸਮਾਜ ਦੇ ਸਭਿਆਚਾਰ ਅਤੇ ਇਸ ਅੰਦਰਲੇ ਸੰਕਟਮਈ ਕੋਨਾਂ ਨੂੰ ਪਾਠਕੀ ਸਾਇਕੀ ਦਾ ਹਿੱਸਾ ਬਣਾਉਣ ਵੱਲ ਰੁਚਿਤ ਹੁੰਦੀਆਂ, ਅੱਜੋਕੀ ਸੂਝਵਾਨ ਪੀੜ੍ਹੀ ਨੂੰ ਕੁਝ ਨਵਾਂ ਸਿਰਜਣ ਨਵਾਂ ਕਰਨ ਲਈ ਆਧਾਰ ਮਹੱਈਆ ਕਰਦੀਆਂ ਹਨ। 'ਗਿੱਲੀ ਪੰਡ ਦਾ ਬੋਝ' ਦਲਬੀਰ ਨਾਮੀਂ ਹੁਸ਼ਿਆਰ ਲੜਕੀ ਦੀ ਕਹਾਣੀ ਹੈ ਜਿਸ ਦੀ ਪੜ੍ਹਾਈ ਉਸਦੇ ਮਾਂ-ਬਾਪ ਦੀ ਗਰੀਬੀ ਕਾਰਨ ਅਧੂਰੀ ਰਹਿ ਗਈ। ਜਿਸ ਦੇ ਮਾਰੂ ਪ੍ਰਭਾਵ ਨੇ ਉਸਦੇ ਮਾਨਸਿਕ ਸੰਤੁਲਨ ਨੂੰ ਪਾਗ਼ਲਪਨ ਦੀ ਹੱਦ ਤਕ ਉਲਝਾ ਕੇ ਰੱਖ ਦਿੱਤਾ। ਲੇਖਕ ਇਸ ਤ੍ਰਾਸਦਕ ਪਾਤਰ ਨਾਲ ਪਾਠਕ ਦੀ ਭਾਵੁਕ ਸਾਂਝ ਪੈਦਾ ਕਰਨ ਦੇ ਸਮਰੱਥ ਹੈ।

ਇਉਂ ਕੁਲ ਮਿਲਾ ਕੇ ਸੰਗ੍ਰਹਿ ਦੀਆਂ ਦਸ ਕਹਾਣੀਆਂ ਵਿਚੋਂ ਸਿਰਫ ਇਕ 'ਪੇਟ ਦੀ ਅੱਗ' ਹੀ ਅਤਰਜੀਤ ਦੇ ਪਰੰਪਰਾਗਤ ਵਿਸ਼ੇ ਨਾਲ ਸਬੰਧਤ ਆਖੀ ਜਾ ਸਕਦੀ ਹੈ, ਪਰ ਉਸ ਅੰਦਰਲਾ ਪਾਸਾਰ ਵੀ ਭਾਗੀ ਨਾਮੀਂ ਸਾਧਨਹੀਣ ਕੰਮਕਾਜੀ ਬਿਰਧ ਇਸਤਰੀ ਨਾਲ ਹਮਦਰਦੀ ਪੈਦਾ ਕਰਨ ਦੀ ਬਜਾਏ, ਮਨੁੱਖ ਮਾਤਰ ਦੀ ਜੀਵ-ਵਿਗਿਆਨਕ ਲੋੜ 'ਭੁੱਖ' ਦੀ ਵਧੇਰੇ ਵਿਆਖਿਆ ਕਰਦਾ ਹੈ। ਇਹ ਕਹਿਣਾ ਹਰਗਿਜ਼ ਅਣਉਚਿਤ ਨਹੀਂ ਕਿ ਜਦੋਂ ਪੰਜਾਬੀ ਦੇ ਕਈ ਸਿਰਮੌਰ ਹਸਤਾਖਰ, ਆਪਣੇ ਰਵਾਇਤੀ ਵਿਸ਼ਿਆਂ ਦਾ

ਤਿਆਗ ਕਰਕੇ ਦਲਿਤ-ਸਮਾਜੀ ਲੇਖਣੀ ਵੱਲ ਰੁਚਿਤ ਹੋਏ ਹਨ, ਉਦੋਂ ਅਤਰਜੀਤ ਨੇ ਆਪਣੀ ਕਹਾਣੀ ਦੇ ਵਿਸ਼ਾ-ਵਸਤੂ ਦੀ ਤਲਾਸ਼ ਲਈ ਨਵੇਂ ਦਿਸਹੱਦਿਆਂ ਤਕ ਪਹੁੰਚ ਕਰ ਲਈ ਹੈ। OO

[ਲਾਲ ਸਿੰਘ]

## ਮੋਹ ਮਿੱਟੀ [ਸੁਖਵੰਤ ਕੌਰ ਮਾਨ]

ਪੰਜਾਬੀ ਕਹਾਣੀ-ਸ਼ਾਸਤਰੀਆਂ ਵੱਲੋਂ ਨਵੀਂ ਪੀੜ੍ਹੀ ਦੇ ਪ੍ਰਵਾਨ ਕੀਤੇ ਕਹਾਣੀਕਾਰਾਂ ਵਿਚ ਸੁਖਵੰਤ ਕੌਰ ਮਾਨ ਦਾ ਨਾਂ ਸ਼ਾਮਲ ਹੈ। ਸਾਢੇ ਤਿੰਨ ਦਹਾਕਿਆਂ ਤੋਂ ਉਹ ਸਾਹਿਤ ਰਚਨਾ ਕਰ ਰਹੀ ਹੈ। ਇਸ ਸਮੇਂ ਦੌਰਾਨ ਉਸਦੇ ਚਾਰ ਕਹਾਣੀ ਸੰਗ੍ਰਹਿ, ਤਿੰਨ ਨਾਵਲਿਟ ਤੇ ਬੱਚਿਆਂ ਲਈ ਕਹਾਣੀਆਂ ਦੀਆਂ ਦੋ ਕਿਤਾਬਾਂ ਛਪ ਕੇ ਪੰਜਾਬੀ ਪਾਠਕਾਂ ਦੇ ਸਾਹਮਣੇ ਆਈਆਂ ਹਨ। ਜੇਕਰ ਇਸ ਲੇਖਿਕਾ ਦੀ ਸਿਰਜਣਸ਼ੀਲਤਾ ਨੂੰ ਉਸਦੇ ਨਿੱਜ ਨਾਲ ਜੋੜ ਕੇ ਵੇਖਿਆ-ਪਰਖਿਆ ਜਾਏ ਤਾਂ ਉਸਦੀ ਰਚਨਾ ਵਿਚੋਂ ਉਸਦੇ ਕਿਸਾਨੀ ਜੀਵਨ ਨਾਲ ਸੰਬੰਧਤ ਹੋਣ ਦੀ ਝਲਕ ਪ੍ਰਾਪਤ ਹੋਣ ਦੇ ਨਾਲ ਨਾਲ ਉਸਦੇ ਨਿੱਜੀ ਜੀਵਨ ਦੇ ਵੇਰਵਿਆਂ ਦੀ ਝਲਕ ਵੀ ਪ੍ਰਾਪਤ ਹੁੰਦੀ ਹੈ। ਇਸ ਔਰਤ ਕਹਾਣੀਕਾਰ ਨੇ ਆਪਣੇ ਚੌਥੇ ਕਹਾਣੀ ਸੰਗ੍ਰਹਿ 'ਮੋਹ ਮਿੱਟੀ' (ਪੰਨੇ 112, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਅਜਿਹੀ ਹੀ ਝਲਕ ਨੂੰ ਆਪਣੀ ਕਹਾਣੀ ਕਲਾ ਰਾਹੀਂ ਸਾਕਾਰ ਕੀਤਾ ਹੈ।

ਇਸ ਕਹਾਣੀ ਸੰਗ੍ਰਹਿ ਦੀ ਸਿਰਲੇਖਕ ਕਹਾਣੀ 'ਮੋਹ ਮਿੱਟੀ' ਪੰਜਾਬ ਦੀ ਛੋਟੀ ਕਿਸਾਨੀ ਦੀਆਂ ਤੰਗੀਆਂ-ਤੁਰਸ਼ੀਆਂ ਦਾ ਚਿਤਰਣ ਕਰਦੀ ਹੈ। ਛੋਟੀ ਕਿਸਾਨੀ ਨਵੇਂ ਬੀਜਾਂ, ਖਾਦਾਂ, ਟਰੈਕਟਰਾਂ, ਖੇਤੀ ਮਜ਼ਦੂਰਾਂ ਆਦਿ ਦੀ ਵਰਤੋਂ ਰਾਹੀਂ ਵਪਾਰਕ ਖੇਤੀ ਵੱਲ ਕਦਮ ਤਾਂ ਪੁੱਟ ਰਹੀ ਹੈ ਪਰ ਆਰਥਿਕ ਪਰਿਪੇਖ ਵਿਚ ਇਸ ਦਾ ਅਗਾਂਹ ਵੱਲ ਪੁੱਟਿਆ ਕਦਮ ਅਸਲ ਵਿਚ ਪਿਛਾਂਹ ਪੁੱਟਿਆ ਕਦਮ ਹੀ ਹੈ। ਕਿਉਂਕਿ ਜਿਨ੍ਹਾਂ ਟਰੈਕਟਰਾਂ/ਸੰਦਾਂ ਰਾਹੀਂ ਖੇਤੀ ਕੀਤੀ ਜਾਂਦੀ ਹੈ ਉਹ ਤਾਂ ਉਨ੍ਹਾਂ ਨੇ ਕਿਸ਼ਤਾਂ ਉੱਤੇ ਖਰੀਦੇ ਹੁੰਦੇ ਹਨ। ਕਿਸ਼ਤ ਨਾ ਤਾਰਨ ਉਪਰੰਤ ਟਰੈਕਟਰ/ ਸੰਦ ਵੇਚਣੇ ਪੈਂਦੇ ਹਨ। ਸਿੱਟੇ ਵਜੋਂ, ਛੋਟੀ ਕਿਸਾਨੀ ਦਾ ਪਰਿਵਾਰਕ, ਸਮਾਜਕ ਤੇ ਸਭਿਆਚਾਰਕ ਮਾਪਦੰਡ ਹੱਥੀਂ ਕੰਮ ਕਰਨ ਵਾਲੇ ਮਜ਼ਦੂਰ ਵਰਗ ਤੋਂ ਵੀ ਥੱਲੇ ਚਲਾ ਜਾਂਦਾ ਹੈ। ਕਿਉਂ ਜੁ, ਉਹ ਆਪਣੀ ਭੋਇੰ ਨਾਲੋਂ ਮੋਹ ਤੋੜ ਨਹੀਂ ਸਕਦੇ ਅਤੇ ਆਪਣੀ ਜੱਟਵਾਦੀ ਹਓਂ ਛੱਡ ਨਹੀਂ ਸਕਦੇ। 'ਮੋਹ ਮਿੱਟੀ' ਕਹਾਣੀ ਦਾ ਸਾਰਾ ਮਾਹੌਲ ਛੋਟੀ ਕਿਸਾਨੀ ਦੇ ਇਸ ਪੈਂਤੜੇ ਦੀ ਹੀ ਵਿਡੰਬਨਾ ਹੈ।

'ਬੇ-ਗਤੇ' ਕਹਾਣੀ ਦੀ ਮੂਲ ਸੁਰ ਕਿਸਾਨੀ ਸਮਾਜ ਵਿਚਲੇ ਮਰਦ-ਪ੍ਰਧਾਨ ਢਾਂਚੇ ਦੀ ਵਿਕਰਾਲਤਾ ਵਾਲੀ ਹੈ। ਆਪਣੇ ਕਾਰਜਗਤ ਰੂਪ ਵਿਚ ਮਰਦ ਪ੍ਰਧਾਨ ਸਮਾਜ ਔਰਤ ਦੀ ਬੇ-ਗਤੀ ਦਾ ਕਾਰਨ ਬਣਦਾ ਹੈ। ਸਾਰੀ ਕਹਾਣੀ ਵਿਚ ਔਰਤ ਦੀ ਆਪਣੀ ਮਰ ਚੁੱਕੀ ਧੀ ਨੂੰ ਮਿਲਣ ਦੀ ਵੇਦਨਾ ਹੈ। ਇਹ ਵੇਦਨਾ ਛੋਟੀ ਕਿਸਾਨੀ ਦੀਆਂ ਮਾੜੀਆਂ ਆਦਤਾਂ-ਵਿਆਹਾਂ ਉਤੇ ਫਜ਼ੂਲ ਖਰਚੀ, ਜੱਟ-ਆਕੜ, ਧੀਆਂ ਦਾ ਕਤਲ ਆਦਿ ਵਿਚੋਂ ਪੈਦਾ ਹੋਈ ਹੈ। ਇਸੇ ਤਰ੍ਹਾਂ ਹੀ ਛੋਟੀ ਕਿਸਾਨੀ ਨਾਲ ਸੰਬੰਧਤ ਕਹਾਣੀ 'ਮਾਖਿਓਂ ਦੀ ਛੱਲੀ' ਵਿਚ ਕੁਦਰਤੀ ਆਫ਼ਤਾਂ ਦਾ ਅਸਰ ਛੋਟੀ ਕਿਸਾਨੀ ਉਤੇ ਵਧੇਰੇ ਪੈਂਦਾ ਵਿਖਾਇਆ ਗਿਆ ਹੈ। ਸ਼ਹਿਦ ਇਕੱਠਾ ਕਰਦੀਆਂ ਸ਼ਹਿਦ ਦੀਆਂ ਮੱਖੀਆਂ ਨਾਲ ਛੋਟੇ ਕਿਸਾਨਾਂ ਦੀ ਤੁਲਨਾ ਕਰਦੀ ਹੋਈ ਇਹ ਕਹਾਣੀ ਵਿਚਾਰ ਦਿੰਦੀ ਹੈ ਕਿ ਛੋਟੀ ਕਿਸਾਨੀ ਨੂੰ ਆਪਣੇ ਖੇਤੀ ਦੇ ਕੰਮ ਧੰਦਿਆਂ ਲਈ ਆਪਣੇ ਘਰ ਦੀਆਂ ਟੂੰਮਾਂ, ਛਾਪਾਂ, ਮੱਝਾਂ ਆਦਿ ਵੇਚਣ ਦੇ ਨਾਲ ਨਾਲ ਆਪਣੇ ਪਰਿਵਾਰਕ ਮੈਂਬਰਾਂ ਲਈ ਲੋੜੀਂਦੀਆਂ ਪੜ੍ਹਾਈ ਤੇ ਸਵਾਸਥ ਦੀਆਂ ਜ਼ਰੂਰਤਾਂ ਤੋਂ ਵੀ ਸੱਖਣਾ ਰਹਿਣਾ ਪੈਂਦਾ ਹੈ। ਜਿਵੇਂ ਕਹਾਣੀ ਵਿਚਲਾ ਛੋਟੀ ਕਿਸਾਨੀ ਵਾਲਾ ਪਰਿਵਾਰ ਸ਼ਹਿਦ ਦਾ ਛੱਤਾ ਚੋ ਲੈਂਦਾ ਏ, ਉਸੇ ਤਰ੍ਹਾਂ ਛੋਟੀ ਕਿਸਾਨੀ ਵੱਲੋਂ ਕੀਤੀ ਪੈਦਾਵਾਰ ਸ਼ਾਹੂਕਾਰਾਂ, ਆੜ੍ਹਤੀਆਂ ਆਦਿ ਨੇ ਚੋ ਲੈਣੀ ਹੈ।



ਸਮਾਜ ਵਿਚ ਦਲਿਤ ਕਹੇ ਜਾਂ ਕਹਾਏ ਜਾਣ ਵਾਲੇ ਲੋਕਾਂ ਦੀ ਦਾਸਤਾਨ 'ਚੋਰ' ਨਾਮੀ ਕਹਾਣੀ ਬਿਆਨ ਕਰਦੀ ਹੈ। ਕਹਾਣੀ ਵਿਚ ਇਕ ਦਲਿਤ ਪਰਿਵਾਰ ਨੇ ਆਪਣੇ ਆਪਨੂੰ 'ਕੰਗਲਿਆ ਟੱਬਰ', 'ਕੁੱਤਿਆ ਟੱਬਰ' ਵਰਗੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਆਪਣੇ ਸਰਦਾਰ ਕੋਲੋਂ ਕਣਕ ਦੀ ਅੱਧੀ ਭਰੀ, ਚੋਰੀ ਕੁਲਫੀ ਵਾਲੇ ਨੂੰ ਚੁਕਾ ਕੇ ਇਹ ਪਰਿਵਾਰ ਖੁਸ਼ੀ ਮਹਿਸੂਸ ਕਰਦਾ ਹੈ। ਅਜਿਹਾ ਭਾਵ ਅਤੇ ਕਹਾਣੀ ਦਾ ਇਹ ਸੰਕੇਤ ਉਨ੍ਹਾਂ ਲੋਕਾਂ ਵਿਚ ਕ੍ਰਾਂਤੀ ਦੇ ਬੀਜ ਬੀਜਣ ਤੋਂ ਅਸਮਰੱਥ ਜਾਪਦਾ ਹੈ। ਤੇ ਕਹਾਣੀ ਨਿਰੋਲ ਦਲਿਤ ਟੱਬਰਾਂ ਦੀ ਭਾਵਮੂਰਤ ਰੁਮਾਂਟਿਕ ਦਿੱਖ ਘੜਨ ਤਕ ਸੀਮਤ ਹੋ ਕੇ ਰਹਿ ਜਾਂਦੀ ਏ ਪਰ 'ਪ੍ਰਤੀਧਵਨੀਆਂ' ਕਹਾਣੀ ਵੀ ਭਾਵਪੂਰਤ ਰੁਮਾਂਟਿਕਤਾ ਵਿਚ ਜਕੜੀ ਹੋਈ ਦਲਿਤ ਪਾਤਰਾਂ ਖਾਸਕਰ ਗੁਰਮੇਲ, ਵਿਚ ਭੰਬੀਰੀ ਵਾਂਗ ਘੁੰਮਦੀ ਹੋਈ ਕ੍ਰਾਂਤੀਸ਼ੀਲ ਦਲਿਤ ਚੇਤਨਾ ਪੈਦਾ ਕਰਦੀ ਹੈ ਜਿਸਨੇ ਮੁੜ ਆਪਣੇ ਭੰਬੀਰੀ ਰੂਪ ਭਾਵ ਮੁੜ੍ਹਕੇ ਮਾਰੇ ਲੀੜਿਆਂ ਦੇ ਰੂਪ ਵਿਚ ਆ ਜਾਣਾ ਹੁੰਦਾ ਹੈ। ਗੁਰਮੇਲ ਦਾ ਆਪਣੇ ਭਰਾ ਨਾਲ ਧਮੁੱਕਾ-ਮੁੱਕੀ ਦਾ ਦ੍ਰਿਸ਼ ਇਸ ਪਲੇਟ-ਫ਼ਾਰਮ ਉਤੇ ਘੁੰਮਦੀ ਭੰਬੀਰੀ ਨੂੰ ਦਰਸਾਉਣ ਮਾਤਰ ਹੀ ਹੈ।

ਹਿੰਦ-ਪਾਕਿ ਬਣਨ ਵੇਲੇ ਛੋਟੀਆਂ ਜਾਤਾਂ ਨਾਲ ਵਾਪਰੀਆਂ ਘਟਨਾਵਾਂ ਨੂੰ ਦੱਸਦੀ ਹੋਈ 'ਜਿੱਤ' ਨਾਮੀ ਕਹਾਣੀ ਸਿੱਖ ਅਤੇ ਮੁਸਲਮਾਨ ਕੌਮਾਂ ਦਾ ਫ਼ਰਕ ਵੀ ਦੱਸਦੀ ਹੈ। ਸਿੱਖ ਕੌਮ ਨੂੰ ਮੁਸਲਮਾਨ ਕੌਮ ਤੋਂ ਉਚਾ ਦਰਸਾਉਣਾ ਅਤੇ ਪਾਕਿਸਤਾਨੀ ਮੁਸਲਮਾਨੀ ਕਿਸਾਨੀ ਨਾਲੋਂ ਹਿੰਦੁਸਤਾਨੀ ਪੰਜਾਬੀ ਕਿਸਾਨੀ ਨੂੰ ਚੰਗਾ ਦੱਸਣਾ ਇਸ ਕਹਾਣੀ ਦੇ ਦੋ ਮਹੱਤਵਪੂਰਨ ਪਹਿਲੂ ਹਨ। ਇਨ੍ਹਾਂ ਪਹਿਲੂਆਂ ਦਾ ਉਸਾਰ ਇਸ ਕਹਾਣੀ ਵਿਚਲੇ ਅੱਲਾਰੱਖਾ ਨਾਮੀ ਪਾਤਰ ਦੇ ਬੋਲ ਹਨ। ਉਸਦੇ ਬੋਲਾਂ ਦਾ ਅੰਤਮ ਸੱਚ 'ਖੁਸ਼ੀ' ਕਹਾਣੀ ਵਿਚ ਛੁਪਿਆ ਹੋਣ ਕਰਕੇ 'ਖੁਸ਼ੀ' ਕਹਾਣੀ 'ਜਿੱਤ' ਕਹਾਣੀ ਦਾ ਇਕ ਹਿੱਸਾ ਜਾਪਦੀ ਏ। 'ਖੁਸ਼ੀ' ਵਿਚ ਭਾਰਤ ਆ ਕੇ ਵਸੇ ਸਰਦਾਰਾਂ ਦੀ ਘਟ ਰਹੀ ਭੋਇੰ ਤੋਂ ਉਪਜੀ ਘਟ ਰਹੇ ਦੁਧਾਰੂ ਪਸ਼ੂਆਂ ਦੀ ਸਮੱਸਿਆ ਵੱਲ ਝਾਤੀ ਮਾਰੀ ਗਈ ਹੈ। ਇਹ ਝਾਤੀ ਮਾਰਨ ਲਈ ਕਹਾਣੀਕਾਰ ਨੇ ਕਹਾਣੀ ਵਿਚਲੀ ਭਾਵਕਤਾ ਨੂੰ ਪ੍ਰਭਾਵਕਤਾ ਭਰਪੂਰ ਕਰਕੇ ਕਲਾਤਮਕਤਾ ਨਾਲ ਲਬਰੇਜ਼ ਕੀਤਾ ਹੈ। ਇਸੇ ਤਰ੍ਹਾਂ ਹੀ 'ਚੱਟੂ' ਨਾਮਕ ਕਹਾਣੀ ਹਿੰਦ-ਪਾਕਿ ਬਣਨ ਸਮੇ ਉਜੜੇ ਲੋਕਾਂ ਦੇ ਸ਼ਰਨਾਰਥੀਪੁਣੇ ਨੂੰ ਪੇਸ਼ ਕਰਦੀ ਹੋਈ ਉਹਨਾਂ ਦੇ ਪੱਕੇ ਵਸੇਬੇ ਦੀ ਗੱਲ ਵੀ ਕਰਦੀ ਹੈ। ਇਕ ਪੱਕੇ ਵਸੇਬੇ ਵਿਚੋਂ ਉਨ੍ਹਾਂ ਨੂੰ ਆਪਣੀ ਵਿਰਾਸਤ ਵਿਚੋਂ ਪ੍ਰਾਪਤ ਸਭਿਆਚਾਰਕ ਚੇਤਨਾ ਦੇ ਗੁਆਚ ਜਾਣ ਦੇ ਅੱਥਰੂ ਵੀ ਪ੍ਰਾਪਤ ਹੁੰਦੇ ਹਨ, ਤੇ ਸੰਬੰਧਤ ਦੇਸ਼ਾਂ ਵਿਚ ਪਨਪੀ ਨਵੀਂ ਸਭਿਆਚਾਰਕ ਚੇਤਨਾ ਦੀ ਪ੍ਰਾਪਤੀ ਲਈ ਖੁਸ਼ੀ, ਹਾਸਾ ਤੇ ਖੇੜਾ ਵੀ ਪ੍ਰਾਪਤ ਹੁੰਦਾ ਹੈ। ਇਕ ਚੱਟੂ ਨਾਲ ਭਾਵਕ ਬੰਧਨ ਵਿਚ ਬੱਝਿਆ ਪਰਿਵਾਰ ਕਹਾਣੀ ਦੇ ਅੰਤ ਵਿਚ ਉਸ ਵੱਲੋਂ ਨਿਰਮੋਹੇ ਹੋਣ ਦਾ ਸੰਕੇਤ ਇਸੇ ਗੱਲ ਦੀ ਸੂਚਨਾ ਦਿੰਦਾ ਹੈ।

ਤਿੰਨ ਕਹਾਣੀਆਂ -'ਸੱਜਰੀ ਹਵਾ ਦੀ ਉਡੀਕ', 'ਸ਼ੇਰ' ਅਤੇ 'ਸੁੱਕੇ ਸਮੁੰਦਰ' ਦੀ ਬਿਰਤਾਂਤ ਸਿਰਜਨਾ ਪੰਜਾਬ ਵਿਚ ਦਹਿਸ਼ਤਗਰਦੀ ਦੇ ਦਿਨਾਂ ਦੀ ਯਾਦ ਦੁਆਉਂਦੀ ਹੈ। ਪਹਿਲੀ ਕਹਾਣੀ ਵਿਚ ਇਕ ਪਰਿਵਾਰ ਦੇ ਮੈਂਬਰਾਂ ਦਾ ਆਪ੍ਣੇ ਹੀ ਘਰ ਵਿਚ ਦਹਿਸ਼ਤਗਰਦਾਂ ਤੋਂ ਡਰਨ ਦਾ ਵਾਤਾਵਰਣ ਪੇਸ਼ ਕੀਤਾ ਗਿਆ ਹੈ। ਦੂਸਰੀ ਵਿਚ ਪੁਲਿਸ, ਅਤਿਵਾਦੀਆਂ ਅਤੇ ਕਾਲੇ ਕੱਛੇ ਵਾਲਿਆਂ ਵੱਲੋਂ ਲੋਕਾਂ ਉਤੇ ਹੁੰਦੇ ਜ਼ੁਲਮ ਨੂੰ ਅਤੇ ਤੀਸਰੀ ਕਹਾਣੀ ਵਿਚ ਸਮੁੱਚੇ ਪੰਜਾਬ ਦੇ ਦਹਿਸ਼ਤਗਰਦੀ ਤੋਂ ਪ੍ਰਭਾਵਤ ਵਾਤਾਵਰਣ ਨੂੰ ਪੇਸ਼ ਕੀਤਾ ਗਿਆ ਹੈ।

ਸਰਕਾਰ ਦੀਆਂ ਕੋਝੀਆਂ ਸਕੀਮਾਂ ਕਿਵੇਂ ਸ਼ਹਿਰ ਵਸਾਉਣ ਜਾਂ ਸ਼ਹਿਰਾਂ ਨੂੰ ਵਧਾਉਣ ਲਈ ਪਿੰਡਾਂ ਦੇ ਲੋਕਾਂ ਨਾਲ ਅਨਿਆਂ ਕਰਦੀ ਹੈ, ਇਸ ਅਨਿਆਂ ਨੂੰ 'ਜਿਊਣ ਜੋਗੇ' ਕਹਾਣੀ ਵਿਚ ਕਹਾਣੀਕਾਰਾ ਨੇ ਗਾਲਪਨਿਕ ਨਿਆਂ ਦੁਆਰਾ ਮੂਰਤੀਮਾਨ ਕੀਤਾ ਹੈ। 'ਚੂਹਾ' ਕਹਾਣੀ ਔਰਤ-ਮਰਦ ਦੇ ਵਰਜਿਤ ਪ੍ਰੇਮ ਦੀ ਮਨੋ-ਦਸ਼ਾ ਨੂੰ ਆਪਣੀ ਮੌਲਿਕ ਪ੍ਰਤੀਕ ਵਿਧੀ- ਚੂਹਾ ਘੁੰਮਣਘੇਰੀਆਂ ਰਾਹੀਂ ਪੇਸ਼ ਕਰਦੀ ਹੈ। 'ਕੀੜੀਆਂ' ਕਹਾਣੀ ਵੀ ਕੁਝ ਇਸੇ ਤਰ੍ਹਾਂ ਦੀ ਹੀ ਕਹਾਣੀ ਹੈ।

ਸਮੁੱਚੇ ਤੌਰ ਉਤੇ ਕਿਹਾ ਜਾ ਸਕਦਾ ਹੈ ਕਿ ਇਸ ਕਹਾਣੀ ਸੰਗ੍ਰਹਿ ਦੀਆਂ ਲਗਪਗ ਸਾਰੀਆਂ

ਹੀ ਕਹਾਣੀਆਂ ਵਿਚਲੀ ਰਚਨਾ-ਵਿਧੀ ਉਸਾਰੂ ਵਿਅੰਗਾਤਮਕਤਾ ਦੀ ਧਾਰਨੀ ਹੈ, ਅਜਿਹੀ ਵਿਧੀ ਦੀ ਧਾਰਨਾ ਵਾਲੇ ਹੋਰਨਾਂ ਪੰਜਾਬੀ ਕਹਾਣੀਕਾਰਾਂ ਵਾਂਗ ਸੁਖਵੰਤ ਕੌਰ ਮਾਨ ਨੂੰ ਵੀ ਪੜ੍ਹਿਆ ਤੇ ਵਾਚਿਆ ਜਾਣਾ ਬਣਦਾ ਹੈ। OO

[ਚੰਦਰ ਮੋਹਨ]

## ਇਖ਼ਲਾਕ ਗੁੰਮ ਹੈ [ਗੁਰਮੇਲ ਮਡਾਹੜ]

'ਇਖ਼ਲਾਕ ਗੁੰਮ ਹੈ' ਗੁਰਮੇਲ ਮਡਾਹੜ ਦਾ ਦਸਵਾਂ ਕਹਾਣੀ ਸੰਗ੍ਰਹਿ ਹੈ (ਲਿਟਰੇਚਰ ਹਾਊਸ ਅੰਮ੍ਰਿਤਸਰ, ਮੁੱਲ 100 ਰੁਪਏ, ਪੰਨੇ 96)। ਮਡਾਹੜ ਸਮਾਜਕ- ਰਾਜਸੀ ਚੇਤਨਾ ਸੰਪੰਨ ਕਹਾਣੀਕਾਰ ਹੈ ਜੋ ਸਮਾਜਕ ਸਿਸਟਮ ਵਿਚ ਵਾਪਰ ਰਹੀ ਟੁੱਟ-ਭੱਜ ਨੂੰ ਨੇੜਿਓਂ ਵੇਖਦਾ ਹੈ ਅਤੇ ਸਿਸਟਮ ਵਿਚ ਆ ਰਹੇ ਨਿਘਾਰ ਦੇ ਕਾਰਨਾਂ ਨੂੰ ਦੇਸ਼ ਦੀ ਕਪਟ ਰਾਜਨੀਤੀ ਦੇ ਅੰਤਰਗਤ ਤਲਾਸ਼ ਕਰਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਇਖ਼ਲਾਕ ਗੁੰਮ ਹੈ' ਸਮਾਜਕ ਰਾਜਸੀ ਮੁੱਲ-ਵਿਧਾਨ ਵਿਚ ਨੈਤਿਕਤਾ ਦੇ ਦਮ ਤੋੜ ਜਾਣ ਦੀ ਗਾਥਾ ਨੂੰ ਪੇਸ਼ ਕਰਦੀ ਹੈ। ਸਿਆਸਤ, ਡਾਕਟਰੀ, ਟਰੇਡ ਯੂਨੀਅਨ, ਸਿੱਖਿਆ, ਪੁਲਿਸ ਤੇ ਪੱਤਰਕਾਰੀ ਆਦਿ ਸ਼੍ਰੇਣੀਆਂ ਆਪਣੇ ਫਰਜ਼ਾਂ ਨੂੰ ਭੁੱਲ ਕੇ ਅਨੈਤਿਕ ਕਦਰਾਂ-ਕੀਮਤਾਂ ਦੀਆਂ ਧਾਰਨੀ ਬਣ ਚੁੱਕੀਆਂ ਹਨ। 'ਦਬਾਅ' ਵੀ ਇਸੇ ਕਿਸਮ ਦੀ ਕਹਾਣੀ ਹੈ ਜਿਸ ਵਿਚ ਰਾਜਨੀਤੀ ਦੀ ਕਪਟ ਖੇਡ ਵਿਚ ਪਾਤਰ ਮਾਨਸਿਕ ਤਣਾਉ ਦਾ ਸ਼ਿਕਾਰ ਹੋ ਕੇ ਨਾ ਚਾਹੁੰਦਿਆਂ ਹੋਇਆਂ ਵੀ ਆਪਣੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੰਦਾ ਹੈ ਅਤੇ ਇਹ ਤਣਾਉ ਉਸ ਦੀ ਮਾਨਸਿਕਤਾ ਤੇ ਸ਼ਖ਼ਸੀਅਤ ਨੂੰ ਡਾਵਾਂਡੋਲ ਕਰ ਦਿੰਦਾ ਹੈ। 'ਅੰਦਰਲੀ ਮੌਤ' ਕਹਾਣੀ ਸਾਡੇ ਸਮਾਜ ਵਿਚਲੀ ਜਾਤੀ ਭਾਵਨਾ ਅਤੇ ਸਿਸਟਮ ਦੀ ਭ੍ਰਿਸ਼ਟਤਾ ਵਿਚ ਪਾਸਾਰ ਕਰਦੀ ਹੈ। ਕਰੂਰ ਸਥਿਤੀਆਂ ਦੇ ਸਾਹਮਣੇ ਬੇਵੱਸ, ਜਾਤੀ ਭਾਵਨਾ ਦਾ ਸ਼ਿਕਾਰ ਅਤੇ ਸਿਸਟਮ ਦੀਆਂ ਭ੍ਰਿਸ਼ਟ ਤੇ ਅਨੈਤਿਕ ਕਾਰਵਾਈਆਂ ਦਾ ਝੰਬਿਆ ਥਾਣੇਦਾਰ ਬਾਰੂ ਸਿੰਘ ਦਾ ਪਾਤਰ ਅਚੇਤ ਹੀ ਜ਼ਾਲਮ ਸਿੰਘ ਵਿਚ ਰੂਪਾਂਤਰਿਤ ਹੋ ਜਾਂਦਾ ਹੈ।

ਸਿਸਟਮ ਵਿਚ ਟੁੱਟ ਭੱਜ ਅਤੇ ਸ਼ਹਿਰੀਕਰਣ ਦੀ ਪ੍ਰਵਿਰਤੀ ਦੇ ਅੰਤਰਗਤ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਨੇ ਆਮ ਆਦਮੀ ਦੀ ਜ਼ਿੰਦਗੀ ਵਿਚ ਵੱਡੇ ਪੱਧਰ ਉਤੇ ਟੁੱਟ ਭੱਜ ਲੈ ਆਂਦੀ ਹੈ। ਲੋੜਾਂ, ਥੁੜ੍ਹਾਂ ਤੇ ਘਾਟਾਂ ਅਤੇ ਮਨ ਦੀ ਮਹੱਤਵਆਕਾਂਖਿਆਂ ਵਿਚਲਾ ਤਣਾਉ ਵਿਅਕਤੀ ਦੀ ਹਰ ਪੱਖੋਂ ਸਮਰੱਥ ਬਣਨ ਦੀ ਰੁਚੀ ਅਧੀਨ ਉਸ ਨੂੰ ਰਸਾਤਲ ਵੱਲ ਲਿਜਾ ਰਿਹਾ ਹੈ। 'ਪ੍ਰਦੂਸ਼ਣ' ਕਹਾਣੀ ਵਿਚ ਰਿਸ਼ਤਿਆਂ ਵਿਚਲਾ ਮੋਹ, ਪਿਆਰ ਤੇ ਕਿਰਦਾਰ ਵੱਡੇ ਬਣਨ ਦੀ ਚਾਹ ਵਿਚ ਪ੍ਰਦੂਸ਼ਤ ਹੋ ਜਾਂਦਾ ਹੈ ਪਰ ਵਿਅਕਤੀ ਦੀ ਹੋਣੀ ਇਹ ਹੈ ਕਿ ਉਹ ਨਵੀਆਂ ਪ੍ਰਵਾਹਵਾਨ ਕੀਮਤਾਂ ਵਿਚ ਇਸ ਨੂੰ ਪ੍ਰਵਾਨ ਕਰ ਲੈਂਦਾ ਹੈ। ਅਖੌਤੀ ਸ਼ਾਨ ਨੇ ਵਿਅਕਤੀ ਨੂੰ ਵਸਤੂਮੁਖੀ ਬਣਾ ਦਿੱਤਾ ਹੈ ਅਤੇ ਉਹ ਆਪਣੇ ਬਾਜ਼ਾਰੂ ਮੁੱਲ ਨੂੰ ਬਣਾਈ ਰੱਖਣ ਲਈ ਖ਼ੂਨ ਦੇ ਰਿਸ਼ਤਿਆਂ ਦੀ ਵਿਆਕਰਨ ਵਿਚ ਛੇੜ ਛਾੜ ਕਰਦਿਆਂ ਅਤੇ ਸਦਾਚਾਰਕ ਕੀਮਤਾਂ ਨੂੰ ਮਨਫ਼ੀ ਕਰਦਿਆਂ ਸਮਾਜੀ ਤੌਰ ਨਾਲ ਚੱਲਣਾ ਆਪਣੀ ਸ਼ਾਨ ਸਮਝਦਾ ਹੈ। 'ਨਿਘਾਰ' ਕਹਾਣੀ ਵੀ ਸਮਾਜ ਦੇ ਇਸੇ ਸੱਚ ਨੂੰ ਪ੍ਰਸਤੁਤ ਕਰਦੀ ਹੈ। ਕਹਾਣੀ ਵਿਚਲਾ ਪਾਤਰ ਖ਼ੂਨੀ ਰਿਸ਼ਤਿਆਂ ਦੀ ਹੱਦ ਟੱਪ ਕੇ ਪਸ਼ੂ ਬਿਰਤੀ ਅਧੀਨ ਜਿਨਸੀ ਜ਼ੁਲਮ ਦੀ ਹੱਦ ਟੱਪ ਜਾਂਦਾ ਹੈ। ਸਮਾਜਕ ਸਿਸਟਮ ਵਿਚ ਆ ਰਹੀ ਗਿਰਾਵਟ ਨੂੰ 'ਸਮਾਧ ਚੁੱਪ ਹੈ' ਕਹਾਣੀ ਪੇਸ਼ ਕਰਦੀ ਹੈ। ਵਿਕਸਿਤ ਸਮਾਜ ਵਿਚ ਸਮਰਿੱਧੀ ਆਉਣ ਦੇ ਬਾਵਜੂਦ ਸਮਾਜਕ ਭਾਈਚਾਰਕ ਰਿਸ਼ਤਿਆਂ ਵਿਚੋਂ ਇਨਸਾਨੀਅਤ ਮਰਦੀ ਜਾ ਰਹੀ ਹੈ।

ਗੁਰਮੇਲ ਮਡਾਹੜ ਦੀਆਂ ਕਹਾਣੀਆਂ ਸਮਾਜਕ ਤੇ ਰਾਜਸੀ ਪਰਿਪੇਖ ਦੇ ਨਾਲ ਨਾਲ ਆਰਥਿਕਤਾ ਦੇ ਵਿਸ਼ੇ ਨੂੰ ਨਿਭਾਉਂਦੀਆਂ ਹਨ। ਪੇਟ ਖਾਤਰ ਮਨੁੱਖ ਆਪਣੇ ਆਪ ਨੂੰ ਮੌਤ ਨਾਲ ਜੂਝਦੀਆਂ ਸਥਿਤੀਆਂ



ਵਿਚ ਪਾਉਣ ਤੋਂ ਵੀ ਨਹੀਂ ਡਰਦਾ। 'ਰੋਟੀ' ਕਹਾਣੀ ਮਨੁੱਖ ਦੇ ਇਸ ਸੰਤਾਪ ਨੂੰ ਪੇਸ਼ ਕਰਦੀ ਹੈ।

ਲੇਖਕ ਮਾਨਵੀ ਕੀਮਤਾਂ ਦਾ ਧਾਰਨੀ ਹੋਣ ਕਰਕੇ ਸਮਾਜ ਵਿਚ ਇਨਸਾਨੀਅਤ ਤੇ ਬਰਾਬਰੀ ਦੀ ਭਾਵਨਾ ਨੂੰ ਤਰਜੀਹ ਦਿੰਦਾ ਹੈ। ਉਸਦੀ ਮਾਨਵੀਵਾਦੀ ਸੋਚ ਰਿਸ਼ਤਿਆਂ ਨੂੰ ਜੋੜਨ ਵਿਚ ਉਤਸਕ ਨਜ਼ਰ ਆਉਂਦੀ ਹੈ। 'ਕਿਊੜੇ ਦੀ ਮਹਿਕ' ਕਹਾਣੀ ਇਸੇ ਵਿਚਾਰਧਾਰਾ ਦੀ ਧਾਰਨੀ ਹੈ। ਇਹ ਕਹਾਣੀ ਪਰਿਵਾਰਕ ਜੀਵਨ ਵਿਚਲੇ ਰਿਸ਼ਤਿਆਂ ਵਿਚ ਖਲੂਸ, ਪਿਆਰ ਤੇ ਸਮਰਪਣ ਦੀ ਭਾਵਨਾ ਨੂੰ ਬਣਾਈ ਰੱਖਣ ਲਈ ਮਨੁੱਖ ਦੀ ਸਮਝਦਾਰੀ ਦਾ ਬਿਆਨ ਕਰਦੀ ਹੈ।

ਸ਼ਹਿਰੀਕਰਣ ਨੇ ਜਿਥੇ ਰਿਸ਼ਤਿਆਂ ਵਿਚ ਤਰੇੜ ਪਾਈ ਹੈ, ਉਥੇ ਮਨੁੱਖ ਵਿਚ ਵੱਡੇ ਛੋਟੇ ਦੀ ਭਾਵਨਾ, ਜਾਤਪਾਤ, ਸ਼੍ਰੇਣੀ ਹੰਕਾਰ ਦੀ ਭਾਵਨਾ ਖ਼ਾਤਮਾ ਵੀ ਕੀਤਾ ਹੈ। 'ਰੰਗ ਬਦਲਦੇ ਮੌਸਮ' ਕਹਾਣੀ ਵਿਚ ਇਸੇ ਵਰਤਾਰੇ ਦਾ ਉਲੇਖ ਹੋਇਆ ਹੈ।

ਮਡਾਹੜ ਦੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪਾਠਕਾਂ ਨੂੰ ਉਨ੍ਹਾਂ ਸਥਿਤੀਆਂ ਦੇ ਸਨਮੁਖ ਕਰ ਦਿੰਦਾ ਹੈ ਜਿਹੜੀਆਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਨ੍ਹਾਂ ਉਤੇ ਅਸਰ ਅੰਦਾਜ਼ ਹਨ। ਉਸਦੀਆਂ ਕਹਾਣੀਆਂ ਵਿਚ ਸਥਿਤੀਆਂ ਇਸ ਕਦਰ ਪਾਤਰਾਂ ਉਤੇ ਹਾਵੀ ਹਨ ਕਿ ਉਹ ਇਨ੍ਹਾਂ ਵਿਚੋਂ ਨਿਕਲਣ ਲਈ ਛਟਪਟਾਉਂਦੇ ਹਨ। ਪਰ ਕਹਾਣੀਆਂ ਦੀ ਖ਼ੂਬਸੂਰਤੀ, ਇਨ੍ਹਾਂ ਵਿਚ ਸਥਿਤੀਆਂ ਉਤੇ ਕੀਤਾ ਗਿਆ ਕਾਟਵਾਂ ਵਿਅੰਗ ਹੈ ਜਿਸ ਨੂੰ ਮਡਾਹੜ ਨੇ ਇਕ ਜੁਗਤ ਦੇ ਰੂਪ ਵਿਚ ਵਰਤਿਆ ਹੈ ਜਿਸ ਕਰਕੇ ਬਹੁਤੀਆਂ ਕਹਾਣੀਆਂ ਵਿਚ ਨਾਟਕੀਅਤਾ ਦਾ ਅੰਸ਼ ਪ੍ਰਧਾਨ ਹੋ ਗਿਆ ਹੈ ਜੋ ਉਸ ਦੀਆਂ ਕਹਾਣੀਆਂ ਵਿਚ ਗਤੀ ਭਰਦਾ ਹੈ। ਮਡਾਹੜ ਨੂੰ ਇਸ ਕਦਰ ਸਥਿਤੀਆਂ ਨੂੰ ਪਾਤਰਾਂ ਉਤੇ ਭਾਰੂ ਕਰਨ ਦੀ ਰੁਚੀ ਤੋਂ ਬਚਣਾ ਚਾਹੀਦਾ ਹੈ, ਜਿਸ ਕਰਕੇ ਪਾਤਰ ਆਪਣੀ ਵਖਰੀ ਹੋਂਦ ਨੂੰ ਸਥਾਪਤ ਕਰਨ ਲਈ ਨਾ ਛਟਪਟਾਏ।

'ਇਖ਼ਲਾਕ ਗੁੰਮ ਹੈ' ਮਡਾਹੜ ਦੀ ਕਹਾਣੀ-ਕਲਾ ਵਿਚਲੇ ਵਿਕਾਸ ਦਾ ਸੂਚਕ ਹੈ। ਇਸ ਸੰਗ੍ਰਹਿ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ। OO

[ਗੁਰਇਕਬਾਲ ਸਿੰਘ]

## ਧਰਮ ਗੁਰੂ [ਸਵਰਾਜਬੀਰ]

ਸਵਰਾਜਬੀਰ ਪੰਜਾਬੀ ਸਾਹਿਤ ਵਿਚ ਬਤੌਰ ਕਵੀ ਆਪਣੀ ਨਿਵੇਕਲੀ ਪਛਾਣ ਬਣਾ ਚੁੱਕਾ ਹੈ। ਉਸ ਦੀਆਂ ਤਿੰਨ ਕਾਵਿ- ਪੁਸਤਕਾਂ 'ਆਪਣੀ ਆਪਣੀ ਰਾਤ' (1985), 'ਸਾਹਾਂ ਥਾਣੀ' (1989) ਅਤੇ '23 ਮਾਰਚ' (1992) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਹੁਣ ਉਸ ਦਾ ਨਾਟਕ 'ਧਰਮ ਗੁਰੂ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁਲ 100 ਰੁਪਏ, ਪੰਨੇ 96) ਛਪਕੇ ਆਇਆ ਹੈ, ਜੋ ਇਕ ਤਰ੍ਹਾਂ ਨਾਲ ਉਸਦੀਆਂ ਕਵਿਤਾਵਾਂ ਦਾ ਹੀ ਪਾਸਾਰ ਹੈ। ਇਸ ਵਿਚ ਪੇਸ਼ ਪ੍ਰਸੰਗਾਂ ਤੋਂ ਇਸ ਗੱਲ ਦੀ ਪੁਸ਼ਟੀ ਵੀ ਹੋ ਜਾਂਦੀ ਹੈ। 'ਧਰਮ ਗੁਰੂ' ਵਿਚ ਉਸ ਨੇ ਧਰਮ ਦੀ ਰਾਜਨੀਤੀ ਕਾਰਨ ਪੈਦਾ ਹੋਏ ਹਾਲਾਤ ਦੀ ਵਿਕਰਾਲਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਿਆ ਹੈ। ਵਿਅੰਗ ਦਾ ਡੰਗ ਬੇਹੱਦ ਤਿੱਖਾ ਹੈ। ਧਾਰਮਿਕ ਅਤੇ ਸਮਾਜਕ ਢਾਂਚੇ ਉਤੇ ਕਰਾਰੀ ਚੋਟ ਲਈ ਉਸ ਨੇ ਪ੍ਰਾਚੀਨ ਗ੍ਰੰਥਾਂ ਵਿਚਲੀ ਇਕ ਕਥਾ ਨੂੰ ਚੁਣਿਆ ਹੈ। ਇਸ ਕਥਾ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਇਸ ਵਿਚੋਂ ਅਜੋਕੇ ਧਾਰਮਿਕ-ਸਮਾਜਕ-ਸਿਆਸੀ ਪ੍ਰਸੰਗਾਂ ਦੀ ਸਪਸ਼ਟ ਝਲਕ ਦਿਖਾਈ ਦਿੰਦੀ ਹੈ। ਇਨ੍ਹਾਂ ਪ੍ਰਸੰਗਾਂ ਦੀ ਮੁਹਾਰਨੀ ਨੂੰ ਪ੍ਰਚੰਡ ਕਰਨ ਲਈ ਉਸ ਨੇ ਮੂਲ ਕਥਾ ਵਿਚ ਕੁਝ ਕੁ ਹੇਰ-ਫੇਰ ਵੀ ਕੀਤੀ ਹੈ ਅਤੇ ਕੁਝ ਪਾਤਰ ਆਪਣੇ ਕੋਲੋਂ ਵੀ ਸਿਰਜ ਲਏ ਹਨ। ਸਿੱਟੇ ਵਜੋਂ ਹਾਲਾਤ ਦੀ ਕਰੂਰਤਾ ਲਗਾਤਾਰ ਨੰਗੀ ਹੁੰਦੀ ਚਲੀ ਜਾਂਦੀ ਹੈ ਅਤੇ ਨਾਟਕ ਤਣਾਅ ਵੱਲ ਵਧਣਾ ਸ਼ੁਰੂ ਕਰਦਾ ਹੈ।

ਨਾਟਕ ਦੀ ਪ੍ਰਸਤਾਵਨਾ ਨਾਲ ਹੀ ਇਹ ਤਣਾਅ ਸ਼ੁਰੂ ਹੋ ਜਾਂਦਾ ਹੈ। ਇਹ ਤਣਾਅ ਧਰਮ ਗੁਰੂ

ਦੇ 'ਧਰਮ' ਅਤੇ ਲੋਕਾਂ ਦੀ ਜੀਣ ਦੀ ਲਲ੍ਹਕ ਵਿਚਕਾਰ ਹੈ। ਸੂਤਰਧਾਰ 'ਕਥਾ ਸੁਣਾਉਣੀ ਔਖੀ ਲੋਕੋ! ਕਥਾ ਇਹ ਕਿਵੇਂ ਸੁਣਾਈਏ ?' ਨਾਲ ਹਾਲਾਤ ਨੂੰ ਕੁਰੇਦਣਾ ਸ਼ੁਰੂ ਕਰਦਾ ਹੈ। ਇਹ ਤਣਾਅ ਅਯੁੱਧਿਆ ਦੇ ਰਾਜੇ ਤ੍ਰਿਆਆਰੁਣ ਦੇ ਪੁੱਤਰ ਸਤਿਅਵ੍ਰਤ ਅਤੇ ਧਰਮ ਗੁਰੂ ਰਿਸ਼ੀ ਵਸਿਸ਼ਠ ਦੇ ਵਾਰਤਾਲਾਪ ਰਾਹੀਂ ਸਿਖਰ ਵੱਲ ਤੁਰਦਾ ਹੈ ਜਿਸ ਵਿਚੋਂ ਧਰਮ ਗੁਰੂ ਦੇ ਅਸਲ ਸਰੋਕਾਰ ਉਘੜਦੇ ਹਨ। ਇਹ ਸੰਵਾਦ ਨਾਟਕ ਵਿਚ ਦੋ ਵਾਰ ਹੁੰਦਾ ਹੈ। ਦੋ ਵਾਰ ਹੀ ਧਰਮ ਗੁਰੂ ਦਲੀਲਾਂ ਨੂੰ ਲਾਂਭੇ ਰੱਖਦਿਆਂ ਸਤਿਆਵ੍ਰਤ ਨੂੰ ਸਜ਼ਾ ਸੁਣਾਉਂਦਾ ਹੈ, ਤ੍ਰਿਆਅਰੁਣ ਅਤੇ ਉਸ ਦੀ ਰਿਆਇਆ ਦੇ ਸਾਹਮਣੇ, ਧਰਮ ਸਭਾ ਬੁਲਾ ਕੇ। ਅਸਲ ਵਿਚ ਸਤਿਆਵ੍ਰਤ ਨਾਟਕ ਵਿਚ ਵਿਦਰੋਹ ਦੇ ਚਿੰਨ੍ਹ ਵਜੋਂ ਪੇਸ਼ ਹੋਇਆ ਹੈ ਜੋ ਸਥਾਪਤੀ ਦੀ ਹਰ ਲੋਕ-ਮਾਰੂ ਰਵਾਇਤ ਨੂੰ ਤੋੜ ਸੁੱਟਦਾ ਹੈ। ਸਭ ਤੋਂ ਪਹਿਲਾਂ ਉਹ ਆਪਣੇ ਪਿਆਰ ਨੂੰ ਧਰਮ ਦੀ ਬਲੀ ਨਹੀਂ ਚੜ੍ਹਨ ਦਿੰਦਾ ਅਤੇ ਆਪਣੀ ਪ੍ਰੇਮਿਕਾ ਚਿਤ੍ਰਲੇਖਾ ਨੂੰ ਵਿਆਹ-ਮੰਡਪ ਵਿਚੋਂ ਉਠਾ ਲੈ ਆਉਂਦਾ ਹੈ। ਇਸ ਨੂੰ ਧਰਮ ਦਾ ਨਿਰਾਦਰ ਆਖ ਧਰਮ ਗੁਰੂ ਸਤਿਆਵ੍ਰਤ ਨੂੰ ਜਲਾਵਤਨ ਕਰ ਦਿੰਦਾ ਹੈ। ਪੁਤਰ ਵਿਯੋਗ ਵਿਚ ਰਾਜਾ ਤ੍ਰਿਆਅਰੁਣ ਵੈਰਾਗੀ ਹੋ ਜਾਂਦਾ ਹੈ ਅਤੇ ਆਖਰ ਜੰਗਲਾਂ ਨੂੰ ਤੁਰ ਜਾਂਦਾ ਹੈ। ਸਿੱਟੇ ਵਜੋਂ ਪ੍ਰੋਹਤਾਈ ਦੇ ਨਾਲ ਨਾਲ ਸਾਸ਼ਨ ਦਾ ਕੰਮ ਧਰਮ ਗੁਰੂ ਦੀ ਕਮਾਨ ਹੇਠ ਆ ਜਾਂਦਾ ਹੈ। ਰਾਜ ਵਿਚ ਕਾਲ ਫੈਲਦਾ ਹੈ ਪਰ ਰਿਆਇਆ ਦੀ ਕਿਤੇ ਕੋਈ ਸੁਣਵਾਈ ਨਹੀਂ। ਲੋਕ ਆਪਣੇ ਬੱਚੇ ਤਕ ਵੇਚਣ ਲਈ ਮਜਬੂਰ ਹੋ ਰਹੇ ਹਨ।

ਨਾਟਕ ਦਾ ਮੁੱਖ ਨੁਕਤਾ 'ਧਰਮ ਬੰਦੇ ਲਈ' ਜਾਂ 'ਬੰਦਾ ਧਰਮ ਲਈ' ਦੇ ਪ੍ਰਸ਼ਨ ਨਾਲ ਜੁੜਿਆ ਹੋਇਆ ਹੈ। ਵਰਣ-ਵੰਡ ਦੀ ਯਥਾ-ਸਥਿਤੀ ਲਈ ਧਰਮ ਗੁਰੂ ਪੂਰਾ ਟਿੱਲ ਲਾਉਂਦਾ ਹੈ ਅਤੇ ਇਸ ਦੀ ਪੂਰਤੀ ਲਈ ਧਰਮ ਨੂੰ ਬਾਖੂਬੀ ਵਰਤਦਾ ਹੈ। ਸਵਰਗ-ਨਰਕ ਅਤੇ ਕਰਮਾਂ ਦੇ ਫਲਾਂ ਦੀਆਂ ਸਿਖਿਆਵਾਂ ਸਿਰਜੀਆਂ ਜਾਂਦੀਆਂ ਹਨ। ਔਖੇ ਸਮਿਆਂ ਦੇ ਗੇੜ ਵਿਚ ਫਸੇ ਲੋਕ ਤੜਫਦੇ ਹਨ। ਇਹਨਾਂ ਦੇ ਆਪਸੀ ਵਾਰਤਾਲਾਪ ਤੋਂ ਇਹਨਾਂ ਦੀ ਧਰਮ ਗੁਰੂ ਪ੍ਰਤੀ ਖਿਝ ਵੀ ਸਪਸ਼ਟ ਝਲਕਦੀ ਹੈ ਪਰ ਹਾਲਾਤ ਮੌਨ ਹੀ ਰਹਿੰਦੇ ਹਨ। ਏਸੇ ਕਰਕੇ ਹੀ ਸਤਿਆਵ੍ਰਤ ਸਵਰਗ-ਨਰਕ ਨੂੰ ਲਾਂਭੇ ਰੱਖ ਇਹਨਾਂ ਉਲਝਣਾਂ ਨਾਲ ਨਜਿੱਠਣ ਲਈ ਇਸ ਲੋਕ ਨੂੰ ਹੀ ਆਪਣੀ ਕਰਮਭੂਮੀ ਬਣਾਉਂਦਾ ਹੈ ਅਤੇ ਕਿਸੇ ਪਾਸਿਉਂ ਖਾਣ ਲਈ ਕੁਝ ਵੀ ਨਾ ਮਿਲਣ 'ਤੇ ਧਰਮ ਗੁਰੂ ਦੇ ਆਸ਼ਰਮ ਵਿਚੋਂ ਉਸ ਦੀ ਇਕ ਗਊ ਚੋਰੀ ਕਰਦਾ ਹੈ। ਇਸ ਦਾ ਮਾਸ ਆਪ ਖਾਂਦਾ ਹੈ ਅਤੇ ਭੁੱਖਿਆਂ ਨੂੰ ਖੁਆਉਂਦਾ ਹੈ। ਸਤਿਆਵ੍ਰਤ ਦੀ ਇਹ ਚਣੌਤੀ ਹਾਲਾਤ ਵਿਚੋਂ ਪੈਦਾ ਹੁੰਦੀ ਹੈ। ਪਰ 'ਧਰਮੀ ਲੋਕ' ਇਹਨਾਂ ਹਾਲਾਤ ਨੂੰ ਸਮਝਣ ਲਈ ਤਿਆਰ ਨਹੀਂ। ਅਤੇ ਲੋਕਾਂ ਦੇ ਦੁੱਖ-ਦਰਦ ਘਟਣ /ਛਟਣ ਦਾ ਨਾਂ ਨਹੀਂ ਲੈਂਦੇ।

ਸਵਰਾਜਬੀਰ ਨੇ ਸਤਿਆਵ੍ਰਤ ਦੀ ਪ੍ਰਾਚੀਨ ਕਥਾ ਨੂੰ ਮਾਂਜ ਸੁਆਰ ਕੇ ਇਸ ਵਿਚ ਨਵੇਂ ਰੰਗ ਭਰ ਦਿੱਤੇ ਹਨ। ਕਥਾ ਨਾਇਕ ਸਤਿਆਵ੍ਰਤ ਪ੍ਰਾਚੀਨ ਗ੍ਰੰਥਾਂ ਵਿਚ ਤ੍ਰਿਸ਼ੰਕੂ ਦੇ ਨਾਂ ਨਾਲ ਮਸ਼ਹੂਰ ਹੈ ਜਿਸ ਨੂੰ ਵਸਿਸ਼ਠ ਨੇ ਪਿਤਾ ਦੀ ਆਗਿਆ ਨਾ ਮੰਨਣ, ਬ੍ਰਾਹਮਣ ਦੀ ਧੀ ਉਧਾਲਣ ਅਤੇ ਗਊ ਹੱਤਿਆ ਦੇ ਦੋਸ਼ ਚੰਡਾਲ ਬਣ ਜਾਣ ਦਾ ਸਰਾਪ ਦਿੱਤਾ ਸੀ। 'ਧਰਮ ਗੁਰੂ' ਵਿਚਲਾ ਸਤਿਆਵ੍ਰਤ ਸਮਾਜ ਦੀਆਂ ਜਕੜਾਂ ਤੋਂ ਮੁਕਤੀ ਦਾ ਪ੍ਰਤੀਕ ਬਣ ਕੇ ਉਭਰਦਾ ਹੈ। ਸਭ ਤੋਂ ਵੱਡੀ ਗੱਲ ਆਪਣੀ ਗੱਲ ਕਹਿਣ ਲਈ ਲੇਖਕ ਨੇ ਵਿਲੱਖਣ ਨਾਟ-ਸ਼ੈਲੀ ਸਿਰਜੀ ਹੈ। ਕਹਾਣੀ ਦੀ ਚਾਲ ਨੂੰ ਤਿੱਖੀ ਜਾਂ ਧੀਮੀ ਕਰਨ ਲਈ ਉਸ ਨੇ ਵੱਖ-ਵੱਖ ਨਾਟ ਰੂਪਾਂ ਦਾ ਵਧੀਆ ਢੰਗ ਨਾਲ ਪ੍ਰਯੋਗ ਕੀਤਾ ਹੈ। ਨਾਟਕ ਵਿਚ ਗੀਤਾਂ ਦਾ ਰੰਗ ਨਾਟਕ ਵਿਚਲੇ ਪ੍ਰਚੰਡ ਸੰਵਾਦ ਨੂੰ ਹੋਰ ਤੀਖਣ ਕਰਦਾ ਹੈ। ਸੂਤਰਧਾਰ, ਫੱਫੇਕੁਟਣੀਆਂ ਅਤੇ ਪਾਤਰਾਂ ਦੇ ਸੰਵਾਦ ਰਾਹੀਂ ਇਸ ਬਹੁ-ਪਰਤੀ ਨਾਟਕ ਦੀਆਂ ਪਰਤਾਂ ਇਕ ਇਕ ਕਰਕੇ ਖੁੱਲ੍ਹਦੀਆਂ ਜਾਂਦੀਆਂ ਹਨ। ਨਾਲ ਹੀ ਨਾਲ ਨਾਟ ਰੂਪ ਦੀਆਂ ਪਰਤਾਂ ਵੀ।

ਇਹ ਨਾਟਕ, ਪੁਸਤਕ ਰੂਪ ਵਿਚ ਛਪਣ ਤੋਂ ਪਹਿਲਾਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਜਾ ਚੁੱਕਾ ਹੈ। ਲੇਖਕ-ਨਿਰਦੇਸ਼ਕ ਦੀ ਜੁਗਲਬੰਦੀ ਰਾਹੀਂ ਨਾਟਕ ਵਿਚਲਾ ਸੰਵਾਦ ਤਿੱਖੇ ਰੂਪ ਵਿਚ



ਪਾਠਕਾਂ-ਦਰਸ਼ਕਾਂ ਸਾਹਮਣੇ ਪੇਸ਼ ਹੋਇਆ ਹੈ - ਇਹ ਗੱਲ ਲੇਖਕ ਆਪ ਵੀ ਮੰਨਦਾ ਹੈ। ਇਸ ਸੰਵਾਦ ਵਿਚਲੀ ਸਾਰਥਿਕਤਾ ਦਾ ਪਤਾ ਕੇਵਲ ਧਾਲੀਵਾਲ ਦੀ ਇਸ ਟਿੱਪਣੀ ਤੋਂ ਵੀ ਲਗਦਾ ਹੈ, ''ਕੋਈ ਵੀ ਅਣਖ ਵਾਲਾ ਮਨੁੱਖ ਕਿਸੇ ਕਿਸਮ ਦੀ ਵੀ ਜ਼ਬਰਦਸਤੀ - ਦਖਲਅੰਦਾਜ਼ੀ ਆਪਣੀ ਜ਼ਿੰਦਗੀ 'ਚ ਬਰਦਾਸ਼ਤ ਨਹੀਂ ਕਰ ਸਕਦਾ। ਪਰ ਪਿਛਲੇ ਸਮੇਂ ਵਿਚ ਜਿਸ ਤਰ੍ਹਾਂ ਧਰਮ ਅਤੇ ਰਾਜਨੀਤੀ ਨੇ ਮਨੁੱਖੀ ਦੀ ਹੱਸਦੀ ਵਸਦੀ ਜ਼ਿੰਦਗੀ 'ਚ ਖਾਮਖਾਹ ਦੀ ਦਖਲਅੰਦਾਜ਼ੀ ਸ਼ੁਰੂ ਕੀਤੀ ਹੈ, ਇਸ ਨਾਲ ਇਨਸਾਨੀਅਤ ਦੇ ਹਿਰਦੇ ਵਲੂੰਧਰੇ ਗਏ ਨੇ।'' ਇਹ ਸਵਰਾਜਬੀਰ ਦੀ ਪ੍ਰਤਿਭਾ ਦਾ ਹੀ ਕਮਾਲ ਹੈ ਕਿ ਉਸ ਨੇ ਇਸ ਕਰੂਰ ਯਥਾਰਥ ਨੂੰ ਏਨੇ ਤੀਖਣ ਰੂਪ ਵਿਚ ਪਰ ਸਹਿਜ ਨਾਲ ਮੁੜ ਸਿਰਜਿਆ ਹੈ। ਏਨੀ ਮਾਂਜੀ-ਸੰਵਾਰੀ ਇਹ ਕਥਾ ਪੰਜਾਬੀ ਨਾਟ ਜਗਤ ਵਿਚ ਨਵੀਆਂ ਪੈੜਾਂ ਪਾ ਸਕਣ ਦੇ ਸਮਰੱਥ ਹੈ। OO

[ਜਸਬੀਰ]

## ਜੁਆਲਾਮੁਖੀ [ਸ਼ਾਹ ਚਮਨ]

'ਜੁਆਲਾਮੁਖੀ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁੱਲ 100 ਰੁਪਏ, ਪੰਨੇ 174) ਸ਼ਾਹ ਚਮਨ ਦਾ ਚੌਥਾ ਨਾਵਲ ਹੈ। 'ਹਨੇਰੇ ਵਿਚ ਘਿਰਿਆ ਮਨੁੱਖ' (1986), 'ਜ਼ਖ਼ਮੀ ਗੁਲਾਬ' (1989) ਅਤੇ 'ਮਾਤਮਖਾਨਾ' (1994) ਤੋਂ ਬਿਨਾਂ ਉਹ ਤਿੰਨ ਕਾਵਿ ਸੰਗ੍ਰਹਿ 'ਸੂਰਜ ਚੜ੍ਹਨ ਤੋਂ ਪਹਿਲਾਂ' (1980), 'ਬੇਦਾਵਾ' (1983) ਅਤੇ 'ਕਿਰਚਾਂ ਦਾ ਆਲ੍ਹਣਾ' (1990) ਵੀ ਪ੍ਰਕਾਸ਼ਤ ਕਰਵਾ ਚੁੱਕਾ ਹੈ। ਪੰਜਾਬੀ ਸਾਹਿਤ ਜਗਤ ਵਿਚ ਸ਼ਾਹ ਚਮਨ ਭਾਵੇਂ ਅਜੇ ਤਕ ਅਣਗੌਲਿਆ ਹੀ ਹੈ ਪਰ 'ਜੁਆਲਮੁਖੀ' ਵਿਚ ਉਸ ਦੀ ਸਮਰੱਥਾ ਦਾ ਭਲੀਭਾਂਤ ਪਤਾ ਲਗਦਾ ਹੈ। ਸਮੁੱਚਾ ਨਾਵਲ ਇਕੋ ਪਾਤਰ ਦੀ ਮਨੋਵਚਨੀ ਉਤੇ ਆਧਾਰਿਤ ਹੈ ਪਰ ਇਸ ਪਾਤਰ ਦੇ ਸਵੈ-ਸੰਵਾਦ ਰਾਹੀਂ ਉਸ ਨੇ ਜੋ ਸ਼ਬਦ-ਸੰਸਾਰ ਸਿਰਜਿਆ ਹੈ ਅਤੇ ਹੋਰ ਪਾਤਰਾਂ ਦੀ ਜੋ ਉਸਾਰੀ ਨਾਵਲ ਵਿਚ ਹੋਈ ਮਿਲਦੀ ਹੈ, ਉਹ ਗੌਲਣਯੋਗ ਹੈ। ਨਾਵਲ ਵਿਚਲੇ ਬਿਰਤਾਂਤ ਤੋਂ ਸਮਾਜ ਦੇ ਵੱਖ-ਵੱਖ ਪ੍ਰਸੰਗ ਸਾਡੇ ਸਾਹਮਣੇ ਸਾਕਾਰ ਹੁੰਦੇ ਚਲੇ ਜਾਂਦੇ ਹਨ।

ਨਾਵਲ ਦਾ ਮੁੱਖ ਪਾਤਰ ਕਾਲੇਸ਼ਾਹ ਉਰਫ਼ ਕਾਲੀਚਰਨ ਇਕ ਬਜ਼ੁਰਗ ਹੈ ਜਿਹੜਾ ਸਮੇਂ ਦੇ ਗੇੜ ਵਿਚ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਣ ਵਿਚ ਅਸਫਲ ਰਹਿੰਦਾ ਹੈ। ਪਰ ਇਸ ਪਾਤਰ ਦੀ ਛਟਪਟਾਹਟ ਰਾਹੀਂ ਨਾਵਲਕਾਰ ਨੇ ਭਾਰਤੀ ਸਿਆਸਤ ਅਤੇ ਸਮਾਜ ਦੇ ਮੌਜੂਦਾ ਜਾਤੀ ਅਤੇ ਜਮਾਤੀ ਪ੍ਰਸੰਗ ਬਾਖੂਬੀ ਉਘਾੜੇ ਹਨ। ਕਾਲੇਸ਼ਾਹ ਦਾ ਸੰਬੰਧ 'ਉਚ ਜਾਤੀ' ਨਾਲ ਹੈ। ਉਸ ਦਾ ਮੁੰਡਾ ਸਰਬਨ 'ਨੀਵੀਂ ਜਾਤ' ਦੀ ਕੁੜੀ ਰੂਬੀ ਨਾਲ ਪਿਆਰ ਕਰਦਾ ਹੈ ਅਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਇਹ 'ਘਟਨਾ' ਕਾਲੇਸ਼ਾਹ ਲਈ ਝੱਲਣੀ ਔਖੀ ਹੈ ''ਜਿਹੜਾ 'ਹਿੰਦ ਸਮਾਚਾਰ' ਪੜ੍ਹਦਾ ਹੈ ਅਤੇ ਜਿਹਦੀ ਸੋਚ ਵਿਚ ਜਾਤ-ਅਭਿਮਾਨ ਬਹੁਤ ਡੂੰਘਾ ਲੱਥ ਚੁੱਕਾ ਹੈ।'' ਇਥੋਂ ਹੀ ਨਾਵਲ ਵਿਚ ਜਾਤੀ ਵੇਰਵਿਆਂ ਦੀਆਂ ਤੈਹਾਂ ਖੁੱਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਉਂ-ਜਿਉਂ ਇਹ ਤੈਹਾਂ ਖੁਲ੍ਹਦੀਆਂ ਹਨ, ਜਮਾਤੀ ਅਤੇ ਫਿਰਕੂ ਜਨੂੰਨ ਦੇ ਨਕਸ਼ ਵੀ ਉਭਰਨੇ ਸ਼ੁਰੂ ਹੋ ਜਾਂਦੇ ਹਨ।

ਕਾਲੇਸ਼ਾਹ ਇਸ ਨਾਵਲ ਦਾ ਮੁੱਖ ਪਾਤਰ ਹੀ ਨਹੀਂ ਸਗੋਂ ਸਾਰੇ ਪਾਤਰ ਅਤੇ ਘਟਨਾਵਾਂ ਉਸ ਦੇ ਬਿੰਦੂ ਤੋਂ ਹੀ ਹੋ ਕੇ ਲੰਘਦੀਆਂ ਹਨ ਅਤੇ ਪਾਸਾਰ ਗ੍ਰਹਿਣ ਕਰਦੀਆਂ ਹਨ। ਇਸ ਪਾਤਰ ਦੀ ਸੋਚ ਵੀ ਇਸੇ ਬਿੰਦੂ ਨੂੰ ਕੇਂਦਰ ਵਿਚ ਰੱਖ ਕੇ ਹੀ ਤੁਰਦੀ ਹੈ। ''ਮੈਂ ਤਾਂ ਚਲੋ ਖਾ-ਪੀ ਕੇ ਭੁੱਲ ਬਖ਼ਸ਼ਾ ਲੈਣੀ... ਕੰਜਰਾਂ ਨੂੰ ਤਾਂ ਪਾਪ ਚੜ੍ਹਨਾ'' ਅਤੇ ''ਮੇਰਾ ਹੁਕਮ ਸਿਰ ਮੱਥੇ ਪਰਵਾਨ ਕਰ'' ਵਰਗੀਆਂ ਮਿਸਾਲਾਂ ਲਗਪਗ ਹਰ ਤੀਜੇ ਪੰਨੇ ਉਤੇ ਖਿੱਲਰੀਆਂ ਮਿਲ ਜਾਂਦੀਆਂ ਹਨ। ਇਸ ਮੂੰਹ-ਜ਼ੋਰ ਪਾਤਰ ਦੀ ਲੜੀ ਵਾਰ-ਵਾਰ ਦੇਸ਼ ਦੀ ਮੌਜੂਦਾ ਸਿਆਸਤ ਨਾਲ ਜਾ ਜੁੜਦੀ ਹੈ ਅਤੇ ਇਸ ਵਿਚੋਂ ਆਰ. ਐਸ. ਐਸ. ਦੇ ਨਕਸ਼ ਉਭਰਦੇ ਹਨ।

ਕਾਲੇਸ਼ਾਹ ਸਮੁੱਚੇ ਢਾਂਚੇ ਦੀ ਯਥਾ-ਸਥਿਤੀ ਲਈ ਤੜਫਦਾ ਹੈ। ਕਾਮਰੇਡ ਸੰਘਾ, ਲੋਕਾਂ ਲਈ ਲੜਦੀ ਉਸ ਦੀ ਭੈਣ ਦਲੀਪ ਕੌਰ ਅਤੇ ਸਰਬਨ ਦੇ ਜ਼ਿਕਰ ਨਾਲ ਇਹ ਤੜਫਾਹਟ ਹੋਰ ਤੀਖਣ ਹੁੰਦੀ ਹੈ। ਅਸਲ ਵਿਚ ਨਾਵਲਕਾਰ ਨੇ ਕਾਲੇ ਸ਼ਾਹ ਦੀ ਇਸ ਛਟਪਟਾਹਟ ਵਿਚੋਂ ਹੀ ਇਨ੍ਹਾਂ ਪਾਤਰਾਂ ਦੀ ਉਸਾਰੀ ਕੀਤੀ ਹੈ। ਇਹ ਸਾਰੇ ਪਾਤਰ ਢਾਂਚੇ ਦੀ ਯਥਾ-ਸਥਿਤੀ ਉੱਤੇ ਸਿੱਧਾ ਟੱਕ ਮਾਰਦੇ ਹਨ। ਨਾਲ ਹੀ ਨਾਵਲਕਾਰ ਕਾਲੇਸ਼ਾਹ ਰਾਹੀਂ ਇਨ੍ਹਾਂ ਪਾਤਰਾਂ ਦੀ ਰਾਜਨੀਤੀ ਦੀ ਵੀ ਤਿੱਖੀ ਨੁਕਤਾਚੀਨੀ ਕਰ ਜਾਂਦਾ ਹੈ।

ਦਰਅਸਲ ਨਾਵਲਕਾਰ ਕਾਲੇਸ਼ਾਹ ਦੀ ਉਲਝੀ ਹੋਈ/ਰੋਗੀ ਮਾਨਸਿਕਤਾ ਦੇ ਬਹਾਨੇ ਸਮਾਜ ਦੇ ਵਿਗਾੜਾਂ/ਵਿਕਾਰਾਂ ਉਤੇ ਸਿੱਧੀ ਉਂਗਲ ਧਰਦਾ ਹੈ। ਉਹ ਮੁੱਖ ਪਾਤਰ ਦੀ ਸੋਚ ਅਤੇ ਉਸ ਦੀ ਵੱਖ-ਵੱਖ ਮਸਲਿਆਂ ਬਾਰੇ ਪਹੁੰਚ ਅਤੇ ਟਿਪਣੀਆਂ ਨਾਲ ਆਪਣੀ ਲਿਖਤ ਦਾ ਡੰਗ ਚਲਾਉਂਦਾ ਹੈ। ਇਹ ਪਾਤਰ ਨਫ਼ਰਤ ਅਤੇ ਜ਼ਹਿਰ ਨਾਲ ਭਰਿਆ ਪਿਆ ਹੈ। ਨਾਵਲ ਵਿਚ ਗਾਰ ਨਾਲ ਭਰੇ ਪਏ ਇਕ ਛੱਪੜ ਦਾ ਜ਼ਿਕਰ ਆਉਂਦਾ ਹੈ। ਅਖ਼ੀਰ ਤਕ ਪੁੱਜਦਿਆਂ ਇਸ ਛੱਪੜ ਦੀ ਗਾਰ ਅਤੇ ਕਾਲੇਸ਼ਾਹ ਦੀ ਸੋਚ ਦੀਆਂ ਲੜੀਆਂ ਇਕ-ਮਿਕ ਹੋ ਗਈਆਂ ਪ੍ਰਤੀਤ ਹੁੰਦੀਆਂ ਹਨ। ਉਸਦਾ ਵੱਡਾ ਪੁੱਤਰ ਜੋਗ ਇਸ ਛੱਪੜ ਕੰਢੇ ਹੀ ਉਸ ਦੇ ਡੋਲ ਰਹੇ ਸਰੀਰ ਨੂੰ ਸਹਾਰਾ ਦਿੰਦਾ ਹੈ। ਇਸ ਛੱਪੜ ਦੇ ਨੇੜੇ ਹੀ ਉਸ ਦਾ 'ਬਾਗੀ' ਪੁੱਤਰ ਕਾਮਰੇਡ ਸਰਬਨ ਸਰਕਾਰੀ ਜਬਰ ਅਤੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਵਿੰਨ੍ਹਿਆ ਜੁਆਲਾਮੁਖੀ ਬਣਿਆ ਸੜ ਰਿਹਾ ਹੈ। ਪਰ ਉਹ ਯਾਨੀ ਸਰਬਨ ਗਾਰ ਦੇ ਛੱਪੜ ਵਿਚ ਜੁਆਲਾਮੁਖੀ ਸ਼ਾਂਤ ਕਰਨ ਤੋਂ ਸਾਫ਼ ਇਨਕਾਰ ਕਰਦਾ ਹੈ।

ਨਾਵਲ ਵਿਚ ਦੁਹਰਾਅ ਕਈ ਵਾਰ ਰੜਕਦਾ ਹੈ। ਸ਼ਾਇਦ ਅਜਿਹਾ ਪਾਤਰ ਦੇ ਸਵੈ-ਸੰਵਾਦ ਕਾਰਨ ਹੋਇਆ ਹੈ ਪਰ ਇਹ ਦੁਹਰਾਅ ਕਹਾਣੀ ਦੀ ਤੋਰ ਅਤੇ ਰਵਾਨਗੀ ਨੂੰ ਸੱਟ ਮਾਰਦਾ ਹੈ। ਇਹ ਵੱਖਰੀ ਗੱਲ ਹੈ ਕਿ ਮੁਖ ਪਾਤਰ ਦਾ ਪੀਡਾ ਬਿਰਤਾਂਤ ਇਸ ਦੁਹਰਾਅ ਨੂੰ ਨਾਲੋ ਨਾਲ ਕਾਟ ਕਰਦਾ ਜਾਂਦਾ ਹੈ। ਕੁਝ ਮੌਕਿਆਂ 'ਤੇ ਨਾਵਲਕਾਰ ਸਿੱਧੇ ਦਖਲ ਰਾਹੀਂ ਮੁੱਖ ਪਾਤਰ ਦੀ ਬਿਰਤੀ ਵੀ ਤੋੜਦਾ ਹੈ - ''ਔਰਤਾਂ ਨੂੰ ਹਰ ਥਾਂ ਜਾਇਦਾਦ ਸਮਝਿਆ ਜਾਂਦੈ'', ''ਜਿੰਦਾ ਤੰਦੂਰ ਵਿਚ ਭੁੰਨ ਕੇ ਰੱਖ ਦਿੰਦੇ ਬਾਦਮਾਸ਼ ਸਿਆਸਤਦਾਨ'', ''ਅੱਜਕਲ ਦੇ ਲੀਡਰਾਂ ਵਾਂਗ ਤੂੰ ਪੱਕਾ ਬੇਸ਼ਰਮ ਤੇ ਢੀਠ ਹੋਇਆ'' ਆਦਿ, ਪਰ ਮੁੱਖ ਪਾਤਰ ਦਾ ਚਿਤਰਣ ਏਨਾ ਬੱਝਵਾਂ ਹੈ ਕਿ ਹਾਲਾਤ ਫਿਰ ਪਾਤਰ ਮੁਤਾਬਕ ਉਘੜਨੇ ਸ਼ੁਰੂ ਹੋ ਜਾਂਦੇ ਹਨ। ਉਂਝ ਮਗਰਲੇ ਪੰਨਿਆਂ ਉਤੇ ਆ ਕੇ ਆਖ਼ਰ ਮੁਖ ਪਾਤਰ ਨਾਵਲਕਾਰ ਦੀ ਕਮਾਨ ਹੇਠ ਚਲਾ ਜਾਂਦਾ ਹੈ। ਇਥੇ ਨਾਵਲਕਾਰ ਰੱਜ ਕੇ ਮਰਜ਼ੀ ਵਰਤਦਾ ਹੈ। ਇਥੇ ਸਿਰਜੀ ਫੈਂਟਸੀ ਇਕ ਤਰ੍ਹਾਂ ਨਾਲ ਮੁੱਖ ਪਾਤਰ ਨੂੰ ਖਾ ਹੀ ਜਾਂਦੀ ਹੈ। ਘਟਨਾਵਾਂ ਦੀ ਰਫ਼ਤਾਰ ਤਿੱਖੀ ਹੋ ਜਾਂਦੀ ਹੈ। ਇਹ ਸਾਰਾ ਕੁਝ ਸ਼ਾਇਦ ਕਾਮਰੇਡ ਸਰਬਨ ਵਿਰੁੱਧ ਸਰਕਾਰੀ ਅਤੇ ਦਹਿਸ਼ਤਗਰਦਾਂ ਦਾ ਜਬਰ ਦਿਖਾਉਣ ਲਈ ਹੀ ਸਿਰਜਿਆ ਗਿਆ ਹੈ। ਪਰ ਇਹ ਭਾਵੁਕਤਾ ਇਕ ਵਾਰ ਤਾਂ ਨਾਵਲ ਦੀ ਸੰਜੀਦਗੀ ਨੂੰ ਭੰਗ ਕਰ ਦਿੰਦੀ ਹੈ।

ਉਂਝ ਤਸੱਲੀ ਵਾਲੀ ਗੱਲ ਇਹ ਹੈ ਕਿ ਨਾਵਲਕਾਰ ਪੱਛੇ ਹੋਏ ਮੌਜੂਦਾ ਸਮੇਂ ਨੂੰ ਦੋ ਬੋਲ ਦੇ ਸਕਿਆ ਹੈ। ਇਨ੍ਹਾਂ ਬੋਲਾਂ ਵਿਚ ਗਾਰ ਵਾਲੇ ਛੱਪੜ ਤੋਂ ਛੁਟਕਾਰੇ ਦੇ ਨਕਸ਼ ਲੁਕੇ ਪਏ ਹਨ ਜਿਹੜੇ ਸਰਬਨ ਦੇ ਰੂਪ ਵਿਚ ਧੂੰ-ਧੂੰ ਕਰਕੇ ਸੜ ਰਹੇ ਹਨ। ਧਾਰਮਿਕ ਡੇਰਿਆਂ, ਔਰਤਾਂ ਦੀ ਹਾਲਤ, ਨਿੱਘਰੀ ਸਿਆਸਤ, ਫਿਰਕੂ ਜਨੂੰਨ ਦੇ ਭਰਵੇਂ ਵੇਰਵੇ ਇਸ ਨਾਵਲ ਦੀ ਪ੍ਰਾਪਤੀ ਹਨ। ਲੇਖਕ ਨੇ ਕਾਲੇਸ਼ਾਹ ਰਾਹੀਂ ਮਨੁੱਖਤਾ ਨੂੰ ਢਾਹ ਰਹੀਆਂ ਤਾਕਤਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਧਰ ਸਮੇਂ ਦੇ ਛੱਪੜ ਵਿਚ ਸਰਬਨ ਅਤੇ ਰੂਬੀ ਵਰਗੇ ਲੀਕ-ਤੋੜ ਪਾਤਰ ਖਪ ਰਹੇ ਹਨ। ਨਾਵਲ ਦਾ ਮਗਰਲਾ ਕਾਂਡ (ਉਪਸੰਹਾਰ) ਲੇਖਕ ਦੇ ਇਹਨਾਂ ਫਿਕਰਾਂ ਨਾਲ ਭਰਿਆ ਕਾਂਡ ਹੈ ਜਿਹੜਾ ਸਰਬਨ ਦੀ ਤਾਂਘ ਨਾਲ ਖ਼ਤਮ ਹੁੰਦਾ ਹੈ। ਇਹ ਤਾਂਘ ਸਰਬਨ ਦੇ ਜੀਣ ਅਤੇ ਮਰਨ, ਦੋਹਾਂ ਨਾਲ ਜੁੜੀ ਹੋਈ ਹੈ। ○○

[ਜਸਬੀਰ]





''ਸਮਾਜ ਤੇ ਸਾਹਿਤ: 21ਵੀਂ ਸਦੀ ਵਿਚ ਰੂਪ ਰੇਖਾ'' (ਸਿਰਜਣਾ - 115) ਵਿਚ ਪ੍ਰੀਤਮ ਸਿੰਘ ਜੀ ਨੇ ''ਦੌਲਤ'' ਅਤੇ ''ਸਰਮਾਏ'' ਵਿਚਲੇ ਫਰਕ ਨੂੰ ਅਣਗੌਲਿਆਂ ਕਰਕੇ ਕੁਝ ਅਜਿਹੇ ਸਿੱਟੇ ਕੱਢੇ ਹਨ ਜੋ ਭਰਮ-ਪਾਊ ਹਨ।

ਪਿਛਲੇ ਕੁਝ ਸਮੇਂ ਤੋਂ ਸੂਚਨਾ ਤਕਨਾਲੋਜੀ ਵਿਚ ਤੇਜ਼ੀ ਨਾਲ ਹੋ ਰਹੇ ਵਿਕਾਸ ਕਾਰਨ (ਅਤੇ ਦੁਨੀਆਂ ਭਰ ਦੇ ਸੱਟੇ-ਬਜ਼ਾਰਾਂ ਵਿਚ ਏਸ ਖੇਤਰ ਵਿਚ ਰੁੱਝੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਵਿਚ ਤਾਬੜ ਤੋੜ ਹੋਏ ਵਾਧੇ ਕਾਰਨ) ਇਹ ਭਰਮ ਫੈਲਦਾ ਜਾ ਰਿਹਾ ਹੈ ਕਿ ਕੇਵਲ ਇਸੇ ਸਨਅਤ ਨਾਲ ਜੁੜੀਆਂ ਕੰਪਨੀਆਂ ਤੇ ਸਰਗਰਮੀਆਂ ਆਰਥਿਕ ਵਿਕਾਸ ਦਾ ਇੰਜਣ ਹਨ।

ਇਹ ਸਹੀ ਹੈ ਕਿ ਅਜਿਹੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਦੀ ਝੂਲਣ ਨਾਲ ਅਮਰੀਕਾ ਦੇ ਬਿਲ ਗੇਟਸ ਤੋਂ ਲੈ ਕੇ ਭਾਰਤ ਦੇ ਆਜ਼ਮ ਪ੍ਰੇਮ ਜੀ (ਵਿਪਰੋ) ਦੀ ਕਾਗਜ਼ੀ ਦੌਲਤ ਵਿਚ ਰਾਤੋ-ਰਾਤ ਅਰਬਾਂ ਦਾ ਘਾਟਾ ਵਾਧਾ ਹੋ ਜਾਂਦਾ ਹੈ। ਪਰ ਇਸ ਦਾ ਇਹ ਅਰਥ ਨਹੀਂ ਲਿਆ ਜਾਣਾ ਚਾਹੀਦਾ ਕਿ ਰਵਾਇਤੀ ਕਿਸਮ ਦੇ ਸਰਮਾਏ ਦੀ ਵੁੱਕਤ ਜਾਂ ਅਹਿਮੀਅਤ ਘਟ ਗਈ ਹੈ।

ਅਜਿਹੀਆਂ ਕੰਪਨੀਆਂ ਵੱਲੋਂ ਆਪਣੇ ਮਹਿੰਗੇ ਸ਼ੇਅਰ ਕੰਪਨੀ-ਕਾਮਿਆਂ (ਏਥੇ ਭਾਵ ਗਿਆਨ-ਕਾਮਿਆਂ ਤੋਂ ਹੈ) ਵਿਚ ਵੰਡੇ ਜਾਣ ਅਤੇ ਕੁਝ ਲੋਕਾਂ ਵੱਲੋਂ ਸਸਤੇ ਭਾਅ ਖਰੀਦੇ ਤੇ ਮਹਿੰਗੇ ਭਾਅ ਵੇਚੇ ਜਾਣ ਨਾਲ ਦੌਲਤ ਦੀ ਵੰਡ ਦਾ ਆਧਾਰ ਤਾਂ ਕੁਝ ਚੌੜੇਰਾ ਜ਼ਰੂਰ ਹੋ ਜਾਂਦਾ ਹੈ - ਸਰਮਾਏ ਦਾ ਮੂਲ ਖਾਸਾ ਨਹੀਂ ਬਦਲਦਾ। ਨਾ ਹੀ ਸਰਮਾਏ ਦੀ ਅਹਿਮੀਅਤ ਘਟਦੀ ਹੈ। ਕੰਪਿਊਟਰ ਵਿਦਿਆ ਵਿਚ ਮਾਹਰ ਲੋਕਾਂ ਨੂੰ ਬਾਕੀ ਸਨਅਤਾਂ ਵਿਚ ਰੁੱਝੇ ਲੋਕਾਂ ਦੇ ਮੁਕਾਬਲੇ ''ਝੱਟ ਅਤੇ ਢੇਰ'' ਦੌਲਤ ਕਮਾਣ ਦਾ ਵਸੀਲਾ ਤਾਂ ਹਾਸਲ ਹੋ ਜਾਂਦਾ ਹੈ ਪਰ ਇਸ ਤੋਂ ਇਹ ਸਿੱਟਾ ਨਹੀਂ ਕੱਢ ਲਿਆ ਜਾਣਾ ਚਾਹੀਦਾ ਕਿ ''ਜੇ ਪਹਿਲਾਂ ਸਰਦਾਰੀ ਸਰਮਾਏ ਦੇ ਮਾਲਕ ਦੇ ਹੱਥ ਵਿਚ ਸੀ ਤਾਂ ਭਵਿੱਖ ਵਿਚ ਗਿਆਨਵਾਨ ਕਾਰਕੁਨ ਦੇ ਹੱਥ ਵਿਚ ਹੋਵੇਗੀ, ਕਿਉਂਕਿ ਸਰਮਾਏ ਦੀ ਤੁਲਨਾ ਵਿਚ ਗਿਆਨ ਦਾ ਮਹੱਤਵ ਵਧੇਰੇ ਹੋਵੇਗਾ। (ਪੰਨਾ 40)। ਏਸ ਸਿੱਟੇ ਉਤੇ ਪੁੱਜਣ ਲਈ ਪ੍ਰੀਤਮ ਸਿੰਘ ਜੀ ਨੇ ਮੱਧ ਵਰਗ ਵਿਚੋਂ ਉਠ ਕੇ ਖਰਬਾਂਪਤੀ ਬਣੇ ਬਿਲ ਗੇਟਸ ਦਾ ਹਵਾਲਾ ਦਿੱਤਾ ਹੈ। ਅਮਰੀਕਾ ਤੀਕ ਜਾਣ ਦੀ ਕੋਈ ਲੋੜ ਨਹੀਂ, ਹਿੰਦੁਸਤਾਨ ਦੀ ਸਭ ਤੋਂ ਵੱਡੀ ਕੰਪਨੀ ਰਿਲਾਇੰਸ ਦਾ ਮਾਲਕ ਧੀਰੂ ਭਾਈ ਅੰਬਾਨੀ ਨਿਮਨ-ਮੱਧ ਵਰਗ ਦੀ ਪੈਦਾਵਾਰ ਹੈ। ਤੇ ਉਸਨੇ ਸਰਮਾਇਆ ਵੀ ਉਦੋਂ ਪੈਦਾ ਕੀਤਾ, ਜਦੋਂ ਅਜੇ ਸੂਚਨਾ ਤਕਨਾਲੋਜੀ ਦੇ ''ਗਿਆਨਵਾਨ ਕਾਰਕੁਨਾਂ'' ਦਾ ਜ਼ਮਾਨਾ ਆਇਆ ਵੀ ਨਹੀਂ ਸੀ।

ਪਰ ਕੀ ਅਸੀਂ ਏਸ ਉਦਾਹਰਣ ਤੋਂ ਇਹ ਨਤੀਜਾ ਕੱਢ ਲਈਏ ਕਿ ਸਰਮਾਏਦਾਰੀ ਦੇ ਨਿਜ਼ਾਮ ਵਿਚ ਹਰ ਕੋਈ ਆਪਣੇ ਗਿਆਨ ਜਾਂ ਮਿਹਨਤ ਦੇ ਆਧਾਰ ਉੱਤੇ ਧੀਰੂ ਭਾਈ ਅੰਬਾਨੀ ਬਣ ਸਕਦਾ ਹੈ।

ਮੇਰੀ ਰਾਏ ਵਿਚ ਬਿਲ ਗੇਟਸ ਜਾਂ ਧੀਰੂ ਭਾਈ ਕੰਮ ਦੀਆਂ ਅਜਿਹੀਆਂ ਉਘੜਵੀਆਂ ਛੋਟਾਂ (glaring exceptions) ਹਨ ਜੋ ਦਰਅਸਲ ਨੇਮ ਨੂੰ ਹੀ ਸਿੱਧ ਕਰਦੀਆਂ ਹਨ।

ਇਹੋ ਗੱਲ ਉਨ੍ਹਾਂ ਦੇ 'ਯੋਗਤਾ ਅਤੇ ਗਿਆਨ' ਬਾਰੇ ਦਿੱਤੀ ਉਦਾਹਰਣ ਡਾ. ਮਨਮੋਹਨ ਸਿੰਘ ਉਤੇ ਵੀ ਲਾਗੂ ਹੁੰਦੀ ਹੈ। ਇਹ ਬੜੇ ਮਾਣ ਅਤੇ ਰਸ਼ਕ ਦੀ ਗੱਲ ਹੈ ਕਿ ਗਰੀਬ ਘਰ ਵਿਚ ਪੈਦਾ ਹੋਣ ਦੇ ਬਾਵਜੂਦ ਡਾ. ਮਨਮੋਹਨ ਸਿੰਘ ਏਡੇ ਉਚੇ ਅਹੁਦੇ ਉਤੇ ਪੁੱਜੇ ਹਨ ਪਰ ਨਾਲ ਹੀ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਕਿੰਨੇ ਮਨਮੋਹਨ ਸਿੰਘ ਵਸੀਲਿਆਂ ਦੀ ਘਾਟ ਕਾਰਨ ਰੁਲ ਵੀ ਜਾਂਦੇ ਹਨ।

ਪ੍ਰੀਤਮ ਸਿੰਘ ਜੀ ਨੇ ਲਿਖਿਆ ਹੈ ਕਿ ਉਹ ਆਪ ਅਰਥ ਸ਼ਾਸਤਰ ਦੇ ਵਿਦਿਆਰਥੀ ਹਨ। ਪਰ ਉਹ ਅਰਥ ਸ਼ਾਸਤਰ ਦੇ ਇਕ ਮਹੱਤਵਪੂਰਣ ਸੰਦ ਨੂੰ ਭੁੱਲ ਗਏ ਹਨ। ਸਮਾਜਕ ਬਣਤਰ ਕੋਈ ਚਾਵਲਾਂ ਦੀ ਦੇਗ਼ ਨਹੀਂ ਹੁੰਦੀ ਕਿ ਇਕੋ ਦਾਣਾ ਚੱਖ਼ ਕੇ ਕਹਿ ਦਿੱਤਾ ਜਾਵੇ, ਚਾਵਲ ਤਿਆਰ ਹਨ। ਆਰਥਿਕ

ਸਿਧਾਂਤਾਂ ਦੀ ਪਰਖ ਅਤੇ ਪੁਸ਼ਟੀ ਲਈ ਵੱਡੇ ਅਤੇ ਵਿਆਪਕ ਸਰਵੇਖਣ ਦੀ ਲੋੜ ਹੁੰਦੀ ਹੈ। ਇੱਕਾ-ਦੁੱਕਾ ਅਤੇ ਸੰਦਰਭੋਂ ਟੁੱਟੀਆਂ ਉਦਾਹਰਣਾਂ ਰਾਹੀਂ ਨੇਮ ਨਾ ਬਣਦੇ ਹਨ, ਨਾ ਹੀ ਸਿੱਧ ਕੀਤੇ ਜਾ ਸਕਦੇ ਹਨ।

ਸੁਕੀਰਤ, [ਨਵੀ ਦਿੱਲੀ]

ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਇਕ ਵਾਰ ਫਿਰ ਪੜ੍ਹੀ ਹੈ। ਇਸ ਸੰਬੰਧੀ ਉੱਠੇ ਜਾਂ ਉਠਾਏ ਗਏ ਤੂਫ਼ਾਨ ਨਾਲ ਨਾ ਤਾਂ ਕਹਾਣੀ ਦਾ ਕੱਦ ਉੱਚਾ ਹੋਇਆ ਹੈ, ਨਾ ਘਟਿਆ ਹੈ। ਕਹਾਣੀ ਚੰਗੀ ਹੈ, ਪਰ ਉਸਦੀਆਂ 'ਵਾਪਸੀ', 'ਸੁਨਿਹਰੀ ਕਿਣਕਾ', 'ਹੁਣ ਮੈਂ ਠੀਕ ਠਾਕ ਹਾਂ' ਦੀ ਪੱਧਰ ਤੋਂ ਕਾਫ਼ੀ ਹੇਠਾਂ ਹੈ। ਸ਼ਾਇਦ ਇਸ ਲਈ ਉਸ ਨੂੰ ਆਪਣੇ ਸਹਿ-ਕਰਮੀਆਂ ਤੋਂ 'ਵਿਸਾਖੀ - ਲੇਖ' ਲਿਖਵਾ ਕੇ ਨਿੰਦਰ ਦੇ ਕੱਦ-ਕਾਠ ਨੂੰ ਮਹਾਨ ਦਰਸਾਉਣ ਲਈ ਮਜਬੂਰ ਹੋਣਾ ਪਿਆ। ਇਕ ਦੋ ਸ਼ਰਧਾਲੂ ਕਿਸਮ ਦੇ ਚਿੰਤਕਾਂ ਨੇ ਤਾਂ ਇਸ ਕਹਾਣੀ ਦੇ ਮਾਧਿਅਮ ਰਾਹੀਂ ਵਰਿਆਮ ਦੀ ਸਿਰਜਣਾਤਮਕਤਾ ਨੂੰ ਤ੍ਰੈ-ਕਾਲੀ ਅਮਰਤਾ ਬਖ਼ਸ਼ਣ ਵਰਗੇ ਬਿਆਨ ਦਾਗ਼ ਦਿੱਤੇ ਹਨ। ਵਰਿਆਮ ਦੀ ਪ੍ਰਸ਼ੰਸਾ ਕਰਨ ਲਈ ਅਗਾਊਂ ਗਠਤ ਪੱਕੀ-ਠੱਕੀ ਟੋਲੀ ਦੇ ਬੁਲਾਰੇ ਤਾਂ 'ਨੌਂ ਬਾਰਾਂ ਦਸ' ਵਿਚੋਂ ਲਾ-ਜਵਾਬ ਫੈਂਟਸੀ ਜਿੱਡੀ ਉਡਾਨ ਲੱਭਦੇ ਲੱਭਦੇ ਆਪਣੇ ਪੈਰ ਹੀ ਧਰਤੀ ਤੋਂ ਉਖੇੜ ਬੈਠੇ।

ਦੂਜੇ ਪਾਸੇ ਇਸ ਕਹਾਣੀ ਨੂੰ ਨਾਕਸ ਕਹਿਣ ਵਾਲੇ ਚਿੰਤਕਾਂ ਜਿਸ ਵਿਚ ਦਲਿਤ ਵਰਗ ਦੇ ਲੇਖਕ ਚਿੰਤਕ ਹੀ ਸ਼ਾਮਿਲ ਹਨ, ਪਾਸ ਵੀ ਇਸ ਕਹਾਣੀ ਦੇ ਵਿਰੁੱਧ ਕਹਿਣ ਸੁਣਨ ਲਈ ਨਿੱਗਰ ਆਧਾਰ ਨਹੀਂ ਜਾਪਦਾ। ਇਹ ਸਾਰੇ ਆਪਣੀ ਨਿੱਜੀ ਬਾਤ-ਚੀਤ ਵਿਚ ਤਾਂ 'ਨੌਂ ਬਾਰਾਂ ਦਸ' ਦੀ ਖ਼ੂਬ ਲਾਹ-ਪਾਹ ਕਰਦੇ ਹਨ, ਪਰ ਲਿਖਤੀ ਟਿਪਣੀ ਕਰਨ ਦਾ ਕਿਸੇ ਦਾ ਹੌਸਲਾ ਨਹੀਂ ਪੈਂਦਾ। ਇਹ ਸ਼ਾਇਦ ਉਹਨਾਂ ਦੀ ਹੀਣ-ਭਾਵੀ ਜਾਤ-ਮਾਨਸਿਕਤਾ ਕਰਕੇ ਹੈ। ਉਹ ਤਾਂ ਬੱਸ 'ਚੜ੍ਹੱਮ', 'ਰੋਂਦ ਵੱਜ ਗਿਆ...' ਵਰਗੀਆਂ ਉਕਤੀਆਂ 'ਤੇ ਕੇਂਦ੍ਰਿਤ ਰਹਿ ਕੇ ਜਾਂ ਮਜ਼੍ਹਬੀਆਂ ਘਰ ਜੰਮੇਂ ਅਰਧ-ਵਿਕਸਤ ਨਿੰਦਰ ਦੇ ਵਿਵਿਹਾਰ ਦੇ ਕਹਾਣੀ 'ਚ ਕੀਤੇ ਵਰਨਣ ਨੂੰ ਹੀ ਆਪਣੀ ਤਲਖ਼ੀ ਦਾ ਹਿੱਸਾ ਬਣਾਉਂਦੇ ਹਨ।

ਸਾਹਿਤ ਨੂੰ ਵਾਚਣ/ਪਰਖਣ ਦੇ ਉਪਰੋਕਤ ਦੋਵੇਂ ਆਧਾਰ, ਮੇਰੀ ਜਾਚੇ, ਪੰਜਾਬੀ ਲੇਖਕ- ਜਗਤ ਲਈ ਸ਼ੁਭ-ਸ਼ਗਨ ਨਹੀਂ। ਵਰਿਆਮ ਸਮਰਥਕਾਂ ਨੂੰ ਤੁਹਾਡਾ ਸੰਪਾਦਕੀ 'ਸਿਰਜਣਾਤਮਕਤਾ ਦਾ ਕੋਈ ਬਦਲ ਨਹੀਂ' ਮੁੜ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਉਸਦੇ ਵਿਰੋਧੀ ਗਰੁੱਪ ਨੂੰ 'ਦਲਿਤ ਚੇਤਨਾ ਤੇ ਦਲਿਤ ਸਾਹਿਤ'।


ਲਾਲ ਸਿੰਘ, [ਦਸੂਹਾ]

'ਦਲਿਤ-ਚੇਤਨਾ ਅਤੇ ਦਲਿਤ-ਸਾਹਿਤ' ਬਾਰੇ ਸੰਪਾਦਕੀ ਸਲਾਹੁਣਯੋਗ ਹੈ, ਤੁਸੀਂ ਆਖ਼ਰ ਵਰਣ ਵਿਵਸਥਾ ਦੇ ਸਰਬਵਿਆਪਕ ਵਰਤਾਰੇ ਦੀ ਅਮਨੁੱਖੀ ਭੂਮਿਕਾ ਨੂੰ ਸਵੀਕਾਰ ਕਰ ਲਿਆ ਹੈ। ਇਹ ਇਕ ਚੰਗਾ ਤੇ ਸਾਰਥਿਕ ਕਦਮ ਹੈ। ਜਦ ਇਸ ਨੂੰ ਸਵੀਕਾਰ ਲਿਆ ਹੈ ਤਾਂ ਇਸ ਦੀ ਪੇਚੀਦਗੀ ਬਣਤਰ ਤੇ ਸੁਭਾਅ ਬਾਰੇ ਗੱਲ ਚੱਲੇਗੀ, ਇਸ ਦੇ ਮੂਲ ਕਾਰਨਾਂ ਦਾ ਅਧਿਐਨ ਹੋਏਗਾ ਅਤੇ ਇਸ ਦੇ ਖ਼ਾਤਮੇ ਲਈ ਵਿਚਾਰ ਪਹੁੰਚ ਬਾਰੇ ਵੀ ਕੁਝ ਨਾ ਕੁਝ ਤਾਂ ਲਿਖਿਆ ਜਾਏਗਾ ਹੀ। ਪੰਜਾਬੀ ਸਾਹਿਤ ਵਿਚ ਇਸ ਬਾਰੇ ਅਜੇ ਕੋਈ ਗੰਭੀਰ ਕੋਸ਼ਿਸ਼ਾਂ ਨਹੀਂ ਕੀਤੀਆਂ ਜਾ ਰਹੀਆਂ ਅਤੇ ਇਹ ਮਹਿਜ਼ ਰਾਜਨੀਤੀ ਤੋਂ ਹੀ ਪ੍ਰੇਰਤ ਕੋਸ਼ਿਸ਼ ਹੈ। ਅਤੇ ਨਾ ਹੀ ਇਸ ਦੇ ਦਾਰਸ਼ਨਿਕ ਤੇ ਸਭਿਆਚਾਰਕ ਪੱਖ ਬਾਰੇ ਮਜ਼ਬੂਤੀ ਨਾਲ ਗੱਲ ਹੋ ਰਹੀ ਹੈ। ਇਸ ਸਾਹਿਤ ਦੀ ਸਿਰਜਣਾ ਲਈ ਵਿਗਿਆਨਕ ਤੇ ਮਾਨਵਵਾਦੀ ਨਜ਼ਰੀਆਂ ਤਾਂ ਜ਼ਰੂਰੀ ਹੈ ਹੀ, ਇਸ ਤੋਂ ਅੱਗੇ ਜਾਕੇ ਮੈਂ ਕਹਿਣਾ ਚਾਹਾਗਾਂ ਕਿ ਜ਼ਰੂਰਤ ਹੈ ਅੰਨ੍ਹੀ ਰਾਜਨੀਤਕ ਪ੍ਰਤੀਬੱਧਤਾ ਤੋਂ ਬਚਣ ਬਚਾਉਣ ਦੀ। ਅਜਿਹਾ ਰੌਲਾ ਰੱਪਾ ਇਸ ਸਾਹਿਤਕ ਪਹੁੰਚ ਨੂੰ ਲੋੜੀਦੀਆਂ ਗਹਿਰਾਈਆ ਪ੍ਰਦਾਨ ਨਹੀਂ ਕਰ ਸਕੇਗਾ।

ਗ. ਸ. ਬਲ, [ਜਲੰਧਰ]




## ਅਮਨਪਾਲ ਸਾਰਾ ਦਾ ਦੂਸਰਾ ਕਹਾਣੀ ਸੰਗ੍ਰਹਿ 'ਵੀਹਾਂ ਦਾ ਨੋਟ'




ਅਮਨਪਾਲ ਬਦੇਸ਼ੀ ਪੰਜਾਬੀ ਲੇਖਕਾ ਦੀ ਢਾਣੀ ਦਾ ਮੁਕਾਬਲਤਨ ਨਵਾਂ ਮੈਂਬਰ ਹੈ। ਇਹ ਨਵਾਂਪਨ ਹੀ ਉਸਨੂੰ ਪਹਿਲਿਆਂ ਨਾਲੋਂ ਨਿਖੇੜਦਾ ਹੈ। ਹੋਰਨਾਂ ਕੁਝ ਇਕ 'ਨਵਿਆਂ' ਵਾਂਗ ਅਮਨਪਾਲ ਸਾਰਾ ਨੇ ਸੱਚਮੁੱਚ ਕਹਾਣੀ ਦੀ ਵਸਤੂ-ਸਮੱਗਰੀ ਵਿਚ ਆਪਣੇ ਅਨੁਭਵ ਦੇ ਆਧਾਰ 'ਤੇ ਨਵੀਨਤਾ ਲਿਆਂਦੀ ਹੈ। ਉਹ ਕਿਸੇ ਫਾਰਮੂਲੇ ਤਹਿਤ ਪਰਵਾਸੀ ਜੀਵਨ ਦਾ ਉਪਰਾ ਤੇ ਮਕਾਨਕੀ ਜਿਹਾ ਵੇਰਵਾ ਦੇਣ ਤਕ ਸੀਮਤ ਨਹੀਂ ਰਹਿੰਦਾ।

ਸਮੁੱਚੀ ਕਹਾਣੀ ਦੇ ਕਥਾਨਕ ਵਿਚ ਵੱਖ-ਵੱਖ ਘਟਨਾਵਾਂ ਨੂੰ ਬੀੜਨ, ਮੁਖ ਪ੍ਰਸੰਗ ਦੇ ਨਾਲ ਢੁਕਵੀ ਥਾਂ ਉਤੇ ਉਪ ਪ੍ਰਸੰਗ ਜੋੜਨ, ਪਾਤਰਾਂ ਤੇ ਸਥਿਤੀਆਂ ਅਨੁਸਾਰ ਨੁੱਕਦਾਰ ਭਾਸ਼ਾ ਤੇ ਸੰਵਾਦਾਂ ਦੀ ਵਰਤੋਂ ਕਰਨ, ਯਥਾਰਥਵਾਦ ਦੀ ਸੀਮਾ ਦੇ ਅੰਤਰਗਤ ਬਿਰਤਾਂਤ ਵਿਚ ਕਲਾਤਮਕ ਉਹਲਾ ਬਣਾਈ ਰੱਖਣ, ਸਿਖਰ ਤੇ ਅੰਤ ਨੂੰ ਪੁਰਅਸਰ ਮਰੋੜੀ ਦੇ ਸਕਣ ਵਰਗੀਆਂ ਸਾਰੀਆਂ ਜੁਗਤਾਂ ਦੀ ਚੋਖੀ ਕੁਸ਼ਲ ਵਰਤੋਂ ਦਾ ਪ੍ਰਮਾਣ ਅਮਨਪਾਲ ਦੀਆਂ ਕਹਾਣੀਆਂ ਵਿਚੋਂ ਮਿਲਦਾ ਹੈ।

-ਰਘਬੀਰ ਸਿੰਘ

ਸੁੰਦਰ ਦਿੱਖ ਪੰਨੇ : 128 ਮੁੱਲ : 120 ਰੁਪਏ

**ਰਵੀ ਸਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ**


ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।


ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 30 ਅਪਰੈਲ, 2000

**SIRJANA** Literary Punjabi Quarterly CHANDIGARH

No. 116 April - June 2000

Registered with the Registrar of Newspapers for India vide R.N. 10215/65

## ਦੇਵ ਦੀ ਸਮੁੱਚੀ ਕਵਿਤਾ ਦਾ ਸੰਗ੍ਰਹਿ 'ਹੁਣ ਤੋਂ ਪਹਿਲਾਂ'




ਦੇਵ ਆਪਣੀਆਂ ਕਵਿਤਾਵਾਂ ਵਿਚ ਜਿਸ ਕਾਵਿ-ਚੇਤਨਾ ਨੂੰ ਪ੍ਰਗਟ ਕਰਦਾ ਹੈ ਉਸਦਾ ਆਪਣਾ ਇਕ ਕਾਵਿ-ਸ਼ਾਸਤਰ ਉਸਰ ਆਉਂਦਾ ਹੈ, ਜਿਸ 'ਚੋਂ ਨਵੀਂ ਪੰਜਾਬੀ ਕਵਿਤਾ ਦੀ ਸਮਰੱਥਾ ਸਿੱਧ ਹੁੰਦੀ ਹੈ। ਜਦੋਂ ਉਹ ਇਸ ਕਾਵਿ-ਚੇਤਨਾ ਦਾ ਸੰਚਾਰ ਕਰਦਿਆਂ ਪਰਵਾਸ ਬਾਰੇ, ਸਮਾਜ ਬਾਰੇ, ਪੰਜਾਬ ਬਾਰੇ ਜਾਂ ਹੋਰ ਅਨੁਭਵਾਂ ਬਾਰੇ ਕਵਿਤਾ ਲਿਖਦਾ ਹੈ ਤਾਂ ਉਹ ਉਸ ਕਾਵਿ-ਚੇਤਨਾ ਨੂੰ ਇਕ ਵਿਚਾਰਧਾਰਕ ਅਵਚੇਤਨ ਬਣਾ ਲੈਂਦਾ ਹੈ। ਇਸੇ ਲਈ ਉਸਦੀ ਕਵਿਤਾ 'ਚੋਂ ਉਭਰਦੀ ਪੀੜ ਕਈ ਕਵੀਆਂ ਵਾਂਗ ਨਿਰੀ ਰੈਟਰਿਕ ਨਹੀਂ ਬਣਦੀ।

–ਸੁਤਿੰਦਰ ਸਿੰਘ ਨੂਰ

ਸੁੰਦਰ ਦਿੱਖ | ਪੰਨੇ : 687 | ਮੁੱਲ : 450 ਰੁਪਏ

**ਨਵਯੁਗ ਪਬਲਿਸ਼ਰਜ਼**, ਕੇ-24, ਹੌਜ਼ ਖ਼ਾਸ, ਨਵੀਂ ਦਿੱਲੀ-16